ISSN 2516-9009

# ਅਨਹਦ

ਈ-ਮੈਗਜ਼ੀਨ

ਸਾਲ 3, ਅੰਕ 2
ਅਪ੍ਰੈਲ-ਜੂਨ 2020

ਮੁੱਖ ਸੰਪਾਦਕ
ਪਰਮਿੰਦਰ ਸਿੰਘ ਸ਼ੌਂਕੀ

Coordinator

Gagan Brar (London)
khushwinder74@yahoo.co.uk
KhuswinderBrar, 17 Byron Avenue,
Hounslow, TW4 6LT, London, UK

Chief Editor

Parminder Singh Shonkey
Vill. Fatehgarh Chhanna, (Sangrur)
parmindersinghshonkey@gmail.com

Advisory Panel

Dr. Harpal Singh Pannu
Dr. Ishwar Dayal Gaur
Dr. Bhim Inder Singh
Dr. Jaspal Kaur
Dr. B.S.Chowhan
Dr. Jaswinder Kaur
Dr. Pritam Singh
Dr. Amarjit Singh
Dr. Sarabjeet Singh
Gurpreet (Poet) Mansa
Pardeep
Dr. Kiran
Jasvir Singh Rana

Supporting Panel

Preeti Shelly
Harmandeep Kaur
Simranjeet Kaur
Rajinder Singh
Kind Nahal Singh
Balraj Singh Kokri
Jasvir Singh Longowal
Manjinder Singh
Gurtej Singh
Resham Singh
Shamsher Singh
Prabjot Kaur
Baldeep Singh Ramuwalia
Simran Kaur

Legal Advisor

Adv. Gurshamshir Singh
Punjab & Haryana Hight Court



A Peer Reviewed Punjabi Research Journal
E-mail: anhadmagazine@gmail.com
Website: anhadmagazine.blogspot.com
follow us: www.facebook.com/anhadmagazine
Contact: 94643-46677

ISSN 2516-9009
ਅੰਤਰ ਰਾਸ਼ਟਰੀ ਈ-ਮੈਗਜ਼ੀਨ


# ਅਨਹਦ


ਸਾਲ 3, ਅੰਕ 2
ਅਪ੍ਰੈਲ-ਜੂਨ 2020

I Khuswinder Brar(London) is publishing this E-journal from London.This is a litrary journal. The language of this journal will be Punjabi.



-ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
-ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
-ਅਨਹਦ ਈ-ਮੈਗਜ਼ੀਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋ ਸਕੇਗੀ ।

# ਸੰਪਾਦਕੀ

ਵਰਤਮਾਨ ਸਮਿਆਂ ਦੌਰਾਨ ਵਿਸ਼ਵ ਭਰ ਵਿਚ ਕੋਰੋਨਾ ਵਾਇਰਸ ਨੂੰ ਲੈ ਕੇ ਕਾਫ਼ੀ ਬਹਿਸਾਂ ਚੱਲ ਰਹੀਆਂ ਹਨ. ਇਸ ਲਈ ਇਨ੍ਹਾਂ ਸਾਰੀਆਂ ਬਹਿਸਾਂ ਦਾ ਸਰੂਪ ਵੀ ਬਹੁ ਭਾਂਤੀ ਕਿਸਮ ਦਾ ਹੈ. ਦੁਨੀਆ ਭਰ ਦੇ ਲੋਕ ਇਸ ਬਾਰੇ ਕੀ ਸੋਚਦੇ ਹਨ, ਮੈਂ ਨਹੀਂ ਜਾਣਦਾ, ਪਰ ਸਾਡੇ ਲੋਕਾਂ ਦੇ ਬੌਧਿਕ ਪੱਧਰ ਨੂੰ ਮੈਂ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਵੇਖਦਾ ਆ ਰਿਹਾ ਹਾਂ. ਇੱਥੇ ਇਸ ਸਮੱਸਿਆ ਨੂੰ ਲੈ ਕੇ ਜਿੱਥੇ ਵੱਖ-ਵੱਖ ਅਟਕਲਾਂ ਲਗਾਈਆਂ ਜਾ ਰਹੀਆਂ ਹਨ, ਉੱਥੇ ਹੀ ਆਪਣੀ ਜਾਣੀ-ਪਛਾਣੀ ਮਾਨਸਿਕਤਾ ਕਾਰਨ ਸਾਡੇ ਧਰਮੀ ਤੇ ਅਧਰਮੀ ਕਹਾਉਣ ਵਾਲਿਆਂ ਵਿਚ ਵੀ ਇਕ ਬੇਹੱਦ ਹਲਕੀ ਜਿਹੀ ਕਿਸਮ ਦੀ ਬਹਿਸ ਚੱਲ ਰਹੀ ਹੈ.

ਕਈ ਸੱਜਣਾਂ ਦਾ ਮੰਨਣਾ ਹੈ ਕਿ ਇਸ ਬਿਮਾਰੀ ਵਿਚ ਵੀ ਰੱਬ ਬੰਦੇ ਦੀ ਮਦਦ ਨਹੀਂ ਕਰ ਰਿਹਾ ਤੇ ਕਈ ਸੱਜਣ ਰੱਬ ਦੇ ਬਚਾਅ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਆਪਣਾ ਪੱਖ ਰੱਖ ਰਹੇ ਹਨ. ਦੋਵਾਂ ਕੋਲ ਆਪਣੇ ਆਪਣੇ ਵਿਚਾਰਾਂ ਦੇ ਪੱਖ ਵਿਚ ਬੜੀਆਂ ਗੱਲਾਂ ਹਨ, ਪਰ ਇਨ੍ਹਾਂ ਗੱਲਾਂ ਵਿਚੋਂ ਕੋਈ ਅਜਿਹੀ ਗੱਲ ਵੀ ਹੈ, ਜਿਸ ਦੀ ਵਾਸਤਵ ਵਿਚ ਕੋਈ ਮਹੱਤਤਾ ਹੈ? ਇਸ ਬਾਰੇ ਸਾਡੇ ਲੋਕਾਂ ਕੋਲ ਚਰਚਾ ਕਰਨ ਲਈ ਮੈਂ ਸਮਝਦਾ ਹਾਂ ਨਾ ਤਾਂ ਕੋਈ ਬੌਧਿਕ ਸਮਝ ਹੈ ਨਾ ਹੀ ਉਸ ਸਮਝ ਨੂੰ ਆਧਾਰ ਦੇਣ ਵਾਲਾ ਕੋਈ ਪੈਮਾਨਾ. ਇਸ ਲਈ ਇਸ ਹਾਲ ਵਿਚ ਹਰ ਕੋਈ ਆਪਣੀ ਆਪਣੀ ਡਫਲੀ ਵਜਾ ਰਿਹਾ ਹੈ. —

ਧਰਮ ਤੇ ਵਿਗਿਆਨ ਦੀ ਇਹ ਬਹਿਸ ਕੋਈ ਨਵੀਂ ਨਹੀਂ ਬਹਿਸ ਨਹੀਂ, ਪਰ ਸਾਡੇ ਆਪੂੰ ਬਣੇ ਵਿਚਾਰਕਾਂ/ਵਿਦਵਾਨਾਂ ਕੋਲ ਨਾ ਤਾਂ ਅਤੀਤ ਵਿਚ ਤੇ ਨਾ ਹੀ ਸ਼ਾਇਦ ਵਰਤਮਾਨ ਵਿਚ ਕੋਈ ਸੰਸਾਰੀ ਪੱਧਰ ਦਾ ਕੋਈ ਠੋਸ ਗਿਆਨਾਤਮਿਕ ਵਰਤਾਰਾ ਮੌਜੂਦ ਹੈ, ਨਾ ਉੱਥੋਂ ਤੱਕ ਪੁੱਜਣ ਦੀ ਇੱਛਾ.

ਧਰਮ ਤੇ ਵਿਗਿਆਨ ਦੀ ਇਸ ਰੱਟੀ ਰਟਾਈ ਡਫਲੀ ਦਾ ਸਾਡੇ ਸਮਿਆਂ ’ਚ ਕੀ ਆਧਾਰ ਹੈ? ਇਸ ਬਾਰੇ ਸਾਨੂੰ ਸਾਪੇਖਤਾ, ਕੁਆਂਟਮ, ਸਟਰਿੰਗ ਆਦਿ ਨਵੀਆਂ ਥਿਊਰੀਆਂ ਰਾਹੀਂ ਮੁੜ ਤੋਂ ਜਾਣਨ/ਸਮਝਣ ਦੀ ਲੋੜ ਹੈ. ਮੈਨੂੰ ਪੂਰੀ ਉਮੀਦ ਹੈ ਅਜੋਕੇ ਸਮੇਂ ਵਿਚ ਧਰਮ ਤੇ ਵਿਗਿਆਨ ਨੂੰ ਲੈ ਕੇ ਸਦੀਆਂ ਪੁਰਾਣੀਆਂ ਤੇ ਰੱਦ ਹੋ ਚੁੱਕੀਆਂ ਧਾਰਨਾਵਾਂ ਦੀ ਦੁਹਾਈ ਦੇਣ ਅਤੇ “ਰੱਬ ਦੀ ਮੌਤ” ਦੇ ਨਾਅਰੇ ਲਾਉਣ ਵਾਲਿਆਂ ਨੂੰ ਇਹ ਮੁੜ-ਚਿੰਤਨ ਇਕ ਨਵੀਂ ਨਜ਼ਰ ਪ੍ਰਦਾਨ ਕਰੇਗਾ.

ਪਰਮਿੰਦਰ ਸਿੰਘ ਸ਼ੌਂਕੀ.

# ਤਤਕਰਾ


1. Guru Nanak's 'Universal Humanism' and Slavery in America
Gurwinder Kaur 1

2. ਕੋਰੋਨਾ ਵਾਇਰਸ ਤੋਂ ਬਾਅਦ ਦੁਨੀਆ
ਯੁਵਾਲ ਨੋਆਹ ਹਰਾਰੀ, ਅਨੁ. ਹਰਜੋਤ 6

3. ਪੰਜਾਬੀਅਤ ਦੀ ਮੌਲਿਕਤਾ
ਡਾ. ਦਵਿੰਦਰ ਸਿੰਘ 15

4. ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਪੰਜਾਬੀ ਨਿਮਨ ਕਿਸਾਨੀ
ਡਾ. ਰਵੀ ਨਾਗਪਾਲ 20

5. ਮਾਧਿਅਮਿਕ (ਸੈਕੰਡਰੀ) ਪੱਧਰ ਤੱਕ ਵਿਗਿਆਨ ਅਤੇ ਇਸ ਦਾ ਅਧਿਆਪਨ
ਡਾ. ਸੁਰਿੰਦਰ ਕੁਮਾਰ ਜਿੰਦਲ 26

6. ਜਿਉਣ ਸੱਚ ਬਾਕੀ ਝੂਠ: ਜਿੰਦਗੀ ਦਾ ਰਹੱਸ
ਪ੍ਰੋ. ਪਰਗਟ ਸਿੰਘ ਬਰਾੜ 33

7. ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵਾੜ: ਇਤਿਹਾਸਿਕ ਵਿਸ਼ਲੇਸ਼ਣ
ਬਲਦੀਪ ਸਿੰਘ ਰਾਮੂਵਾਲੀਆ 42

8. ਪੁਰਾਤਨ ਜਨਮਸਾਖੀ ਵਿਚ ਗੁਰਮਤਿ ਫ਼ਿਲਾਸਫੀ
ਡਾ. ਰਾਜਿੰਦਰ ਸਿੰਘ ਸੇਖੋਂ 47

9. ਨਾਨਕ ਬਾਣੀ ਵਿਚ ਦਰਜ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਵਿਚ ਮਹੱਤਤਾ
ਵੀਰਪਾਲ ਕੌਰ 60

10. ਓਅੰਕਾਰੀ ਸਨਾਤਨ ਵਿਧਾਨ ਸਨਮੁੱਖ ਗੁਰਮਤਿ
ਸ਼ਮਸ਼ੇਰ ਸਿੰਘ 64

11. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਗਾਮੀ ਪ੍ਰਭਾਵ: ਇਕ ਅਧਿਐਨ
ਸਿਮਰਜੀਤ ਕੌਰ 73

12. ਸ਼ਿਵ ਕੁਮਾਰ ਬਟਾਲਵੀ: ਲੋਕ ਕਿੱਤਿਆਂ ਦਾ ਕਾਵਿ ਰੂਪਾਂਤਰਨ
ਸੰਦੀਪ ਕੁਮਾਰ ਸਾਂਪਲਾ 83

13. ਪੰਜਾਬ, ਪੰਜਾਬੀ, ਪੰਜਾਬੀਅਤ: ਭਾਸ਼ਾਈ ਪਰਿਪੇਖ
ਅਮਨਦੀਪ ਕੌਰ 91

14. ਆਈ ਕੈਨੇਡਾ ਵਿਆਹੀ: ਸਮਾਜ–ਸਭਿਆਚਾਰਕ ਸਰੋਕਾਰ
ਹਰਦੀਪ ਕੁਮਾਰ 101

15. ਆਰਥਿਕ ਆਤਮ-ਨਿਰਭਰਤਾ ਦੇ ਪੱਖ ਤੋਂ ਔਰਤ ਦੀ ਭੂਮਿਕਾ ਤੇ ਸਥਿਤੀ
ਡਾ. ਮੇਜਰ ਸਿੰਘ 109

16. ਅੱਲਾਮਾ ਇਕਬਾਲ ਦਾ ਮਰਦ-ਏ-ਕਾਮਿਲ "ਗੁਰੂ ਨਾਨਕ"
ਮੂਲ ਰੂਪ (ਉਰਦੂ): ਡਾ. ਕਲਿਆਣ ਸਿੰਘ ਕਲਿਆਣ ਪੰਜਾਬੀ ਰੂਪ: ਮਨਦੀਪ ਕੌਰ 'ਨਸੀਰੇਵਾਲ' 115

17. ਰੋਮਾਂਸਵਾਦੀ ਰਚਨਾ ਜ਼ਿਆਦਾ ਸਮੇਂ ਤੱਕ ਜਿਊਂਦੀ ਨਹੀਂ ਰਹਿ ਸਕਦੀ: ਜਰਨੈਲ ਸਿੰਘ
ਮੁਲਾਕਾਤੀ: ਕਿਰਨ ਮਿਸ਼ਰਾ 120

18. ਬਾਲ ਕਹਾਣੀ: ਭੁੱਖ
ਸਿਮਰਨਜੀਤ ਸਿੰਘ ਸਿਮਰਾ 122

19. ਕਾਵਿ-ਸੰਸਾਰ
ਕੌੜਾ ਸੱਚ: ਗੁਰਵਿੰਦਰ 'ਗੋਸਲ' 123

ਅੱਜ-ਕੱਲ੍ਹ ਗੁਰਦਿੱਤ ਸਿੰਘ ਸੇਖੋਂ 125

ਜਜ਼ਬਾਤ ਡਾ. ਸਨੋਬਰ 126

ਕੰਨਿਆ-ਦਾਨ ਲਵ ਕੁਮਾਰ 'ਸਰਫਰੋਸ਼' 127



# Guru Nanak's 'Universal Humanism' and Slavery in America

Gurwinder Kaur
Assistant Professor of English
Government College, Ropar

A bill was passed by the US state of Massachusetts declaring the November 12th as the World Equality Day to mark the 550th birth Anniversary of Guru Nanak Ji. The third clause of the above mentioned bill read as, …'the Sikh tradition is the movement that strives to the communal hatred and divisions by following the Sacred teachings of Guru Nanak Sahib and his tenets of honest work, chastity and reverence to God;.. The Sikh religion is rooted in the belief that every person is equal regardless of gender, race, sex or creed.' To substantiate the Guru Nanak's call for Universal Humanism Dr. Gurbhagat Singh begins his seminal essay '*Sikhism and Human Rights*' with a banal statement from the key text of Sikhism, the Adi Granth where Guru Nanak warns, "The Guru will support you only if you do not usurp the Other's right" (p.41).

"I forgot that in the land of my birth the shadows are too dense for light to penetrate.," wrote Harriet Ann Jacobs in her *Incidents in the Life of a Slave Girl,* narrating the legacy of memories in America painted in utmost horror that slavery in America had imparted her consciousness with. Slavery in America has its inglorious

incessant struggle for almost three centuries. Generations have witnessed the physical as well psychological tortures like whipping and lynching, dreadful poverty, isolation and separation from the families, forced displacements, sexual exploitation; which were exclusive to the black slave life. The subtle, almost indefinable feeling of repulsion and prejudice toward the Blacks explicit in the mental and physical violence that blacks were subjected to blot the proud evolution of the present Superpower of the World-the United States of America.

Historical enquiry into the practice of slavery reveals that it existed since the ancient times and had its flourishing points in Greece, Rome and Egypt. However, the seventeenth century bears the extreme extension of slavery in the Unites States. The slaves were shipped from Africa to America to gratify the demand for labor. After being sold in the slave markets they were forced to live in depriving and dreadful circumstances. The Emancipation Proclamation of Abraham Lincoln marks itself as an important segment of American Heritage played an important role in the battle for freedom and equality.

The segregation of the community into Whites and Blacks on sharp lines filled the lives of the Blacks with misery. Places like Churches, schools, public conveniences, working places and living spaces saw division based on color. While drawing upon the life of a Black slave, Harriet Ann Jacobs details the tragedy of a slave who is 'entirely unprotected by law or custom'; where the laws reduce a slave to 'the condition of a chattel' and they are 'entirely subject to the will of another'.

While in the parallel world the fifteenth century witnesses the divine coming of Guru Nanak. Sikh poet Bhai Gurdas ji writes '*Chddheya Sodhan Dharat Lokayi..*'. According to him Guru Nanak arrived on this earth Tto pioneer the cause of equality in the country that was devoid of human ethics in the mainstream religions which enjoyed the privilege to be at zenith in that era. Guru Nanak is the divine coming of courage to put forth a more humanitarian religion and faith that kept equality as its core value on the land that was governed by the Varna System and intolerable caste hierarchy. The enslavement of women-who nurtures the generations, was justified and

encouraged through the means of religious conduct for the last 2000 years. William Irvine writes in his *Later Mughals:* In all the paraganas occupied by the Sikhs, the reversal of previous customs was striking and complete.

Guru Nanak inevitably reminds us of his eternal battle against political inequity and oppression on the one side and against the tyranny, superstition and orthodoxy on the other. The established positions were simply endured because they were considered to be immutable and inevitable in the medieval history were unabashedly challenged and questioned by Baba Nanak. The canonization of ritualism in the prevailing society got along excommunication and wrath for the ones you attempted even the slightest departure from the conduct that had been institutionalized. One could see the eroding of the inner spirit and spiritual dislocation leading to a terrible hiatus between the individual consciousness and the society. Guru Nanak with his prophetic crusade questioned the rationale of the establishments that flourished on greed, self-aggrandizement and exploitation.

In Guru Nanak's Sikhi there has always been emphasis on situating oneself in the living world with full consciousness of diversity. Through the proclamation, "He alone makes distinct, whom should we call bad, when all are his creatures." the Guru calls God 'Light' and defines all beings and non-beings as hallowed with this light. Dr. Gurbhagat Singh calls it as 'reconciliation' or in better terms 'joyful meeting of difference and identity.' The hyphenated identity between I and the Other that Martin Buber talks about in his major concepts is not only accepted but transcended in philosophy of Guru Nanak. There is *Babarvaani* in which the Guru uses the "lethal power" of the *shabad* (words/language) to challenge and condemn the evil deeds being put into action by the ruler Babur. Guru Nanak has always impressed upon the structure of the human society that is governed by 'non-egotistical' and 'non-exploitative' principles and maintained its ethical code. One cannot limit the understanding of slavery with the physical confinement only but also the mental confinement that operated on a subtle level and demands equal attention and comprehension. The devastating and peculiar way in which

the slave-system operated; it constrained the captives to forget their past. A 'Collective Amnesia' was forced upon the Black slaves. Literary milestone text '*Roots-The Saga of an American Family*' by American author Alex Haley captures the slave narrative detailing sharply upon the strategy of imposed amnesia through its primary character Kunta Kinte.

The moral edge has to bear the brunt in the hands of material well being and temptation for power. The peculiar imbalances are the consequences of the material desires. West bears the onus for the breakaway from the heritage of spiritual sufficiency that imparted one with a certain kind of certitude and inner strength. Pioneering the act to challenge the psyche that came to be warped by the crippling fatalism and to create ripples in stagnancy in the spiritual and intellectual power houses through the 'Meta-poetry' (*Bani)* was an act that was very much ahead of its time. The darkness and the social decay that the period carried continued for the upcoming centuries too.

The name, the concept and the essence of Nanak are absolute. Guru Nanak stood for the freedom of conscience and expression. He strongly advocated the cause of women and condemned the practice of declaring them impure on the basis of their caste and gender. In addition he never held women in compulsory subjection to men. Guru Nanak's philosophy was not couched in any unintelligible language of the other worldly people. Guru Nanak Saheb posed an audacious challenge to the established beliefs and faiths that came as a ray of liberation, hope and blessing for the ones who were being subjected to the discrimination. The whole of the philosophy revolved around the 'Universal Humanism.' that further formed the ground for the declaration of 'World Equality Day' in the name of Guru Nanak.

After almost three centuries of Guru Nanak's era, Karl Marx tried to bring up that the surplus wealth- more than what one has earned- is the wealth invaded from the working class. The socialism that Guru Nanak put forth is exclusive in the terms that emphasized financial as well as social equity. The *langar* system prevalent at the global level is very much part of the three tenets that serve as foundation of Guru

Nanak's Philosophy of equality. '*haqq praya nanaka us suyar us gaye*'- can be understood invading into someone else's money and sources equals to eating beef to Hindus and *ghosht* to Muslims.

To sum up the Sikh philosophy and its evolution are edified on the eternal power tussle between the forces of rationalism and modernism on the one hand and the forces of ignorance and obscurantism on the other. The basic tenets of the constitution and the human rights- the ideals of justice, liberty, equality and fraternity; these ideals were preached by Guru Nanak centuries ago. With the establishing and evolution of the system of *Guru Ka Langar*- to partake of food from the same kitchen- the ultimate of social equality. No society can dream to establish a superstructure of progress and modernism devoid of stable social order. With this step to declare Guru Sahib's Prakash Purb as 'World Equality Day' clearly shows the acknowledgement and acceptance of Guru Nanak's ideas of 'Universal Humanism.' and it also brings along the hope that America will stay true to its ideal of equality for every everyone .

***

# ਕੋਰੋਨਾ ਵਾਇਰਸ ਤੋਂ ਬਾਅਦ ਦੁਨੀਆ

ਯੁਵਾਲ ਨੋਆਹ ਹਰਾਰੀ

ਅਨੁਵਾਦ: ਹਰਜੋਤ

ਸੰਪਰਕ: 90413-50826

ਦੁਨੀਆ ਭਰ ਦੇ ਇਨਸਾਨਾਂ ਅੱਗੇ ਇਕ ਵੱਡਾ ਸੰਕਟ ਹੈ. ਸਾਡੀ ਪੀੜ੍ਹੀ ਦਾ ਸ਼ਾਇਦ ਇਹ ਸਭ ਤੋਂ ਵੱਡਾ ਸੰਕਟ ਹੈ. ਆਉਣ ਵਾਲੇ ਕੁਝ ਹਫ਼ਤਿਆਂ 'ਚ ਲੋਕ ਤੇ ਸਰਕਾਰਾਂ ਜੋ ਫ਼ੈਸਲੇ ਕਰਨਗੀਆਂ, ਉਨ੍ਹਾਂ ਦੇ ਅਸਰ ਨਾਲ ਦੁਨੀਆ ਦਾ ਹੁਲੀਆ ਆਉਣ ਵਾਲੇ ਸਾਲਾਂ 'ਚ ਬਦਲ ਜਾਵੇਗਾ. ਇਹ ਬਦਲਾਅ ਕੇਵਲ ਸਿਹਤ ਸੇਵਾਵਾਂ 'ਚ ਹੀ ਨਹੀਂ ਬਲਕਿ ਅਰਥ-ਵਿਵਸਥਾ, ਰਾਜਨੀਤੀ ਤੇ ਸੱਭਿਆਚਾਰ 'ਚ ਵੀ ਹੋਣਗੇ. ਸਾਨੂੰ ਤੇਜ਼ੀ ਨਾਲ ਨਿਰਣਾਇਕ ਫੈਸਲੇ ਕਰਨੇ ਪੈਣਗੇ. ਸਾਨੂੰ ਆਪਣੇ ਫ਼ੈਸਲਿਆਂ ਦੇ ਲੰਬੇ ਸਮੇਂ ਤੱਕ ਰਹਿਣ ਵਾਲੇ ਨਤੀਜਿਆਂ ਦੇ ਬਾਰੇ ਵੀ ਸੁਚੇਤ ਰਹਿਣਾ ਪਵੇਗਾ. ਜਦੋਂ ਅਸੀਂ ਵਿਕਲਪਾਂ ਦੇ ਬਾਰੇ ਸੋਚ ਰਹੇ ਹਾਂ ਤਾਂ ਸਾਨੂੰ ਖੁਦ ਤੋਂ ਸਵਾਲ ਪੁੱਛਣਾ ਹੋਵੇਗਾ, ਕੇਵਲ ਇਹੀ ਸਵਾਲ ਨਹੀਂ ਕਿ ਅਸੀਂ ਇਸ ਸੰਕਟ ਤੋਂ ਕਿਵੇਂ ਉਭਰਾਂਗੇ, ਬਲਕਿ ਇਹ ਸਵਾਲ ਵੀ ਕਿ ਇਸ ਤੂਫ਼ਾਨ ਦੇ ਗੁਜ਼ਰ ਜਾਣ ਤੋਂ ਬਾਅਦ ਅਸੀਂ ਕਿਹੋ ਜਿਹੀ ਦੁਨੀਆ 'ਚ ਰਹਾਂਗੇ. ਤੂਫ਼ਾਨ ਗੁਜ਼ਰ ਜਾਵੇਗਾ, ਜ਼ਰੂਰ ਗੁਜ਼ਰ ਜਾਵੇਗਾ, ਮਨੁੱਖ ਜਾਤੀ ਜਿਉਂਦੀ ਰਹੇਗੀ, ਸਾਡੇ 'ਚੋਂ ਜ਼ਿਆਦਾਤਰ ਜ਼ਿਉਂਦੇ ਬਚ ਜਾਣਗੇ ਪਰ ਅਸੀਂ ਇਕ ਬਦਲੀ ਹੋਈ ਦੁਨੀਆ 'ਚ ਰਹਿ ਰਹੇ ਹੋਵਾਂਗੇ.

ਐਮਰਜੈਂਸੀ 'ਚ ਚੁੱਕੇ ਗਏ ਬਹੁਤ ਸਾਰੇ ਕਦਮ ਜ਼ਿੰਦਗੀ ਦਾ ਹਿੱਸਾ ਬਣ ਜਾਣਗੇ. ਇਹ ਐਮਰਜੈਂਸੀ ਦੀ ਫ਼ਿਤਰਤ ਹੈ, ਉਹ ਇਤਿਹਾਸਿਕ ਪ੍ਰਕਿਰਿਆਵਾਂ ਨੂੰ ਫ਼ਾਸਟ ਫਾਰਵਰਡ ਕਰ ਦਿੰਦੀ ਹੈ. ਅਜਿਹੇ ਫ਼ੈਸਲੇ ਜਿਨ੍ਹਾਂ ਉੱਤੇ ਆਮ ਤੌਰ 'ਤੇ ਵਰ੍ਹਿਆਂ ਤੱਕ ਵਿਚਾਰ-ਚਰਚਾ ਚੱਲਦੀ ਹੈ, ਐਮਰਜੈਂਸੀ 'ਚ ਉਹ ਫ਼ੈਸਲੇ ਕੁਝ ਘੰਟਿਆਂ 'ਚ ਹੋ ਜਾਂਦੇ ਹਨ. ਅਪੂਰਨ ਤੇ ਖ਼ਤਰਨਾਕ ਤਕਨਾਲੋਜੀ ਨੂੰ ਵੀ ਕੰਮ 'ਤੇ ਲਗਾ ਦਿੱਤਾ ਜਾਂਦਾ ਹੈ, ਕਿਉਂਕਿ ਕੁਝ ਨਾ ਕਰਨ ਦੇ ਖ਼ਤਰੇ ਕਿਤੇ ਜ਼ਿਆਦਾ ਵੱਡੇ ਹੋ ਸਕਦੇ ਹਨ. ਪੂਰੇ ਦੇਸ਼ ਦੇ ਨਾਗਰਿਕ ਵਿਸ਼ਾਲ ਸਮਾਜਿਕ ਪ੍ਰਯੋਗਾਂ ਦੇ ਚੂਹਿਆਂ 'ਚ ਤਬਦੀਲ ਹੋ ਜਾਂਦੇ ਹਨ. ਮਿਸਾਲ ਵਜੋਂ, ਕੀ ਹੋਵੇਗਾ ਜਦੋਂ ਸਾਰੇ ਲੋਕ ਘਰਾਂ ਤੋਂ ਹੀ ਕੰਮ ਕਰਨਗੇ ਤੇ ਕੇਵਲ ਦੂਰ ਤੋਂ ਹੀ ਸੰਵਾਦ ਕਰਨਗੇ? ਕੀ ਹੋਵੇਗਾ ਜਦੋਂ ਸਾਰੀਆਂ ਸਿੱਖਿਆ ਸੰਸਥਾਵਾਂ ਆਨਲਾਈਨ ਹੋ ਜਾਣਗੀਆਂ? ਆਮ ਦਿਨਾਂ 'ਚ ਸਰਕਾਰਾਂ, ਵਪਾਰ ਤੇ ਸੰਸਥਾਵਾਂ ਅਜਿਹੇ ਪ੍ਰਯੋਗਾਂ

ਲਈ ਤਿਆਰ ਨਹੀਂ ਹੋਣਗੀਆਂ, ਪਰ ਇਹ ਆਮ ਸਮਾਂ ਨਹੀਂ ਹੈ. ਸੰਕਟ ਦੇ ਇਸ ਸਮੇਂ 'ਚ ਅਸੀਂ ਦੋ ਬਹੁਤ ਅਹਿਮ ਫ਼ੈਸਲੇ ਕਰਨੇ ਹਨ. ਪਹਿਲਾ ਤਾਂ ਅਸੀਂ ਸਰਵ-ਅਧਿਕਾਰਵਾਦੀ ਨਿਗਰਾਨੀ ਵਿਵਸਥਾ ਤੇ ਨਾਗਰਿਕ ਸਸ਼ਕਤੀਕਰਨ 'ਚੋਂ ਇਕ ਨੂੰ ਚੁਣਨਾ ਹੈ. ਦੂਜੀ ਚੋਣ ਅਸੀਂ ਰਾਸ਼ਟਰਵਾਦੀ ਵਖਰੇਵਾਂ ਤੇ ਵਿਸ਼ਵ ਇਕਜੁੱਟਤਾ ਦੇ ਵਿਚਕਾਰ ਕਰਨੀ ਹੈ.

ਮਹਾਂਮਾਰੀ ਨੂੰ ਰੋਕਣ ਲਈ ਪੂਰੀ ਆਬਾਦੀ ਨੂੰ ਤੈਅ ਨਿਯਮਾਂ ਦਾ ਪੂਰੀ ਤਰ੍ਹਾਂ ਪਾਲਣ ਕਰਨਾ ਹੁੰਦਾ ਹੈ. ਇਸ ਨੂੰ ਹਾਸਿਲ ਕਰਨ ਦੇ ਦੋ ਮੁੱਖ ਤਰੀਕੇ ਹਨ. ਪਹਿਲਾ ਤਰੀਕਾ ਇਹ ਹੈ ਕਿ ਸਰਕਾਰ ਲੋਕਾਂ ਦੀ ਨਿਗਰਾਨੀ ਕਰੇ ਤੇ ਜੋ ਲੋਕ ਨਿਯਮ ਤੋੜਨ ਉਨ੍ਹਾਂ ਨੂੰ ਦੰਡ ਦੇਵੇ. ਅੱਜ ਦੀ ਤਾਰੀਖ਼ 'ਚ ਮਨੁੱਖਤਾ ਦੇ ਇਤਿਹਾਸ 'ਚ ਤਕਨਾਲੋਜੀ ਨੇ ਇਸ ਨੂੰ ਪਹਿਲੀ ਵਾਰ ਸੰਭਵ ਬਣਾ ਦਿੱਤਾ ਹੈ ਕਿ ਹਰ ਨਾਗਰਿਕ ਦੀ ਹਰ ਸਮੇਂ ਨਿਗਰਾਨੀ ਕੀਤੀ ਜਾ ਸਕੇ. 50 ਸਾਲ ਪਹਿਲਾਂ ਰੂਸੀ ਖੁਫ਼ੀਆ ਏਜੰਸੀ ਕੇ.ਜੀ.ਬੀ. 24 ਕਰੋੜ ਸੋਵੀਅਤ ਨਾਗਰਿਕਾਂ ਦੀ 24 ਘੰਟੇ ਨਿਗਰਾਨੀ ਨਹੀਂ ਕਰ ਪਾਉਂਦੀ ਸੀ. ਕੇ.ਜੀ.ਬੀ. ਇਨਸਾਨੀ ਏਜੰਟਾਂ ਤੇ ਵਿਸ਼ਲੇਸ਼ਕਾਂ ਉੱਤੇ ਨਿਰਭਰ ਸੀ ਤੇ ਹਰ ਵਿਅਕਤੀ ਦੇ ਪਿੱਛੇ ਇਕ ਏਜੰਟ ਲਗਾਉਣਾ ਸੰਭਵ ਨਹੀਂ ਸੀ. ਹੁਣ ਇਨਸਾਨੀ ਜਾਸੂਸ ਦੀ ਜ਼ਰੂਰਤ ਨਹੀਂ, ਹਰ ਜਗ੍ਹਾ ਮੌਜੂਦ ਸਰਵ-ਵਿਆਪੀ ਸੈਂਸਰਾਂ ਤੇ ਪ੍ਰਤੀਕ-ਗਣਿਤ (ਐਲਗੋਰਿਥਮ) ਉੱਤੇ ਸਰਕਾਰਾਂ ਨਿਰਭਰ ਕਰ ਸਕਦੀਆਂ ਹਨ.

ਕੋਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਬਹੁਤ ਸਾਰੀਆਂ ਸਰਕਾਰਾਂ ਨੇ ਨਿਗਰਾਨੀ ਦੇ ਨਵੇਂ ਉਪਕਰਣ ਤੇ ਵਿਵਸਥਾਵਾਂ ਲਾਗੂ ਕਰ ਦਿੱਤੀਆਂ ਹਨ. ਇਸ 'ਚ ਸਭ ਤੋਂ ਖਾਸ ਮਾਮਲਾ ਚੀਨ ਦਾ ਹੈ. ਲੋਕਾਂ ਦੇ ਸਮਾਰਟ ਫ਼ੋਨ ਨੂੰ ਡੂੰਘਾਈ ਨਾਲ ਮੋਨੀਟਰ ਕਰ ਕੇ, ਲੱਖਾਂ ਕੈਮਰਿਆਂ ਦੇ ਰਾਹੀਂ, ਚਿਹਰੇ ਪਹਿਚਾਨਣ ਵਾਲੀ ਤਕਨਾਲੋਜੀ ਦੀ ਵਰਤੋਂ ਕਰ ਕੇ, ਲੋਕਾਂ ਦੇ ਸਰੀਰ ਦਾ ਤਾਪਮਾਨ ਲੈ ਕੇ, ਬਿਮਾਰ ਲੋਕਾਂ ਦੀ ਰਿਪੋਰਟਿੰਗ ਨੂੰ ਸਖਤ ਬਣਾ ਕੇ ਸੰਦੇਹਜਨਕ ਲੋਕਾਂ ਦੀ ਪਹਿਚਾਣ ਕੀਤੀ ਗਈ. ਇਹੀ ਨਹੀਂ, ਉਨ੍ਹਾਂ ਦੇ ਆਉਣ-ਜਾਣ ਨੂੰ ਟਰੈਕ ਕੀਤਾ ਗਿਆ ਤਾਂਕਿ ਪਤਾ ਲੱਗ ਸਕੇ ਕਿ ਉਹ ਕਿਹੜੇ ਲੋਕਾਂ ਨਾਲ ਮਿਲੇ-ਜੁਲੇ ਹਨ. ਅਜਿਹੇ ਮੋਬਾਇਲ ਐਪ ਵੀ ਹਨ, ਜੋ ਰੋਗ-ਗ੍ਰਸਤ ਹੋਣ ਦੀ ਆਸ਼ੰਕਾ ਵਾਲੇ ਲੋਕਾਂ ਦੀ ਪਹਿਚਾਣ ਕਰ ਕੇ ਨਾਗਰਿਕਾਂ ਨੂੰ ਖ਼ਬਰਦਾਰ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਤੋਂ ਦੂਰ ਰਹੋ.

ਅਜਿਹੀ ਤਕਨਾਲੋਜੀ ਚੀਨ ਤੱਕ ਹੀ ਸੀਮਿਤ ਨਹੀਂ ਹੈ. ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਕੋਰੋਨਾ ਰੋਗਗ੍ਰਸਤ ਵਿਅਕਤੀਆਂ ਨੂੰ ਟਰੈਕ (ਚਿੰਨ੍ਹਤ) ਕਰਨ ਲਈ ਉਸ ਤਕਨੀਕ ਨੂੰ ਲਗਾਉਣ ਦਾ ਆਦੇਸ਼ ਦਿੱਤਾ ਹੈ, ਜਿਸ ਨੂੰ ਹੁਣ ਤੱਕ ਕੇਵਲ ਅੱਤਵਾਦ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ. ਜਦੋਂ ਸੰਸਦੀ ਕਮੇਟੀ ਨੇ ਇਸ ਦੀ ਆਗਿਆ

ਦੇਣ ਤੋਂ ਇਨਕਾਰ ਕੀਤਾ ਤਾਂ ਨੇਤਨਯਾਹੂ ਨੇ ਇਸ ਨੂੰ ਐਮਰਜੈਂਸੀ ਤਾਕਤ ਦੇ ਨਾਲ ਇਕ ਤਰ੍ਹਾਂ ਠੋਕਰ ਮਾਰ ਕੇ ਪਰ੍ਹਾਂ ਕਰ ਦਿੱਤਾ.

ਤੁਸੀਂ ਕਹਿ ਸਕਦੇ ਹੋ ਕਿ ਇਸ 'ਚ ਨਵਾਂ ਕੁਝ ਵੀ ਨਹੀਂ ਹੈ. ਪਿਛਲੇ ਕੁਝ ਸਾਲਾਂ 'ਚ ਸਰਕਾਰਾਂ ਤੇ ਵੱਡੀਆਂ ਕੰਪਨੀਆਂ ਲੋਕਾਂ ਨੂੰ ਚਿੰਨ੍ਹਤ ਕਰਨ, ਨਿਗਰਾਨੀ ਕਰਨ ਤੇ ਆਪਣੇ ਹਿਤਾਂ ਮੁਤਾਬਿਕ ਵਰਤਣ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਦੀਆਂ ਰਹੀਆਂ ਹਨ. ਪਰ ਜੇ ਅਸੀਂ ਸੁਚੇਤ ਨਾ ਹੋਏ ਤਾਂ ਇਹ ਮਹਾਂਮਾਰੀ ਸਰਕਾਰੀ ਨਿਗਰਾਨੀ ਦੇ ਮਾਮਲੇ 'ਚ ਇਕ ਮੀਲ-ਪੱਥਰ ਸਾਬਿਤ ਹੋਵੇਗੀ. ਉਨ੍ਹਾਂ ਦੇਸ਼ਾਂ 'ਚ ਅਜਿਹੀ ਵਿਆਪਕ ਨਿਗਰਾਨੀ ਵਿਵਸਥਾ ਨੂੰ ਲਾਗੂ ਕਰਨਾ ਸੌਖਾ ਹੋ ਜਾਵੇਗਾ ਜੋ ਹੁਣ ਤੱਕ ਇਸ ਤੋਂ ਇਨਕਾਰ ਕਰਦੇ ਰਹੇ ਹਨ. ਇਹੀ ਨਹੀਂ, ਇਹ "ਓਵਰ ਦ ਸਕਿਨ" ਨਿਗਰਾਨੀ ਦੀ ਜਗ੍ਹਾ "ਅੰਡਰ ਦ ਸਕਿਨ" ਨਿਗਰਾਨੀ 'ਚ ਬਦਲ ਜਾਵੇਗਾ.

ਹੁਣ ਤੱਕ ਤਾਂ ਇਹ ਹੁੰਦਾ ਹੈ ਕਿ ਜਦੋਂ ਤੁਹਾਡੀ ਉਂਗਲੀ ਸਮਾਰਟ ਫ਼ੋਨ ਤੋਂ ਇਕ ਲਿੰਕ ਉੱਤੇ ਕਲਿੱਕ ਕਰਦੀ ਹੈ ਤਾਂ ਸਰਕਾਰ ਜਾਨਣਾ ਚਾਹੁੰਦੀ ਹੈ ਕਿ ਤੁਸੀਂ ਕੀ ਦੇਖ-ਪੜ੍ਹ ਰਹੇ ਹੋ, ਪਰ ਕੋਰੋਨਾ ਵਾਇਰਸ ਤੋਂ ਬਾਅਦ ਹੁਣ ਇੰਟਰਨੈੱਟ ਦਾ ਫੋਕਸ ਬਦਲ ਜਾਵੇਗਾ. ਹੁਣ ਸਰਕਾਰ ਤੁਹਾਡੀ ਉਂਗਲੀ ਦਾ ਤਾਪਮਾਨ ਤੇ ਚਮੜੀ ਦੇ ਥੱਲੇ ਦਾ ਬਲੱਡ ਪ੍ਰੈਸ਼ਰ ਵੀ ਜਾਨਣ ਲੱਗੇਗੀ.

ਨਿਗਰਾਨੀ ਦੇ ਮਾਮਲੇ 'ਚ ਦਿੱਕਤ ਇਹੀ ਹੈ ਕਿ ਸਾਡੇ 'ਚੋਂ ਕੋਈ ਪੱਕੇ ਤੌਰ 'ਤੇ ਨਹੀਂ ਜਾਣਦਾ ਕਿ ਸਾਡੇ ਉੱਪਰ ਕਿਸ ਤਰ੍ਹਾਂ ਦੀ ਨਿਗਰਾਨੀ ਰੱਖੀ ਜਾ ਰਹੀ ਹੈ ਤੇ ਆਉਣ ਵਾਲੇ ਸਾਲਾਂ 'ਚ ਉਸ ਦਾ ਰੂਪ ਕੀ ਹੋਵੇਗਾ. ਨਿਗਰਾਨੀ ਤਕਨਾਲੋਜੀ ਤੂਫ਼ਾਨੀ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ. 10 ਸਾਲ ਪਹਿਲਾਂ ਤੱਕ ਜਿਹੋ ਜਿਹੀ ਵਿਗਿਆਨ-ਫਿਕਸ਼ਨ ਪ੍ਰਤੀਤ ਹੁੰਦੀ ਸੀ, ਉਹ ਅੱਜ ਪੁਰਾਣੀ ਖ਼ਬਰ ਹੈ. ਸੋਚਣ ਦੀ ਸੁਵਿਧਾ ਲਈ ਮੰਨ ਲਓ ਕਿ ਕੋਈ ਸਰਕਾਰ ਆਪਣੇ ਨਾਗਰਿਕਾਂ ਨੂੰ ਕਹੇ ਕਿ ਸਾਰੇ ਲੋਕਾਂ ਨੂੰ ਇਕ ਬਾਇਓਮੈਟ੍ਰਿਕ ਬ੍ਰੈਸਲੇਟ ਪਹਿਨਣਾ ਜ਼ਰੂਰੀ ਹੋਵੇਗਾ, ਜੋ ਸਰੀਰ ਦਾ ਤਾਪਮਾਨ ਤੇ ਦਿਲ ਦੀ ਧੜਕਨ ਨੂੰ 24 ਘੰਟੇ ਮੋਨੀਟਰ ਕਰਦਾ ਰਹੇਗਾ. ਬ੍ਰੈਸਲੇਟ ਤੋਂ ਮਿਲਣ ਵਾਲਾ ਡਾਟਾ ਸਰਕਾਰੀ ਐਲਗੋਰਿਥਮ 'ਚ ਜਾਂਦਾ ਰਹੇਗਾ ਤੇ ਉਸ ਦਾ ਵਿਸ਼ਲੇਸ਼ਣ ਹੁੰਦਾ ਰਹੇਗਾ. ਤੁਹਾਨੂੰ ਪਤਾ ਲੱਗੇ ਕਿ ਤੁਸੀਂ ਬਿਮਾਰ ਹੋਂ, ਇਸ ਤੋਂ ਪਹਿਲਾਂ ਸਰਕਾਰ ਨੂੰ ਪਤਾ ਹੋਵੇਗਾ ਕਿ ਤੁਹਾਡੀ ਤਬੀਅਤ ਠੀਕ ਨਹੀਂ ਹੈ. ਸਿਸਟਮ ਨੂੰ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਕਿੱਥੇ-ਕਿੱਥੇ ਗਏ, ਕਿਸ-ਕਿਸ ਨੂੰ ਮਿਲੇ, ਇਸ ਤਰ੍ਹਾਂ ਛੂਤ ਦੇ ਰੋਗ ਦੀ ਲੜੀ ਨੂੰ ਛੋਟਾ ਕੀਤਾ ਜਾ ਸਕੇਗਾ ਜਾਂ ਕਈ ਵਾਰ ਤੋੜਿਆ ਜਾ

ਸਕੇਗਾ. ਇਸ ਤਰ੍ਹਾਂ ਦਾ ਸਿਸਟਮ ਕਿਸੇ ਮਹਾਂਮਾਰੀ ਨੂੰ ਕੁਝ ਹੀ ਦਿਨਾਂ 'ਚ ਖਤਮ ਕਰ ਸਕਦਾ ਹੈ, ਸੁਣਨ 'ਚ ਬਹੁਤ ਚੰਗਾ ਲੱਗਦਾ ਹੈ, ਹੈ ਨਾ?

ਹੁਣ ਇਸ ਦੇ ਖ਼ਤਰੇ ਨੂੰ ਸਮਝੋ, ਇਹ ਇਕ ਖੌਫ਼ਨਾਕ ਨਿਗਰਾਨੀ ਰਾਜ ਦੀ ਸ਼ੁਰੂਆਤ ਕਰੇਗਾ. ਮਿਸਾਲ ਵਜੋਂ, ਜੇਕਰ ਤੁਹਾਨੂੰ ਇਹ ਪਤਾ ਹੋਵੇ ਕਿ ਮੈਂ ਫ਼ਾਕਸ ਨਿਊਜ਼ ਦੀ ਜਗ੍ਹਾ ਸੀਐਨਐਨ ਦੇ ਲਿੰਕ 'ਤੇ ਕਲਿੱਕ ਕੀਤਾ ਹੈ ਤਾਂ ਤੁਸੀਂ ਮੇਰੇ ਰਾਜਨੀਤਿਕ ਵਿਚਾਰਾਂ ਤੇ ਇੱਥੋਂ ਤੱਕ ਕਿ ਕੁਝ ਹੱਦ ਤੱਕ ਮੇਰੇ ਵਿਅਕਤਿਤਵ (ਸ਼ਖ਼ਸੀਅਤ) ਨੂੰ ਸਮਝ ਸਕੋਗੇ, ਪਰ ਜੇਕਰ ਤੁਸੀਂ ਇਕ ਵੀਡਿਓ ਕਲਿੱਪ ਦੇਖਣ ਦੇ ਦੌਰਾਨ ਮੇਰੇ ਸਰੀਰ ਦੇ ਤਾਪਮਾਨ, ਬਲੱਡ ਪ੍ਰੈਸ਼ਰ ਤੇ ਹਾਰਟ ਰੇਟ ਨੂੰ ਮੋਨੀਟਰ ਕਰ ਰਹੇ ਹੋ ਤਾਂ ਤੁਸੀਂ ਜਾਣ ਸਕਦੇ ਹੋ ਕਿ ਮੈਨੂੰ ਕਿਹੜੀਆਂ ਗੱਲਾਂ ਉੱਤੇ ਗੁੱਸਾ, ਹਾਸਾ ਜਾਂ ਰੋਣਾ ਆਉਂਦਾ ਹੈ.

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁੱਸਾ, ਖੁਸ਼ੀ, ਅਕੇਵਾਂ ਤੇ ਪਿਆਰ ਇਕ ਜੈਵਿਕ ਪ੍ਰਕਿਰਿਆ ਹੈ, ਬਿਲਕੁਲ ਬੁਖ਼ਾਰ ਤੇ ਖੰਘ ਦੀ ਤਰ੍ਹਾਂ. ਜੋ ਤਕਨਾਲੋਜੀ ਖੰਘ ਦਾ ਪਤਾ ਲਗਾ ਸਕਦੀ ਹੈ, ਉਹ ਹਾਸਿਆਂ ਦਾ ਵੀ ਪਤਾ ਲਗਾ ਸਕਦੀ ਹੈ. ਜੇਕਰ ਸਰਕਾਰਾਂ ਤੇ ਵੱਡੀਆਂ ਕੰਪਨੀਆਂ ਨੂੰ ਵੱਡੇ ਪੈਮਾਨੇ 'ਤੇ ਸਾਡਾ ਡਾਟਾ ਜੁਟਾਉਣ ਦੀ ਆਜ਼ਾਦੀ ਮਿਲ ਜਾਵੇਗੀ ਤਾਂ ਉਹ ਸਾਡੇ ਬਾਰੇ ਸਾਡੇ ਤੋਂ ਬਿਹਤਰ ਜਾਣਨ ਲੱਗਣਗੇ. ਉਹ ਸਾਡੀਆਂ ਭਾਵਨਾਵਾਂ ਦਾ ਅੰਦਾਜ਼ਾ ਪਹਿਲਾਂ ਹੀ ਲਗਾ ਸਕਣਗੇ, ਇਹੀ ਨਹੀਂ, ਉਹ ਸਾਡੀਆਂ ਭਾਵਨਾਵਾਂ ਨਾਲ ਖਿਲਵਾੜ੍ਹ ਵੀ ਕਰ ਸਕਣਗੇ, ਉਹ ਜੋ ਚਾਹੁਣਗੇ ਸਾਨੂੰ ਵੇਚ ਸਕਣਗੇ– ਚਾਹੇ ਉਹ ਇਕ ਉਤਪਾਦ ਹੋਵੇ ਜਾਂ ਕੋਈ ਸਿਆਸਤਦਾਨ. ਬਾਇਓਮੈਟ੍ਰਿਕ ਨਿਗਰਾਨੀ ਤੋਂ ਬਾਅਦ ਕੈਮਬ੍ਰਿਜ ਐਨਾਲਿਟਿਕਾ ਪਾਸ਼ਾਣ ਯੁੱਗ ਦੀ ਤਾਕਨੋਲੋਜੀ ਲੱਗਣ ਲੱਗੇਗੀ. ਕਲਪਨਾ ਕਰੋ, ਉੱਤਰ ਕੋਰੀਆ 'ਚ 2030 ਤੱਕ ਹਰ ਨਾਗਰਿਕ ਨੂੰ ਬਾਇਓਮੈਟ੍ਰਿਕ ਬ੍ਰੈਸਲੇਟ ਪਹਿਨਾ ਦਿੱਤਾ ਗਿਆ ਹੈ. ਮਹਾਨ ਲੀਡਰ ਦਾ ਭਾਸ਼ਣ ਸੁਣਨ ਤੋਂ ਬਾਅਦ ਜਿਨ੍ਹਾਂ ਦਾ ਬ੍ਰੈਸਲੇਟ ਦੱਸੇਗਾ ਕਿ ਉਨ੍ਹਾਂ ਨੂੰ ਗੁੱਸਾ ਆ ਰਿਹਾ ਸੀ, ਉਨ੍ਹਾਂ ਦਾ ਤਾਂ ਹੋ ਗਿਆ ਕੰਮ ਤਮਾਮ.

ਤੁਸੀਂ ਕਹਿ ਸਕਦੇ ਹੋ ਕਿ ਬਾਇਓਮੈਟ੍ਰਿਕ ਨਿਗਰਾਨੀ ਐਮਰਜੈਂਸੀ ਦੇ ਨਾਲ ਨਿਪਟਣ ਦੀ ਇਕ ਅਸਥਾਈ ਵਿਵਸਥਾ ਹੋਵੇਗੀ. ਜਦੋਂ ਐਮਰਜੈਂਸੀ ਖਤਮ ਹੋ ਜਾਵੇਗੀ ਤਾਂ ਇਸ ਨੂੰ ਹਟਾ ਦਿੱਤਾ ਜਾਵੇਗਾ, ਪਰ ਅਸਥਾਈ ਵਿਵਸਥਾਵਾਂ ਦੀ ਇਕ ਗੰਦੀ ਆਦਤ ਹੁੰਦੀ ਹੈ ਕਿ ਉਹ ਐਮਰਜੈਂਸੀ ਤੋਂ ਬਾਅਦ ਵੀ ਬਣੀਆਂ ਰਹਿੰਦੀਆਂ ਹਨ, ਵੈਸੇ ਵੀ ਨਵੀਂ ਐਮਰਜੈਂਸੀ ਦਾ ਖ਼ਤਰਾ ਬਣਿਆ ਰਹਿੰਦਾ ਹੈ. ਮਿਸਾਲ ਦੇ ਤੌਰ 'ਤੇ ਮੇਰੇ ਆਪਣੇ ਦੇਸ਼ ਇਜ਼ਰਾਈਲ 'ਚ 1948 'ਚ ਆਜ਼ਾਦੀ ਦੀ ਲੜਾਈ ਦੇ ਦੌਰਾਨ ਐਮਰਜੈਂਸੀ ਲਗਾਈ ਗਈ ਸੀ, ਜਿਸ ਦੇ ਤਹਿਤ ਬਹੁਤ ਸਾਰੀਆਂ ਅਸਥਾਈ

ਵਿਵਸਥਾਵਾਂ ਕੀਤੀਆਂ ਗਈਆਂ ਸੀ, ਪ੍ਰੈੱਸ ਸੈਂਸਰਸ਼ਿੱਪ ਤੋਂ ਲੈ ਕੇ ਪੁਡਿੰਗ ਬਣਾਉਣ ਲਈ ਲੋਕਾਂ ਦੀ ਜ਼ਮੀਨ ਜ਼ਬਤ ਕਰਨ ਨੂੰ ਸਹੀ ਠਹਿਰਾਇਆ ਗਿਆ ਸੀ. ਜੀ, ਪੁਡਿੰਗ ਬਣਾਉਣ ਲਈ, ਮੈਂ ਮਜ਼ਾਕ ਨਹੀਂ ਕਰ ਰਿਹਾ. ਆਜ਼ਾਦੀ ਦੀ ਲੜਾਈ ਕਦੋਂ ਦੀ ਜਿੱਤੀ ਜਾ ਚੁੱਕੀ ਹੈ, ਪਰ ਇਜ਼ਰਾਈਲ ਨੇ ਕਦੇ ਨਹੀਂ ਕਿਹਾ ਕਿ ਐਮਰਜੈਂਸੀ ਖਤਮ ਹੋ ਗਈ ਹੈ. 1948 ਦੇ ਅਨੇਕ ਅਸਥਾਈ ਕਦਮ ਹੁਣ ਤੱਕ ਲਾਗੂ ਹਨ, ਉਨ੍ਹਾਂ ਨੂੰ ਹਟਾਇਆ ਨਹੀਂ ਗਿਆ. ਸ਼ੁਕਰ ਹੈ ਕਿ 2011 ’ਚ ਪੁਡਿੰਗ ਬਣਾਉਣ ਲਈ ਜ਼ਮੀਨ ਖੋਹਣ ਦਾ ਸਰਕਾਰੀ ਹੁਕਮ ਖਤਮ ਕੀਤਾ ਗਿਆ.

ਜਦੋਂ ਕੋਰੋਨਾ ਵਾਇਰਸ ਦੀ ਲਾਗ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ ਤਾਂ ਵੀ ਡਾਟਾ ਦੀਆਂ ਭੁੱਖੀਆਂ ਸਰਕਾਰਾਂ ਬਾਇਓਮੈਟ੍ਰਿਕ ਨਿਗਰਾਨੀ ਨੂੰ ਹਟਾਉਣ ਤੋਂ ਇਨਕਾਰ ਕਰ ਸਕਦੀਆਂ ਹਨ, ਸਰਕਾਰਾਂ ਦੀ ਦਲੀਲ ਹੋ ਸਕਦੀ ਹੈ ਕਿ ਕੋਰੋਨਾ ਵਾਇਰਸ ਦਾ ਦੂਸਰਾ ਦੌਰ ਆ ਸਕਦਾ ਹੈ, ਜਾਂ ਅਫਰੀਕਾ ’ਚ ਇਬੋਲਾ ਦੁਬਾਰਾ ਫੈਲ ਰਿਹਾ ਹੈ, ਜਾਂ ਕੁਝ ਹੋਰ... ਤੁਸੀਂ ਸਮਝ ਸਕਦੇ ਹੋ. ਸਾਡੀ ਨਿੱਜਤਾ ਨੂੰ ਲੈ ਕੇ ਇਕ ਬਹੁਤ ਜ਼ੋਰਦਾਰ ਲੜਾਈ ਪਿਛਲੇ ਕੁਝ ਸਾਲਾਂ ਤੋਂ ਛਿੜੀ ਹੋਈ ਹੈ. ਕੋਰੋਨਾ ਵਾਇਰਸ ਦਾ ਸੰਕਟ ਇਸ ਲੜਾਈ ਦਾ ਨਿਰਣਾਇਕ ਮੋੜ ਹੋ ਸਕਦਾ ਹੈ. ਜਦੋਂ ਲੋਕਾਂ ਨੂੰ ਨਿੱਜਤਾ ਤੇ ਸਿਹਤ ’ਚੋਂ ਇਕ ਨੂੰ ਚੁਣਨਾ ਪਿਆ ਤਾਂ ਜ਼ਾਹਿਰ ਹੈ ਕਿ ਉਹ ਸਿਹਤ ਨੂੰ ਚੁਣਨਗੇ.

ਦਰਅਸਲ, ਲੋਕਾਂ ਨੂੰ ਸਿਹਤ ਤੇ ਨਿੱਜਤਾ ’ਚੋਂ ਇਕ ਨੂੰ ਚੁਣਨ ਲਈ ਕਹਿਣਾ ਹੀ ਸਮੱਸਿਆ ਦੀ ਜੜ੍ਹ ਹੈ ਕਿਉਂਕਿ ਇਹ ਸਹੀ ਨਹੀਂ ਹੈ. ਅਸੀਂ ਨਿੱਜਤਾ ਤੇ ਸਿਹਤ ਦੋਵਾਂ ਨੂੰ ਇਕੱਠੇ ਪ੍ਰਾਪਤ ਕਰ ਸਕਦੇ ਹਾਂ ਤੇ ਕਰਨਾ ਵੀ ਚਾਹੀਦਾ ਹੈ. ਅਸੀਂ ਸਰਵ-ਅਧਿਕਾਰ ਨਿਗਰਾਨੀ ਵਿਵਸਥਾ ਨੂੰ ਲਾਗੂ ਕਰ ਕੇ ਨਹੀਂ, ਬਲਕਿ ਨਾਗਰਿਕਾਂ ਦੇ ਸਸ਼ਕਤੀਕਰਣ ਦੇ ਜ਼ਰੀਏ ਕੋਰੋਨਾ ਵਾਇਰਸ ਦਾ ਫੈਲਣਾ ਰੋਕ ਸਕਦੇ ਹਾਂ. ਪਿਛਲੇ ਕੁਝ ਹਫ਼ਤਿਆਂ ’ਚ ਕੋਰੋਨਾ ਵਾਇਰਸ ਦਾ ਫੈਲਾਅ ਰੋਕਣ ਦੇ ਮਾਮਲੇ ’ਚ ਦੱਖਣੀ ਕੋਰੀਆ, ਤਾਇਵਾਨ ਤੇ ਸਿੰਗਾਪੁਰ ਨੇ ਚੰਗੀਆਂ ਮਿਸਾਲਾਂ ਪੇਸ਼ ਕੀਤੀਆਂ ਹਨ. ਇਨ੍ਹਾਂ ਦੇਸ਼ਾਂ ਨੇ ਕੁਝ ਟ੍ਰੈਕਿੰਗ ਐਪਲੀਕੇਸ਼ਨਾਂ ਦੀ ਵਰਤੋਂ ਤਾਂ ਕੀਤੀ ਹੈ ਪਰ ਉਨ੍ਹਾਂ ਨੇ ਵਿਆਪਕ ਪੈਮਾਨੇ ਤੇ ਟੈਸਟ ਕਰਵਾਏ ਹਨ, ਇਮਾਨਦਾਰੀ ਨਾਲ ਜਾਣਕਾਰੀ ਦਿੱਤੀ ਹੈ, ਜਾਣਕਾਰ ਜਨਤਾ ਦੇ ਇੱਛੁਕ ਸਹਿਯੋਗ ਉੱਤੇ ਨਿਰਭਰ ਕਰ ਰਹੇ ਹਨ.

ਕੇਂਦਰਿਤ ਨਿਗਰਾਨੀ, ਤੇ ਸਖ਼ਤ ਸਜ਼ਾ ਇਕ ਉਪਯੋਗੀ ਦਿਸ਼ਾ-ਨਿਰਦੇਸ਼ ਨੂੰ ਲਾਗੂ ਕਰਾਉਣ ਲਈ ਜ਼ਰੂਰੀ ਨਹੀਂ ਹੈ. ਜਦੋਂ ਲੋਕਾਂ ਨੂੰ ਵਿਗਿਆਨਿਕ ਤੱਥ ਦੱਸੇ ਜਾਂਦੇ ਹਨ, ਜਦੋਂ ਲੋਕ ਯਕੀਨ ਕਰਦੇ ਹਨ ਕਿ ਅਧਿਕਾਰੀ ਸੱਚ ਬੋਲ ਰਹੇ ਹਨ, ਤਾਂ ਆਪਣੇ-ਆਪ ਸਹੀ ਕਦਮ ਚੁੱਕਦੇ ਹਨ, ਬਿੱਗ ਬ੍ਰਦਰ ਦੀਆਂ ਘੂਰਦੀਆਂ ਨਜ਼ਰਾਂ ਦੀ ਜ਼ਰੂਰਤ ਨਹੀਂ ਹੁੰਦੀ. ਸਵੈ-ਪ੍ਰੇਰਿਤ ਤੇ

ਜਾਣਕਾਰ ਜਨਤਾ ਜ਼ਿਆਦਾ ਪ੍ਰਭਾਵਸ਼ਾਲੀ ਤੇ ਤਾਕਤਵਰ ਹੁੰਦੀ ਹੈ, ਨਾ ਕਿ ਪੁਲਿਸ ਦੇ ਜ਼ੋਰ ਨਾਲ ਦੱਬੀ ਜਾ ਰਹੀ ਉਦਾਸੀਨ ਜਨਤਾ ਜਾਂ ਅਣਜਾਣ ਜਨਤਾ.

ਮਿਸਾਲ ਵਜੋਂ, ਸਾਬਣ ਨਾਲ ਹੱਥ ਧੋਣਾ. ਇਹ ਮਨੁੱਖ ਦੇ ਸਾਫ਼-ਸਫ਼ਾਈ ਦੇ ਇਤਿਹਾਸ ਦੀ ਇਕ ਵੱਡੀ ਤਰੱਕੀ ਹੈ. ਇਹ ਸਾਧਾਰਣ ਕੰਮ ਹਰ ਸਾਲ ਲੱਖਾਂ ਜਾਨਾਂ ਬਚਾਉਂਦਾ ਹੈ, ਹੁਣ ਤਾਂ ਅਸੀਂ ਇਸਨੂੰ ਆਮ ਗੱਲ ਮੰਨਦੇ ਹਾਂ ਪਰ 19ਵੀਂ ਸਦੀ ਦੇ ਵਿਗਿਆਨਿਕਾਂ ਨੇ ਸਾਬਣ ਨਾਲ ਹੱਥ ਧੋਣ ਦੀ ਮਹੱਤਤਾ ਨੂੰ ਠੀਕ ਤਰੀਕੇ ਨਾਲ ਸਮਝਿਆ, ਉਸ ਤੋਂ ਪਹਿਲਾਂ ਇਕ ਡਾਕਟਰ ਤੇ ਨਰਸ ਵੀ ਇਕ ਆਪਰੇਸ਼ਨ ਤੋਂ ਬਾਅਦ, ਦੂਜਾ ਆਪਰੇਸ਼ਨ ਕਰਦੇ ਸੀ, ਬਿਨ੍ਹਾਂ ਹੱਥ ਧੋਏ. ਅੱਜ ਅਰਬਾਂ ਲੋਕ ਰੋਜ਼ ਸਾਬਣ ਨਾਲ ਹੱਥ ਧੋਂਦੇ ਹਨ, ਇਸ ਲਈ ਨਹੀਂ ਕਿ ਉਨ੍ਹਾਂ ਨੂੰ ਪੁਲਿਸ ਦਾ ਡਰ ਹੈ, ਬਲਕਿ ਉਹ ਤੱਥਾਂ ਨੂੰ ਸਮਝਦੇ ਹਨ. ਮੈਂ ਬੈਕਟੀਰੀਆ ਤੇ ਵਾਇਰਸ ਬਾਰੇ ਸੁਣਿਆ ਹੈ ਇਸ ਲਈ ਮੈਂ ਸਾਬਣ ਨਾਲ ਹੱਥ ਧੋਂਦਾ ਹਾਂ, ਮੈਂ ਜਾਣਦਾ ਹਾਂ ਕਿ ਸਾਬਣ ਉਨ੍ਹਾਂ ਬੀਮਰ ਕਰਨ ਵਾਲੇ ਜੀਵਾਣੂਆਂ ਤੇ ਵਿਸ਼ਾਣੂਆਂ ਨੂੰ ਖਤਮ ਕਰ ਦਿੰਦਾ ਹੈ.

ਲੋਕ ਗੱਲ ਮੰਨਣ ਤੇ ਸਹਿਯੋਗ ਕਰਨ ਇਸਦੇ ਲਈ ਵਿਸ਼ਵਾਸ ਬਹੁਤ ਜ਼ਰੂਰੀ ਹੈ. ਲੋਕਾਂ ਦਾ ਵਿਗਿਆਨ 'ਚ ਵਿਸ਼ਵਾਸ ਹੋਣਾ ਚਾਹੀਦਾ ਹੈ, ਸਰਕਾਰੀ ਅਧਿਕਾਰੀਆਂ 'ਚ ਵਿਸ਼ਵਾਸ ਹੋਣਾ ਚਾਹੀਦਾ ਹੈ, ਤੇ ਮੀਡੀਆ 'ਚ ਵਿਸ਼ਵਾਸ ਹੋਣਾ ਚਾਹੀਦਾ ਹੈ. ਪਿਛਲੇ ਕੁਝ ਸਾਲਾਂ 'ਚ ਗ਼ੈਰ-ਜ਼ਿੰਮੇਵਾਰ ਲੀਡਰਾਂ ਨੇ ਜਾਣ-ਬੁੱਝ ਕੇ ਵਿਗਿਆਨ, ਸਰਕਾਰੀ ਸੰਸਥਾਵਾਂ ਤੇ ਮੀਡੀਆ ਤੋਂ ਜਨਤਾ ਦਾ ਵਿਸ਼ਵਾਸ ਡੇਗਿਆ ਹੈ. ਇਹ ਗ਼ੈਰ-ਜ਼ਿੰਮੇਵਾਰ ਲੀਡਰ ਤਾਨਾਸ਼ਾਹੀ ਦਾ ਰਾਹ ਅਪਨਾਉਣ ਵੱਲ ਪ੍ਰੇਰਿਤ ਹੋ ਸਕਦੇ ਹਨ, ਉਨ੍ਹਾਂ ਦੀ ਦਲੀਲ ਹੋਵੇਗੀ ਕਿ ਜਨਤਾ ਸਹੀ ਕੰਮ ਕਰੇਗੀ ਇਸਦਾ ਯਕੀਨ ਨਹੀਂ ਕੀਤਾ ਜਾ ਸਕਦਾ.

ਆਮ ਤੌਰ 'ਤੇ ਜੋ ਵਿਸ਼ਵਾਸ ਵਰ੍ਹਿਆਂ ਤੋਂ ਟੁੱਟਿਆ ਹੈ ਉਹ ਰਾਤੋ-ਰਾਤ ਕਾਇਮ ਨਹੀਂ ਹੁੰਦਾ, ਪਰ ਇਹ ਆਮ ਸਮਾਂ ਨਹੀਂ ਹੈ. ਸੰਕਟ ਦੇ ਸਮੇਂ ਦਿਮਾਗ਼ ਬਹੁਤ ਜਲਦੀ ਬਦਲ ਜਾਂਦਾ ਹੈ. ਤੁਹਾਡਾ ਆਪਣੇ ਭਾਈ-ਭੈਣਾਂ ਨਾਲ ਬੁਰੀ ਤਰ੍ਹਾਂ ਝਗੜਾ ਹੁੰਦਾ ਹੈ, ਪਰ ਸੰਕਟ ਦੇ ਸਮੇਂ ਤੁਸੀਂ ਅਚਾਨਕ ਮਹਿਸੂਸ ਕਰਦੇ ਹੋ ਕਿ ਦੋਵਾਂ ਦੇ ਵਿਚਕਾਰ ਕਿੰਨਾ ਮੋਹ ਤੇ ਵਿਸ਼ਵਾਸ ਹੈ, ਤੁਸੀਂ ਇਕ-ਦੂਜੇ ਦੀ ਮਦਦ ਲਈ ਤਿਆਰ ਹੋ ਜਾਂਦੇ ਹੋ. ਇਕ ਨਿਗਰਾਨੀ ਰਾਜ ਬਣਾਉਣ ਦੀ ਜਗ੍ਹਾ, ਵਿਗਿਆਨ, ਸਰਕਾਰੀ ਸੰਸਥਾਨਾਂ ਤੇ ਮੀਡੀਆ 'ਚ ਜਨਤਾ ਦੇ ਵਿਸ਼ਵਾਸ ਨੂੰ ਬਹਾਲ ਕਰਨ ਲਈ ਕੰਮ ਹੋਣਾ ਚਾਹੀਦਾ ਹੈ. ਸਾਨੂੰ ਨਵੀਂ ਤਕਨੋਲੋਜੀ ਦੀ ਪੱਕੇ ਤੌਰ 'ਤੇ ਵਰਤੋਂ ਕਰਨੀ ਚਾਹੀਦੀ ਹੈ ਪਰ ਇਨ੍ਹਾਂ ਨਾਲ ਨਾਗਰਿਕਾਂ ਨੂੰ ਤਾਕਤ ਮਿਲਣੀ ਚਾਹੀਦੀ ਹੈ. ਮੈਂ ਆਪਣੇ ਸਰੀਰ ਦਾ ਤਾਪ ਤੇ ਬਲੱਡ ਪ੍ਰੈਸ਼ਰ ਮਾਪਣ ਦੇ ਹੱਕ 'ਚ ਹਾਂ, ਪਰ ਉਸ ਡਾਟਾ ਦੀ ਵਰਤੋਂ ਸਰਕਾਰ ਨੂੰ ਸਰਵ-

ਸ਼ਕਤੀਮਾਨ ਬਣਾਉਣ ਲਈ ਹੋਵੇ, ਇਸਦੇ ਪੱਖ ’ਚ ਨਹੀਂ ਹਾਂ. ਡਾਟਾ ਦੀ ਵਰਤੋਂ ਮੈਂ ਜਾਣਕਾਰ ਨਿੱਜੀ ਫ਼ੈਸਲਿਆਂ ਲਈ ਕਰਾਂ, ਤੇ ਸਰਕਾਰ ਨੂੰ ਉਨ੍ਹਾਂ ਫ਼ੈਸਲਿਆਂ ਲਈ ਜ਼ਿੰਮੇਵਾਰ ਠਹਿਰਾ ਸਕਾਂ.

ਜੇਕਰ ਮੈਂ ਆਪਣੀ ਸਿਹਤ ਦੀ 24 ਘੰਟੇ ਨਿਗਰਾਨੀ ਕਰਾਂਗਾ ਤਾਂ ਮੈਂ ਸਮਝ ਪਾਵਾਂਗਾ ਕਿ ਕਦੋਂ ਮੈਂ ਦੂਜਿਆਂ ਲਈ ਖ਼ਤਰਾ ਬਣ ਗਿਆ ਹਾਂ, ਤੇ ਠੀਕ ਹੋਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ, ਕਿਹੜੀਆਂ ਆਦਤਾਂ ਸਿਹਤ ਲਈ ਅਪਨਾਉਣੀਆਂ ਚਾਹੀਦੀਆਂ ਹਨ. ਜੇਕਰ ਕੋਰੋਨਾ ਵਾਇਰਸ ਦੇ ਫੈਲਾਅ ਦੇ ਬਾਰੇ ਮੈਂ ਵਿਸ਼ਵਾਸਯੋਗ ਆਂਕੜਿਆਂ ਨੂੰ ਪ੍ਰਾਪਤ ਕਰ ਸਕਾਂਗਾ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਾਂਗਾ ਤਾਂ ਮੈਂ ਫ਼ੈਸਲੇ ਕਰ ਸਕਾਂਗਾ ਕਿ ਸਰਕਾਰ ਸੱਚ ਬੋਲ ਰਹੀ ਹੈ ਜਾਂ ਨਹੀਂ, ਤੇ ਮਹਾਂਮਾਰੀ ਨਾਲ ਨਿਪਟਣ ਲਈ ਸਹੀ ਤਰੀਕੇ ਵਰਤ ਰਹੀ ਹੈ ਜਾਂ ਨਹੀਂ. ਜਦੋਂ ਵੀ ਅਸੀਂ ਨਿਗਰਾਨੀ ਵਿਵਸਥਾ ਦੀ ਗੱਲ ਕਰਦੇ ਹਾਂ ਤਾਂ ਯਾਦ ਰੱਖੋ ਕਿ ਉਸੇ ਤਕਨਾਲੋਜੀ ਨਾਲ ਸਰਕਾਰ ਦੀ ਵੀ ਨਿਗਰਾਨੀ ਹੋ ਸਕਦੀ ਹੈ, ਜਿਸਦੇ ਨਾਲ ਜਨਤਾ ਦੀ ਹੁੰਦੀ ਹੈ.

ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਗਰਿਕਾਂ ਦੇ ਅਧਿਕਾਰਾਂ ਤੇ ਕਰਤੱਵਾਂ ਦਾ ਵੱਡਾ ਇਮਤਿਹਾਨ ਹੈ. ਆਉਣ ਵਾਲੇ ਦਿਨਾਂ ’ਚ ਸਾਨੂੰ ਸਾਰਿਆਂ ਨੂੰ ਵਿਗਿਆਨਿਕ ਡਾਟਾ ਤੇ ਸਿਹਤ ਵਿਸ਼ੇਸ਼ਕਾਂ ਉੱਤੇ ਯਕੀਨ ਕਰਨਾ ਚਾਹੀਦਾ ਹੈ, ਨਾ ਕਿ ਬੇਬੁਨਿਆਦ ਕਹਾਣੀਆਂ ਤੇ ਆਪਣਾ ਉੱਲੂ ਸਿੱਧਾ ਕਰਨ ’ਚ ਲੱਗੇ ਲੀਡਰਾਂ ਦੀ ਗੱਲਾਂ ਉੱਤੇ. ਜੇ ਅਸੀਂ ਸਹੀ ਫ਼ੈਸਲੇ ਨਾ ਕੀਤੇ ਤਾਂ ਅਸੀਂ ਆਪਣੀਆਂ ਸਭ ਤੋਂ ਕੀਮਤੀ ਆਜ਼ਾਦੀਆਂ ਖੋ ਦੇਵਾਂਗੇ, ਅਸੀਂ ਇਹ ਮੰਨ ਲਵਾਂਗੇ ਕਿ ਆਪਣੀ ਸਿਹਤ ਦੀ ਰੱਖਿਆ ਕਰਨ ਲਈ ਇਹੀ ਸਹੀ ਫ਼ੈਸਲਾ ਹੈ.

ਹੁਣ ਦੂਜੀ ਅਹਿਮ ਚੋਣ, ਜੋ ਸਾਨੂੰ ਰਾਸ਼ਟਰਵਾਦੀ ਵਖਰੇਵਾਂ ਤੇ ਵਿਸ਼ਵ ਇਕਜੁੱਟਤਾ ਦੇ ਵਿਚਕਾਰ ਕਰਨੀ ਹੈ. ਇਹ ਮਹਾਂਮਾਰੀ ਤੇ ਉਸਦਾ ਅਰਥ-ਵਿਵਸਥਾਵਾਂ ਉੱਤੇ ਅਸਰ ਇਕ ਵਿਸ਼ਵ ਸੰਕਟ ਹੈ. ਇਹ ਸੰਕਟ ਵਿਸ਼ਵ ਸਹਿਯੋਗ ਨਾਲ ਹੀ ਮਿਟਾਇਆ ਜਾ ਸਕੇਗਾ. ਸਭ ਤੋਂ ਪਹਿਲਾਂ ਇਕ ਵਾਇਰਸ ਨਾਲ ਨਿਪਟਣ ਲਈ ਦੁਨੀਆ ਭਰ ਦੇ ਦੇਸ਼ਾਂ ਨੂੰ ਸੂਚਨਾ ਦਾ ਆਦਾਨ-ਪ੍ਰਦਾਨ ਕਰਨਾ ਹੋਵੇਗਾ. ਇਹ ਗੱਲ ਇਨਸਾਨਾਂ ਦੀ ਵਾਇਰਸ ਵਿਰੁੱਧ ਲੜਾਈ ’ਚ ਇਕ ਵੱਡਾ ਫਾਇਦਾ ਸਾਬਿਤ ਹੋਵੇਗੀ. ਅਮਰੀਕਾ ਦਾ ਕੋਰੋਨਾ ਵਾਇਰਸ ਤੇ ਚੀਨ ਦਾ ਕੋਰੋਨਾ ਵਾਇਰਸ ਇਸ ਗੱਲ ਉੱਤੇ ਸੋਚ-ਵਿਚਾਰ ਨਹੀਂ ਕਰ ਸਕਦੇ ਕਿ ਲੋਕਾਂ ਦੇ ਸਰੀਰਾਂ ’ਚ ਕਿਵੇਂ ਵੜਿਆ ਜਾਵੇ. ਪਰ ਚੀਨ ਅਮਰੀਕਾ ਨੂੰ ਕੁਝ ਉਪਯੋਗੀ ਗੱਲਾਂ ਦੱਸ ਸਕਦਾ ਹੈ, ਇਟਲੀ ਦੇ ਮਿਲਾਨ ਦਾ ਡਾਕਟਰ ਸਵੇਰੇ ਜੋ ਜਾਣਕਾਰੀ ਪ੍ਰਾਪਤ ਕਰਦਾ ਹੈ, ਉਹ ਸ਼ਾਮ ਤੱਕ ਤਹਿਰਾਨ ਦੇ ਲੋਕਾਂ ਦੀ ਜਾਨ ਬਚਾ

ਸਕਦੀ ਹੈ. ਕਈ ਨੀਤੀਆਂ ਨੂੰ ਲੈ ਕੇ ਜੇ ਬ੍ਰਿਟੇਨ ਦੀ ਸਰਕਾਰ ਸ਼ਸ਼ੋਪੰਜ ’ਚ ਹੈ ਤਾਂ ਉਹ ਕੋਰੀਆ ਦੀ ਸਰਕਾਰ ਨਾਲ ਗੱਲ ਕਰ ਸਕਦੀ ਹੈ ਜੋ ਕਰੀਬ ਇਕ ਮਹੀਨਾ ਪਹਿਲਾਂ ਅਜਿਹੇ ਹੀ ਦੌਰ ਤੋਂ ਗੁਜ਼ਰੇ ਹਨ. ਪਰ ਅਜਿਹਾ ਹੋਣ ਲਈ ਵਿਸ਼ਵ ਭਾਈਚਾਰਾ ਤੇ ਇਕਜੁਟਤਾ ਦੀ ਭਾਵਨਾ ਹੋਣਾ ਚਾਹੀਦੀ ਹੈ.

ਦੇਸ਼ਾਂ ਨੂੰ ਖੁਲ੍ਹ ਕੇ ਜਾਣਕਾਰੀਆਂ ਦਾ ਲੈਣ-ਦੇਣ ਕਰਨਾ ਹੋਵੇਗਾ, ਨਿਮਰਤਾ ਨਾਲ ਸਲਾਹ ਮੰਗਣੀ ਹੋਵੇਗੀ ਤੇ ਜੋ ਕੁਝ ਦੂਜੇ ਦੇਣਗੇ ਉਸ ਉੱਤੇ ਯਕੀਨ ਲਾਇਕ ਮਾਹੌਲ ਬਣਾਉਣਾ ਹੋਵੇਗਾ. ਮੈਡੀਕਲ ਕਿਟ ਦੇ ਉਤਪਾਦਨ ਤੇ ਵੰਡ ਲਈ ਵਿਸ਼ਵ ਪੱਧਰ ਉੱਤੇ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ. ਆਪਣੇ ਦੇਸ਼ ’ਚ ਹੀ ਉਤਪਾਦਨ ਕਰਨ, ਤੇ ਉਪਕਰਣਾਂ ਨੂੰ ਜਮ੍ਹਾਂ ਕਰਨ ਦੀ ਕੋਸ਼ਿਸ਼ ਨਾਲੋਂ ਤਾਲਮੇਲ ਨਾਲ ਕੀਤੀ ਗਈ ਵਿਸ਼ਵ ਕੋਸ਼ਿਸ਼ ਜ਼ਿਆਦਾ ਕਾਰਗਰ ਹੋਵੇਗੀ. ਜਿਵੇਂ ਕਿ ਲੜਾਈਆਂ ਦੇ ਸਮੇਂ ਦੁਨੀਆ ਦੇ ਦੇਸ਼ ਆਪਣੇ ਉਦਯੋਗਾਂ ਦਾ ਰਾਸ਼ਟਰੀਕਰਣ ਕਰ ਦਿੰਦੇ ਹਨ, ਉਸੇ ਤਰ੍ਹਾਂ ਕੋਰੋਨਾ ਵਾਇਰਸ ਵਿਰੁੱਧ ਲੜਾਈ ਦੇ ਦੌਰਾਨ ਜ਼ਰੂਰੀ ਚੀਜ਼ਾਂ ਦੇ ਉਤਪਾਦਨ ਨੂੰ ਸਾਨੂੰ ਰਾਸ਼ਟਰੀ ਦੀ ਜਗ੍ਹਾ, ਮਨੁੱਖੀ ਬਣਾਉਣਾ ਚਾਹੀਦਾ ਹੈ. ਇਕ ਅਮੀਰ ਦੇਸ਼ ਜਿੱਥੇ ਕੋਰੋਨਾ ਵਾਇਰਸ ਮਾਮਲੇ ਘੱਟ ਹਨ, ਉਸਨੂੰ ਅਜਿਹੇ ਦੇਸ਼ਾਂ ’ਚ ਉਪਕਰਣ ਭੇਜਣੇ ਚਾਹੀਦੇ ਹਨ ਜਿੱਥੇ ਵਾਇਰਸ ਦੇ ਮਾਮਲੇ ਜ਼ਿਆਦਾ ਹਨ. ਅਜਿਹੀ ਹੀ ਕੋਸ਼ਿਸ਼ ਡਾਕਟਰਾਂ ਦੀ ਤੈਨਾਤੀ ਦੇ ਮਾਮਲੇ ’ਚ ਵੀ ਹੋਣੀ ਚਾਹੀਦੀ ਹੈ.

ਅਰਥ-ਵਿਵਸਥਾਵਾਂ ਨੂੰ ਸੰਭਾਲਣ ਲਈ ਵੀ ਇਕ ਵਿਸ਼ਵ ਨੀਤੀ ਬਣਨੀ ਚਾਹੀਦੀ ਹੈ, ਹਰ ਦੇਸ਼ ਆਪਣੇ ਹਿਸਾਬ ਨਾਲ ਚੱਲੇਗਾ ਤਾਂ ਸੰਕਟ ਹੋਰ ਵੀ ਡੂੰਘਾ ਹੁੰਦਾ ਜਾਵੇਗਾ. ਇਸੇ ਤਰ੍ਹਾਂ ਯਾਤਰਾਵਾਂ ਉੱਤੇ ਇਕ ਸਹਿਮਤੀ ਬਣਨੀ ਚਾਹੀਦੀ ਹੈ, ਲੰਬੇ ਸਮੇਂ ਤੱਕ ਯਾਤਰਾ ਉੱਤੇ ਪੂਰੀ ਤਰ੍ਹਾਂ ਰੋਕ ਨਾਲ ਬਹੁਤ ਨੁਕਸਾਨ ਹੋਵੇਗਾ, ਕੋਰੋਨਾ ਦੇ ਵਿਰੁੱਧ ਲੜਾਈ ਵੀ ਕਮਜ਼ੋਰ ਹੋਵੇਗੀ ਕਿਉਂਕਿ ਵਿਗਿਆਨਿਕਾਂ, ਡਾਕਟਰਾਂ, ਪੱਤਰਕਾਰਾਂ, ਸਿਆਸਤਦਾਨਾਂ ਤੇ ਵਪਾਰੀ ਲੋਕਾਂ ਨੂੰ ਵੀ ਦੁਨੀਆ ਦੇ ਇਕ ਖੂੰਜੇ ਤੋਂ ਦੂਜੇ ਖੂੰਜੇ ’ਚ ਜਾਣਾ ਹੋਵੇਗਾ. ਪ੍ਰੀ-ਸਕਰੀਨਿੰਗ ਦੇ ਨਾਲ ਯਾਤਰਾਵਾਂ ਨੂੰ ਸ਼ੁਰੂ ਕਰਨ ਤੇ ਸਹਿਮਤੀ ਬਣਾਈ ਜਾ ਸਕਦੀ ਹੈ.

ਪਰ ਅਫ਼ਸੋਸ ਕਿ ਇਨ੍ਹਾਂ ’ਚੋਂ ਕੁਝ ਵੀ ਨਹੀਂ ਹੋ ਰਿਹਾ ਹੈ, ਦੁਨੀਆ ਭਰ ਦੀਆਂ ਸਰਕਾਰਾਂ ਇਕ ਸਾਮੂਹਿਕ ਅਧਰੰਗ ਜਿਹੀ ਹਾਲਤ ’ਚ ਹਨ. ਦੁਨੀਆ ਦੇ ਸਭ ਤੋਂ ਅਮੀਰ ਸੱਤ ਦੇਸ਼ਾਂ ਦੇ ਲੀਡਰਾਂ ਦੀ ਬੈਠਕ ਹੁਣ ਜਾ ਕੇ ਪਿਛਲੇ ਹਫ਼ਤੇ ਟੈਲੀ-ਕਾਨਫ੍ਰੈਂਸਿੰਗ ਨਾਲ ਹੋਈ ਹੈ ਜਿਸ ’ਚ ਅਜਿਹੀ ਕੋਈ ਯੋਜਨਾ ਸਾਹਮਣੇ ਨਹੀਂ ਰੱਖੀ ਗਈ ਜਿਸ ’ਚ ਦੁਨੀਆ ਦੇ ਦੇਸ਼ ਇਕਜੁਟ ਹੋ ਕੇ ਕੋਰੋਨਾ ਨਾਲ ਲੜ ਸਕਣ.

2008 ਦੇ ਆਰਥਿਕ ਸੰਕਟ ਤੇ 2014 ’ਚ ਇਬੋਲਾ ਫੈਲਣ ’ਤੇ ਅਮਰੀਕਾ ਨੇ ਗਲੋਬਲ ਲੀਡਰ ਦੀ ਭੂਮਿਕਾ ਨਿਭਾਈ ਸੀ, ਪਰ ਇਸ ਵਾਰ ਅਮਰੀਕੀ ਪ੍ਰਸ਼ਾਸਨ ਨੇ ਇਹ ਕੰਮ ਟਾਲ ਦਿੱਤਾ ਹੈ, ਅਜਿਹਾ ਲੱਗ ਰਿਹਾ ਹੈ ਕਿ ਮਨੁੱਖਤਾ ਦੇ ਭਵਿੱਖ ਤੋਂ ਵੱਧ ਚਿੰਤਾ ‘ਗ੍ਰੇਟਨੇਸ ਆਫ਼ ਅਮੇਰਿਕਾ’ ਦੀ ਹੈ. ਮੌਜੂਦਾ ਲੀਡਰਸ਼ਿਪ ਨੇ ਆਪਣੇ ਸਭ ਤੋਂ ਕਰੀਬੀ ਸਾਂਝੀਦਾਰਾਂ ਨੂੰ ਵੀ ਛੱਡ ਦਿੱਤਾ ਹੈ. ਯੂਰਪੀ ਸੰਘ ਦੇ ਨਾਲ ਕੋਈ ਸਹਿਯੋਗ ਨਹੀਂ ਹੋ ਰਿਹਾ. ਅਮਰੀਕਾ ਦਾ ਜਰਮਨ ਨਾਲ ਇਕ ਸਕੈਂਡਲ ਸਾਹਮਣੇ ਆਇਆ ਹੈ ਜਿਸ ਵਿਚ ਇਹ ਦੋਸ਼ ਲਗਾਇਆ ਗਿਆ ਹੈ ਕਿ ਅਮਰੀਕਾ ਦੁਆਰਾ ਜਰਮਨ ਦੀ ਇਕ ਫਰਮਾ ਕੰਪਨੀ ਨੂੰ, ਜੋ ਕੋਵਿਡ-19 ਦਾ ਵੈਕਸੀਨ ਬਣਾ ਰਹੀ ਹੈ, ਰਿਸ਼ਵਤ ਪੇਸ਼ਕਸ਼ ਕੀਤੀ ਗਈ ਤਾਂ ਜੋ ਇਹ ਵੈਕਸੀਨ ਸਿਰਫ ਅਮਰੀਕਾ ਦੇ ਲੋਕਾਂ ਲਈ ਖਰੀਦੀ ਜਾ ਸਕੇ.

ਅਸੀਂ ਚੁਣਨਾ ਹੈ ਕਿ ਅਸੀਂ ਵਿਸ਼ਵ ਇਕਜੁਟਤਾ ਵੱਲ ਜਾਵਾਂਗੇ ਜਾਂ ਰਾਸ਼ਟਰਵਾਦੀ ਵਖਰੇਵੇਂ ਦੇ ਵੱਲ. ਜੇ ਅਸੀਂ ਰਾਸ਼ਟਰਵਾਦੀ ਵਖਰੇਵਾਂ ਚੁਣਾਂਗੇ, ਤਾਂ ਇਹ ਸੰਕਟ ਵੱਧ ਨੁਕਸਾਨ ਕਰ ਕੇ ਦੇਰ ਨਾਲ ਟਲੇਗਾ, ਤੇ ਭਵਿੱਖ ’ਚ ਵੀ ਅਜਿਹੇ ਸੰਕਟ ਆਉਂਦੇ ਰਹਿਣਗੇ. ਪਰ ਜੇ ਅਸੀਂ ਵਿਸ਼ਵ ਇਕਜੁਟਤਾ ਨੂੰ ਚੁਣਦੇ ਹਾਂ ਤਾਂ ਇਹ ਕੋਰੋਨਾ ਦੇ ਵਿਰੁੱਧ ਸਾਡੀ ਵੱਡੀ ਜਿੱਤ ਤਾਂ ਹੋਵੇਗੀ ਹੀ, ਨਾਲ ਹੀ ਅਸੀਂ ਭਵਿੱਖ ਦੇ ਸੰਕਟਾਂ ਨਾਲ ਨਿਪਟਣ ਲਈ ਮਜ਼ਬੂਤ ਹੋਵਾਂਗੇ, ਅਜਿਹੇ ਸੰਕਟ ਜੋ 21ਵੀਂ ਸਦੀ ’ਚ ਧਰਤੀ ਤੋਂ ਮਨੁੱਖ-ਜਾਤੀ ਦੀ ਹੋਂਦ ਹੀ ਮਿਟਾ ਸਕਦੇ ਹਨ.

***

# ਪੰਜਾਬੀਅਤ ਦੀ ਮੌਲਿਕਤਾ

ਡਾ. ਦਵਿੰਦਰ ਸਿੰਘ

ਅਸਿਸਟੈਂਟ ਪ੍ਰੋਫੈਸਰ

ਖ਼ਾਲਸਾ ਕਾਲਜ ਪਟਿਆਲਾ.

ਪੰਜਾਬੀਅਤ ਦੀ ਮੌਲਿਕਤਾ ਤੋਂ ਭਾਵ ਉਨ੍ਹਾਂ ਚਿੰਨ੍ਹਾਂ, ਲੱਛਣਾਂ ਅਤੇ ਮਾਨਸਿਕ ਝੁਕਾਵਾਂ ਤੋਂ ਹੈ ਜਿਨ੍ਹਾਂ ਦੇ ਆਧਾਰ 'ਤੇ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਲੱਖਾਂ 'ਚ ਖੜ੍ਹਾ ਵੀ ਆਪਣੀ ਅਲੱਗ ਪਹਿਚਾਣ ਅਥਵਾ ਹਸਤੀ ਰਖਦਾ ਹੈ. ਪੰਜਾਬੀਅਤ ਦੀ ਮੌਲਿਕਤਾ ਸੰਬੰਧੀ ਗੁਣਾਂ ਦਾ ਵਿਖਿਆਨ ਦਿੰਦੇ ਹੋਏ ਪਿਆਰਾ ਸਿੰਘ ਪਦਮ ਨੇ ਆਪਣੇ ਪਰਚੇ 'ਪੰਜਾਬੀਅਤ ਕੀ ਹੈ?' ਵਿਚ ਸਰਬ-ਵਿਆਪੀ ਦ੍ਰਿਸ਼ਟੀ, ਸਨੇਹ-ਭਾਵ, ਸਮੋਣਵਾਦ, ਸਵੈ-ਮਾਣ, ਸੂਰਮਗਤੀ ਸਾਹਸ, ਸਹਿਨੀਲਤਾ, ਸ਼ੁਗਲ-ਮੇਲਾ ਆਦਿ ਪੰਜਾਬੀਅਤ ਦੇ ਲੱਛਣ ਦੱਸੇ ਹਨ. ਇਸੇ ਪ੍ਰਕਾਰ ਗਿਆਨੀ ਲਾਲ ਸਿੰਘ ਨੇ "ਸਵੈਮਾਨ, ਨੇਕੀ, ਈਮਾਨ, ਨਿਡਰਤਾ ਅਤੇ ਰਣ ਵਿਚ ਜੂਝ ਮਰਨ ਦੀ ਤਤਪਰਤਾ ਪੰਜਾਬੀਅਤ ਦੀਆਂ ਹਾਂ-ਪੱਖੀ ਵਿਸ਼ੇਸ਼ਤਾਵਾਂ ਅਤੇ ਕਿਸੇ ਦੇ ਮਤੀਹ ਨਾ ਛੱਡਣਾ, ਪਰ ਨਿੰਦਾ ਨਹੀਂ, ਪਰ ਧਨ ਨਹੀਂ, ਪਰਾਧੀਨ ਨਾ ਹੋਣ ਦੇ ਚਾਰ (ਨਾ ਕਰਨ ਵਾਲੇ) ਗੁਣ ਦੱਸੇ ਹਨ."[1] ਪੰਜਾਬੀਅਤ ਨੂੰ ਵੱਖਰੀ ਦਿੱਖ ਪ੍ਰਦਾਨ ਕਰਨ ਪਿੱਛੇ ਪੰਜਾਬ ਦੇ ਭੂਗੋਲਕ ਖਿੱਤੇ, ਇਤਿਹਾਸ, ਪੰਜਾਬੀ ਭਾਸ਼ਾ, ਲੋਕਧਾਰਾ ਅਤੇ ਇਸਦੇ ਧਰਮ ਗ੍ਰੰਥਾਂ ਆਦਿ ਦਾ ਵਿਸ਼ੇਸ਼ ਯੋਗਦਾਨ ਹੈ. ਇਥੇ ਅਸੀਂ ਉਨ੍ਹਾਂ ਗੁਣਾਂ, ਲੱਛਣਾਂ ਅਤੇ ਵਿਸ਼ੇਸ਼ ਮਾਨਸਿਕ ਝੁਕਾਵਾਂ ਤੱਕ ਹੀ ਸੀਮਿਤ ਰਹਾਂਗੇ ਜੋ ਪੰਜਾਬੀਅਤ ਨੂੰ ਮੌਲਿਕ ਦਿੱਖ ਪ੍ਰਦਾਨ ਕਰਦੇ ਹਨ.

**ਵੰਨ–ਸਵੰਨਤਾ ਦਾ ਮੁਜੱਸਮਾ:** ਪੰਜਾਬ ਦੇ ਭੂਗੋਲਕ ਖਿੱਤੇ ਦੀ ਇਹ ਇਤਿਹਾਸਕ ਵਿਸ਼ੇਸ਼ਤਾ ਰਹੀ ਹੈ ਕਿ ਇਹ ਆਦਿ ਕਾਲ ਤੋਂ ਹੀ ਵਿਦੇਸ਼ੀ ਹਮਲਾਵਰਾਂ ਲਈ ਰਣਭੂਮੀ ਤੇ ਨਿਵਾਸ-ਭੂਮੀ ਬਣਿਆ ਰਿਹਾ ਹੈ. ਇਤਿਹਾਸਕ ਦੌਰ ਵਿਚ ਆਰੀਅਨਾਂ ਤੋਂ ਸ਼ੁਰੂ ਕਰ ਕੇ ਹੂਣ, ਯੂਨਾਨੀ, ਸ਼ੱਕ, ਮੰਗੋਲ, ਸੀਥੀਅਨ, ਤੁਰਕ, ਈਰਾਨੀ ਅਤੇ ਅੰਗਰੇਜ਼ ਆਦਿ ਅਨੇਕਾਂ ਵਿਦੇਸ਼ੀ ਹਮਲਾਵਰ ਪੰਜਾਬ ਵਿਚ ਆਏ ਅਤੇ ਜ਼ਿਆਦਾਤਰ ਇਥੋਂ ਦੇ ਹੀ ਵਸਨੀਕ ਬਣ ਕੇ ਰਹਿ ਗਏ. ਸੋ ਅੱਜ ਦਾ ਪੰਜਾਬ ਜਿਥੇ ਧਾਰਮਿਕ ਪੱਖੋਂ ਬਹੁ-ਧਰਮੀ ਖਿੱਤਾ ਹੈ, ਉਥੇ ਇਥੇ ਦੇ ਵਸਨੀਕਾਂ 'ਚ ਬਹੁਤ ਸਾਰੀਆਂ ਨਸਲਾਂ ਦਾ ਵੀ ਰਲਾ ਹੈ. ਬਹੁਤ-ਧਰਮੀ ਅਤੇ ਬਹੁ-ਨਸਲੀ ਭੂਗੋਲਕ

ਇਕਾਈ ਹੋਣ ਦੇ ਬਾਵਜੂਦ ਇਨ੍ਹਾਂ ਦਾ ਇਕ ਸਾਂਝਾ ਸਭਿਆਚਾਰ ਹੈ, ਜਿਸ ਪੰਜਾਬੀ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ. ਪਿਆਰਾ ਸਿੰਘ ਪਦਮ ਪੰਜਾਬੀਅਤ ਦੀ ਇਸ ਕਦਰ ਨੂੰ ਸਮੋਣਵਾਦ ਦਾ ਨਾਂ ਦਿੰਦਾ ਹੋਇਆ ਕਹਿੰਦਾ ਹੈ:

> ਸਾਡੀ ਸਮੋਣ ਸ਼ਕਤੀ ਬੇ-ਅੰਦਾਜ਼ ਹੈ, ਸਾਡਾ ਸੁਭਾਅ ਬੜਾ ਰਲਾਉਂਦਾ ਹੈ, ਯੂਰਪੀਨ, ਗੋਰੀਆਂ ਤੇ ਨੈਰੋਬੀ ਦੀਆਂ ਕਾਲੀਆਂ ਕਲੂਟੀਆਂ ਨਾਰਾਂ ਬਹਾਰਾਂ ਵਾਂਗ ਬਰਾਬਰ ਆਪਣਾਉਂਦੇ ਹਾਂ. ਸਾਡਾ ਸਫ਼ਰ ਸਾਗਰ ਤੱਕ ਦਾ ਹੈ. ਅਸੀਂ ਸਤਲੁਜ ਤੇ ਸਿੰਧ ਦੇ ਸਪੂਤ ਕਿਸੇ ਨਾਲ ਭਿੰਨ-ਭਿੰਨ ਭੇਦ ਨਹੀਂ ਕਰਦੇ, ਸਭ ਨੂੰ ਆਪਣੇ ਕਾਫਲੇ ਵਿਚ ਮਿਲਾ ਕੇ ਖੁਸ਼ ਹੁੰਦੇ ਤੇ ਉੱਚੀ-ਉੱਚੀ ਗਾਉਂਦੇ ਹਾਂ.[2]
>
> ਬਿਸਰਿ ਗਈ ਸਭ ਤਾਤਿ ਪਰਾਈ
>
> ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ.

(ਗੁਰੂ ਗ੍ਰੰਥ ਸਾਹਿਬ, ਪੰ. 1219)

**ਅਣਖ ਨਾਲ ਜਿਉਣਾ:** ਅਣਖ ਨਾਲ ਜਿਉਣਾ ਪੰਜਾਬੀਆਂ ਦੀ ਅਜਿਹੀ ਜੀਵਨ ਤਰਜ਼ ਹੈ ਜਿਸ ਦੇ ਚਲਦੇ ਇਨ੍ਹਾਂ ਆਪਣੇ ਸਿਰ ਕਟਵਾ ਲੈਣਾ ਤਾਂ ਕਬੂਲ ਕਰ ਲਿਆ ਪਰ ਕਿਸੇ ਜਰਵਾਣੇ ਜਾਂ ਜ਼ੁਲਮ ਅੱਗੇ ਝੁਕਣਾ ਕਬੂਲ ਨਹੀਂ ਕੀਤਾ. ਸਿਕੰਦਰ ਦੀ ਫੌਜ ਪੋਰਸ ਨੂੰ ਪਕੜ ਲਿਆਈ ਤਾਂ ਪੁਛਿਆ ਕਿ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਪੋਰਸ ਨੇ ਨਿਰਭੈ ਪੰਜਾਬੀਆਂ ਵਾਂਗ ਜਵਾਬ ਦਿੱਤਾ, ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਕਰਦਾ ਹੈ. ਪੰਜਾਬ ਦਾ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਜਿਥੇ ਪੰਜਾਬੀਆਂ ਨੇ ਆਪਣੀ ਅਣਖ ਨੂੰ ਦਾਗ ਨਹੀਂ ਲੱਗਣ ਦਿੱਤਾ. ਇਸ ਲਈ ਭਾਵੇਂ ਉਨ੍ਹਾਂ ਨੂੰ ਹਜ਼ਾਰਾਂ ਦੀ ਗਿਣਤੀ ਦੀ ਫ਼ੌਜ ਨਾਲ ਟੱਕਰ ਲੈਣੀ ਪਈ ਹੋਵੇ, ਭਾਵੇਂ ਘੋੜੇ ਦੀਆਂ ਕਾਠੀਆਂ ਨੂੰ ਆਪਣਾ ਘਰ ਬਣਾਉਣਾ ਪਿਆ ਹੋਵੇ. ਭਾਵੇਂ ਫਾਂਸੀ ਦੇ ਰੱਸੇ ਨੂੰ ਚੁੰਮਣਾ ਪਿਆ ਹੋਵੇ. ਪੰਜਾਬੀ ਲੋਕ-ਗੀਤ ਇਸ ਦੀ ਤਰਜਮਾਨੀ ਇਸ ਪ੍ਰਕਾਰ ਕਰਦਾ ਹੈ, 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ'.

**ਕਿਰਤ:** ਪੰਜਾਬੀ ਮਾਨਸਿਕਤਾ ਵਿਚ ਇਹ ਗੱਲ ਸੁਤੇ ਸਿੱਧ ਮੌਜੂਦ ਹੈ ਕਿ 'ਉੱਤਮ ਖੇਤੀ ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਮੁਰਦਾਰ'. ਗੁਰੂ ਸਾਹਿਬਾਨ ਵਲੋਂ ਦਿੱਤੀ ਜੀਵਨ-ਜੁਗਤ ਵਿਚ ਵੀ ਕਿਰਤ ਦੀ ਵਿਸ਼ੇਸ਼ ਮਹੱਤਤਾ ਹੈ ਅਤੇ ਇਹ ਪੰਜਾਬੀਅਤ ਦੀ ਵਿਲੱਖਣ ਪਹਿਚਾਣ ਵੀ ਹੈ. ਪੰਜਾਬ ਦਾ ਜੰਮਿਆ ਪਲਿਆ ਕਿਰਤ ਕਮਾਈ ਦੀ ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਤਾਂ ਕਰ ਲੈਂਦਾ ਹੈ, ਪਰ ਮੰਗ ਕੇ ਖਾਣ ਨੂੰ ਮੌਤ ਸਮਾਨ ਸਮਝਦਾ ਹੈ. ਪੰਜਾਬੀ ਦੀ ਸੁਪ੍ਰਸਿੱਧ ਕਹਾਵਤ ਹੈ 'ਮੰਗਣ ਗਿਆ ਸੋ ਮਰ ਗਿਆ, ਮੰਗਣ ਮੂਲ ਨਾ ਜਾਹ'. ਪੰਜਾਬ ਦੇ ਕਿਰਤੀ ਕਿਸਾਨ ਦੀ ਮਿਹਨਤ ਸਦਕਾ ਹੀ ਅੱਜ ਪੰਜਾਬ ਭਾਰਤ ਦਾ ਅੰਨਦਾਤਾ ਬਣਿਆ ਹੋਇਆ ਹੈ.

'ਘਾਲਿ ਖਾਇ ਕਿਛੁ ਹਥਹੁ ਦੇਇ' ਵਾਲੀ ਜੁਗਤ ਦਾ ਧਾਰਨੀ ਪੰਜਾਬੀ ਕਿਰਤ-ਕਮਾਈ ਨਾਲ ਸਿਰ ਆਪਣਾ ਗੁਜ਼ਾਰਾ ਹੀ ਨਹੀਂ ਤੋਰਦਾ ਬਲਕਿ ਲੋੜ ਪਈ 'ਤੇ ਗਰੀਬ, ਮਜ਼ਲੂਮ ਦੀ ਸਹਾਇਤਾ ਲਈ ਵੀ ਹਮੇਸ਼ਾਂ ਤਤਪਰ ਰਹਿੰਦਾ ਹੈ.

**ਜੂਝ ਮਰਨ ਦਾ ਚਾਅ**: ਔਖੀ ਘੜੀ ਆਉਣ 'ਤੇ ਕਾਇਰਾਂ ਵਾਂਗ ਭੱਜ ਜਾਣ ਵਾਲੇ ਲਈ ਪੰਜਾਬੀਅਤ ਵਿਚ ਕੋਈ ਥਾਂ ਨਹੀਂ. ਪੰਜਾਬ ਵਿਚ ਹਮੇਸ਼ਾਂ ਰਣ-ਤੱਤੇ ਵਿਚ ਜੂਝ ਕੇ ਸ਼ਹੀਦੀ ਪਾਉਣ ਵਾਲਿਆਂ ਦੇ ਸੋਹਲੇ ਗਾਏ ਜਾਂਦੇ ਹਨ. ਕਿਸੇ ਵੀ ਭੈਅ ਵਿਚ ਨਾ ਆਉਣ ਵਾਲੀ ਅਤੇ ਨਾ ਕਦੇ ਕਿਸੇ ਜ਼ੋਰ-ਜਬਰ ਦਾ ਭੈਅ ਦੇਣ ਵਾਲੀ ਪੰਜਾਬੀ ਫ਼ਿਤਰਤ ਦੇ ਧੁਰ ਜ਼ਿਹਨ ਵਿਚ ਹਮੇਸ਼ਾਂ ਰਹਿੰਦਾ ਹੈ:

ਜਬ ਆਵ ਕੀ ਅਉਧ ਨਿਦਾਨ ਬਨੈ

ਅਤਿ ਹੀ ਰਨ ਮੈ ਤਬ ਜੂਝ ਮਰੋਂ.

(ਦਸਮ ਗ੍ਰੰਥ, ਚੰਡੀ ਚਰਿਤ੍ਰ ਉਕਤਿ ਬਿਲਾਸ)

ਰਣ ਤੱਤੇ ਵਿਚ ਕੇਵਲ ਮਰਦ ਹੀ ਨਹੀਂ ਔਰਤਾਂ ਵੀ ਖੰਡਾ ਫੜ ਨਿਤਰਨਾ ਜਾਣਦੀਆਂ ਹਨ.

**ਪਰਾਧੀਨ ਨਾ ਰਹਿਣਾ**: ਪੰਜਾਬੀਅਤ ਮਨੁੱਖ ਨੂੰ ਧੁਰ ਤੋਂ ਮਿਲੀ ਆਜ਼ਾਦੀ ਦਾ ਦਮ ਭਰਦੀ ਹੈ. ਪੰਜਾਬੀ ਵਕਤੀ ਤੌਰ 'ਤੇ ਤਾਂ ਭਾਵੇਂ ਕਿਸੇ ਰਾਜਨੀਤਿਕ ਗ਼ੁਲਾਮੀ ਅਧੀਨ ਰਹੇ ਹੋਣ ਪਰ ਇਹ ਕਦੇ ਸਦੀਵੀ ਜ਼ਿਹਨੀ ਗੁਲਾਮੀ ਨੂੰ ਨੇੜੇ ਵੀ ਫਰਕਣ ਨਹੀਂ ਦਿੰਦੇ. "ਪੰਜਾਬੀ ਜੀਵਨ ਵਿਚ ਹੀ ਨਹੀਂ ਪੰਜਾਬੀ ਸਾਹਿਤ ਵਿਚ ਵੀ ਇਸ ਕਿਸਮ ਦਾ ਅਹਿਸਾਸ ਦੇਖਣ ਨੂੰ ਆਉਂਦਾ ਹੈ. ਬਾਬਾ ਫ਼ਰੀਦ ਦਾ 'ਬਾਰਿ ਪਰਾਏ ਬੈਠਣ' ਤੋਂ ਇਨਕਾਰ , ਪ੍ਰੋ. ਪੂਰਨ ਸਿੰਘ ਦੁਆਰਾ ਪੰਜਾਬ ਦੇ ਜੁਆਨਾਂ ਦੀ ਕੀਤੀ ਸਿਫਤ ਕਿ 'ਪਿਆਰ ਨਾਲ ਇਹ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ ਪਰ ਟੈਂ ਨਾ ਮੰਨਣ ਕਿਸੇ ਦੀ' ਵਰਗੀ ਤੁਕ ਇਸੇ ਕਥਨ ਦਾ ਸਮਰਥਨ ਕਰਦੀ ਹੈ. ਇਥੋਂ ਤਕ ਕਿ ਸਮੁੱਚਾ ਬੀਰ ਕਾਵਿ ਪੰਜਾਬੀਆਂ ਦੁਆਰਾ ਇੱਜ਼ਤ ਅਣਖ ਦੀ ਰਾਖੀ ਲਈ ਕੀਤੇ ਸੰਘਰਸ਼ ਦੀ ਹੀ ਕਾਵਿ ਮਈ ਗਾਥਾ ਹੈ... ਸੋ ਇਹ ਸਾਰੀਆਂ ਉਦਾਹਰਣਾਂ ਇਹੋ ਸਪੱਸ਼ਟ ਕਰਦੀਆਂ ਹਨ ਕਿ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਸਵੈਧੀਨਤਾ ਦਾ ਜੀਵਨ ਹੈ."[3]

**ਜ਼ਿੰਦਗੀ ਦੇ ਜਨ ਨੂੰ ਮਾਣਨ ਦਾ ਚਾਅ**: ਪੰਜਾਬੀ ਫਿਤਰਤ ਜੀਵਨ ਜਿਉਣ ਦੀ ਹੈ, ਜੀਵਨ ਬਿਤਾਉਣ ਦੀ ਨਹੀਂ. ਜ਼ਿੰਦਗੀ ਨੂੰ ਜਸਨ ਵਾਂਗ ਮਾਣਨ ਦੇ ਚਾਅ ਵਿਚੋਂ ਹੀ ਪੰਜਾਬ ਦੇ ਮੇਲਿਆਂ, ਤਿਉਹਾਰਾਂ, ਰੀਤਾਂ, ਰਸਮਾਂ, ਰਿਸ਼ਤਾ-ਨਾਤਾ ਪ੍ਰਬੰਧ, ਤੇ ਲੋਕਧਾਰਾ ਆਦਿ ਦਾ ਜਨਮ ਹੋਇਆ ਹੈ. ਇਥੇ ਹੀ ਬੱਸ ਨਹੀਂ, ਇਨ੍ਹਾਂ ਦੇ ਲਈ ਜੰਗ ਵੀ ਪ੍ਰੇਮ ਦੀ ਖੇਡ ਹੀ ਹੋ ਗੁਜਰਦੇ ਰਹੇ ਹਨ. ਪੰਜਾਬ ਦੀ

ਧਰਤੀ 'ਤੇ ਪ੍ਰੇਮ ਅਤੇ ਮੌਤ ਦੀ ਖੇਡ ਵਿਚਕਾਰ ਅੰਤਰ-ਨਿਖੇੜ ਕਰਨਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਹੈ. ਮੌਤ ਨੂੰ ਲਾੜੀ ਸਮਝ ਵਿਆਹੁਣ ਦੀ ਗੱਲ ਕਰਨਾ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ. ਪ੍ਰੇਮ ਦੇ ਸਿਖਰਲੇ ਮੁਕਾਮ 'ਤੇ ਪਹੁੰਚਣ ਤੋਂ ਪਹਿਲਾਂ ਸੀਸ ਤਲੀ ਉੱਤੇ ਧਰਨ ਦੀ ਸ਼ਰਤ ਲਾਜ਼ਮੀ ਹੀ ਪਾਰ ਕਰਨੀ ਮੰਨੀ ਜਾਂਦੀ ਹੈ.

ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰ ਤਲੀ ਗਲੀ ਮੇਰੀ ਆਉ..

ਇਤੁ ਮਾਰਗਿ ਪੈਰ ਧਰੀਜੈ, ਸਿਰੁ ਦੀਜੈ, ਕਾਣਿ ਨਾ ਕੀਜੈ..

(ਗੁਰੂ ਗ੍ਰੰਥ ਸਾਹਿਬ, ਪੰ: 1412)

ਪੰਜਾਬੀਅਤ ਦਾ ਇਤਿਹਾਸ ਅਜਿਹੀਆਂ ਘਟਨਾਵਾਂ ਦੀ ਸਾਖੀ ਭਰਪੂਰ ਰੂਪ ਵਿਚ ਭਰਦਾ ਹੈ.

**ਆਖ਼ਰੀ ਸਿਜਦਾ ਪੁਰਖ ਨਿਯਮ**: "ਜਿਥੇ ਪੰਜਾਬੀ ਗੀਤਾਂ ਦੀ ਰਚਣਹਾਰੀ ਵਧੇਰੇ ਕਰ ਕੇ ਇਸਤਰੀ ਹੈ ਉਥੇ ਅਫ਼ਗਾਨ ਗੀਤਾਂ ਰਚਣ ਵਾਲੇ ਮਰਦ ਹਨ ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਜਿਥੇ ਭਾਰਤ ਵਿਚ ਪਿਆਰੇ ਦੀ ਅਰਾਧਨਾ ਕਰਨੀ ਤੀਵੀਂ ਦੀ ਖਾਸੀਅਤ ਹੈ ਉਥੇ ਅਫਗਾਨਿਸਤਾਨ ਵਿਚ ਪ੍ਰੇਮਿਕਾ ਨੂੰ ਰਿਝਾਂਣਾ ਮਰਦ ਦਾ ਕੰਮ ਹੈ."[4] ਇਹ ਤਫ਼ਸੀਲ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਅਫ਼ਗਾਨ ਪਰੰਪਰਾ ਦੇ ਉਲਟ ਪੰਜਾਬੀ ਪਰੰਪਰਾ 'ਚ ਕੁੱਲ ਕਾਇਨਾਤ ਨੇ "ਸੱਚ ਦੇ ਪੁਰਖ ਰੂਪ ਸਾਹਵੇਂ ਇਸਤ੍ਰੀ ਦੀ ਕੋਮਲਤਾ ਨਾਲ ਖੜ੍ਹਨਾ ਹੈ. ਇਥੇ ਸਿਰਜਣਾਤਮਕਤਾ ਦਾ ਸਿਜਦਾ ਇਸਤਰੀ ਜਜਬਿਆਂ ਦੀ ਕੋਮਲਤਾ 'ਚੋਂ ਕਿਸੇ ਪੁਰਖ ਨਿਯਮ ਹੈ. ਇਸ ਪ੍ਰਭਾਵ 'ਚ ਇਸਤਰੀ ਪ੍ਰਤੀਕ ਦੀ ਘਾੜਤ ਸਹਿਜ ਮਈ ਸੇਵਾ, ਤਿਆਗ, ਨਿਮਰਤਾ ਤੇ ਚਰਨ ਪਰਸਣ 'ਚ ਆਪਣਾ ਪਿਆਰ ਪਾਉਣ ਵਾਲੀ ਜਿਸਮ ਦੀ ਦਿਬਤਾ ਤੇ ਸ਼ਰਮ ਹਿਯਾ ਦੇ ਪਵਿੱਤਰ ਕੱਜਣ, ਵੈਰਾਗਮਈ ਉਡੀਕ 'ਚ ਅਥਰੂ ਹੋਈ ਰੂਪ ਤੇ ਗੁਣ ਦਾ ਮਾਣ ਤੱਜ ਅਰਦਾਸ ਰੂਪ ਹੋ ਬੈਠੀ ਹੈ. ਪੰਜਾਬੀ ਲੋਕਯਾਨ ਦੀ ਇਸਤਰੀ, ਗੁਰੂ ਗ੍ਰੰਥ ਸਾਹਿਬ ਵਿਚ ਉਭਰਦਾ ਜੀਵ ਇਸਤਰੀ ਦਾ ਰੂਪ, ਗੁਰੂ ਦੇ ਮਹਲ ਸਭ ਇਸੇ ਦੈਵੀ ਮੰਡਲ 'ਚੋਂ ਉਭਰਦੇ ਹਨ. ਇਸਤਰੀ ਦਾ ਇਹ ਰੂਪ ਹੀ ਸੰਤਾਂ ਤੇ ਫਕੀਰਾਂ ਰੱਬ ਅੱਗੇ ਅਰਦਾਸ ਦਾ ਤਾਣ ਦਿੰਦਾ ਰਿਹਾ ਹੈ."[5]

**ਮੂਲ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ**: ਪੰਜਾਬੀਅਤ ਦਾ ਮੂਲ ਧੁਰਾ ਸ੍ਰੀ ਗੁਰੁ ਗ੍ਰੰਥ ਸਾਹਿਬ ਹੈ. ਇਸ ਗ੍ਰੰਥ ਦੀ ਰਚਨਾ ਪੰਜਾਬ ਦੇ ਅਜਿਹੇ ਇਤਿਹਾਸਕ ਦੌਰ ਵਿਚ ਹੋਈ ਜਦੋਂ ਪੰਜਾਬੀ ਭਾਸ਼ਾ ਆਪਣਾ ਆਧੁਨਿਕ ਰੂਪ ਧਾਰ ਕਰ ਰਹੀ ਸੀ ਅਤੇ ਪੰਜਾਬ ਦੀ ਧਰਤੀ 'ਤੇ ਸਾਮੀ ਅਤੇ ਆਰਿਆਈ ਪਰੰਪਰਾਵਾਂ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੀਆਂ ਸਨ. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੇ ਜਿਥੇ ਪੰਜਾਬੀ ਭਾਸ਼ਾ ਨੂੰ ਸਥਾਈ ਰੂਪ ਵਿਚ ਸਥਾਪਤ ਕੀਤਾ, ਉਥੇ ਸਾਮੀ ਅਤੇ ਆਰਿਆਈ ਪਰੰਪਰਾਵਾਂ ਨੂੰ ਆਪੋ-ਆਪਣੇ

ਸ਼ੁੱਧ ਸਰੂਪ ਤੇ ਪੂਰੇ ਸੰਤੁਲਨ ਵਿਚ ਲਿਆ ਕੇ ਸਰਬ-ਸਾਂਝੀ ਪੰਜਾਬੀਅਤ ਦੀ ਸਥਾਪਨਾ ਕੀਤੀ. ਸਮਾਜਕ, ਸਭਿਆਚਾਰ ਅਤੇ ਇਤਿਹਾਸਕ ਪੱਖ ਤੋਂ ਵੀ ਡਾ. ਕਰਨੈਲ ਸਿੰਘ ਥਿੰਦ ਆਦਿ ਗ੍ਰੰਥ ਨੂੰ ਅਦੁੱਤੀ ਮੰਨਦੇ ਹਨ. ਉਨ੍ਹਾਂ ਅਨੁਸਾਰ:

> ਸ੍ਰੀ ਗੁਰੂ ਗ੍ਰੰਥ ਸਾਹਿਬ ਜੇਹੀ ਮਹਾਨ ਰਚਨਾ ਜੋ ਸਾਡੀ ਪੰਜ ਸੌ ਸਾਲਾਂ ਸੰਸਕ੍ਰਿਤੀ ਦਾ ਆਤਮਿਕ ਇਹਿਤਾਸ ਹੈ, ਸਾਡਾ ਸਾਂਝਾ ਸਭਿਆਚਾਰਕ ਅਤੇ ਸਮਾਜਿਕ ਇਤਿਹਾਸ ਵੀ ਹੈ ਅਤੇ ਪੰਜਾਬੀਆਂ ਦਾ ਅਮੋਲਕ ਸਾਹਿਤਕ ਵਿਰਸਾ ਵੀ.[6]

## ਹਵਾਲੇ ਅਤੇ ਟਿੱਪਣੀਆਂ


1. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਭਾਗ ਪਹਿਲਾ, ਪੰ. 78
2. ਪ੍ਰੋ. ਪਿਆਰਾ ਸਿੰਘ ਪਦਮ, (ਪੰਜਾਬੀਅਤ ਕੀ ਹੈ) ਗਿਆਰਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ
3. ਪ੍ਰੋ. ਟੀ. ਆਰ. ਵਿਨੋਦ, ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ, ਪੰ. 98-99
4. ਪ੍ਰਭਜੋਤ ਕੌਰ, (ਭੂਮਿਕਾ), ਕੰਧਾਰੀ ਹਵਾ , ਪੰ. 13
5. ਸਿੱਖ ਸ਼ਹਾਦਤ, ਜੂਨ 2006, ਪੰ. 40
6. ਡਾ. ਕਰਨੈਲ ਸਿੰਘ ਥਿੰਦ, ਉਹੀ, ਪੰ. 77


***

# ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਪੰਜਾਬੀ ਨਿਮਨ ਕਿਸਾਨੀ

ਡਾ. ਰਵੀ ਨਾਗਪਾਲ
ਸਹਾਇਕ ਪ੍ਰੋਫ਼ੈਸਰ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ, ਬਠਿੰਡਾ.

ਪੰਜਾਬ ਭਾਰਤ ਦੇ ਖੇਤੀ ਪ੍ਰਧਾਨ ਸੂਬਿਆਂ ਵਿਚੋਂ ਮੋਹਰੀ ਸੂਬਾ ਹੈ. ਪੰਜਾਬ ਦੀ ਜ਼ਿਆਦਾਤਰ ਵਸੋਂ ਪਿੰਡਾਂ ਵਿਚ ਹੀ ਰਹਿੰਦੀ ਹੈ. ਪੰਜਾਬ ਵਿਤ ਉਦਯੋਗਾਂ ਦਾ ਨਾ-ਮਾਤਰ ਹੋਣਾ ਅਤੇ ਖਣਿਜ ਪਦਾਰਥਾਂ ਦੀ ਘਾਟ ਕਾਰਣ ਇਥੋਂ ਦੀ ਆਰਥਿਕ ਵਿਵਸਥਾ ਖੇਤੀ ’ਤੇ ਹੀ ਆਧਾਰਿਤ ਹੈ. ਹਰੀ ਕ੍ਰਾਂਤੀ ਪੰਜਾਬ ਵਿਚ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਆਈ, ਜਿਸ ਕਾਰਣ ਇਹ ਸਮਾਂ ਖੇਤੀਬਾੜੀ ਦੇ ਲਈ ਮਹੱਤਵ ਵਾਲਾ ਸੀ. ਹਰੀ ਕ੍ਰਾਂਤੀ ਆਉਣ ਦੇ ਨਾਲ ਨਵੇਂ ਬੀਜ਼, ਖੇਤੀ ਦੇ ਨਵੇਂ ਸਾਧਨ, ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ, ਜਿਸ ਕਾਰਣ ਫਸਲ ਦੇ ਝਾੜ ਵਿਚ ਵਾਧਾ ਹੋਇਆ. ਪਰੰਪਰਾਗਤ ਖੇਤੀ ਸਾਧਨਾਂ ਨਾਲ ਤਾਂ ਸਿਰਫ਼ ਘਰ ਦੀਆਂ ਜ਼ਰੂਰਤਾਂ ਹੀ ਪੂਰੀਆਂ ਹੁੰਦੀਆਂ ਸਨ ਪਰ ਹਰੀ ਕ੍ਰਾਂਤੀ ਆਉਣ ਦੇ ਨਾਲ ਖੇਤੀ ਇਕ ਵਪਾਰਕ ਧੰਦਾ ਬਣ ਗਈ. ਪਰੰਤੂ ਇਸ ਦਾ ਜ਼ਿਆਦਾਤਰ ਲਾਭ ਉੱਚ ਕਿਸਾਨੀ ਵਰਗ ਨੂੰ ਹੋਇਆ ਅਤੇ ਨਿਮਨ ਕਿਸਾਨ ਦੀ ਸਥਿਤੀ ਹੋਰ ਮਾੜੀ ਹੋ ਗਈ. ਇਸ ਦਾ ਮੁੱਖ ਕਾਰਣ ਇਹ ਸੀ ਕਿ ਅਮੀਰ ਕਿਸਾਨ ਬੈਂਕਾਂ ਤੋਂ ਕਰਜ਼ਾ ਲੈਣ, ਸਬਸਿਡੀ ਉੱਤੇ ਖਾਦਾਂ ਖਰੀਦਣ ਅਤੇ ਕੀੜੇਮਾਰ ਦਵਾਈਆਂ ਖਰੀਦਣ ਵਿਚ ਕਾਮਯਾਬ ਹੋ ਗਏ ਜਦਕਿ ਨਿਮਨ ਕਿਸਾਨ ਇਨ੍ਹਾਂ ਲਾਭਾਂ ਨੂੰ ਪ੍ਰਾਪਤ ਨਾ ਕਰ ਸਕੇ. ਜੇ ਉਹ ਬੈਂਕਾਂ ਤੋਂ ਇਸ ਤਰ੍ਹਾਂ ਦਾ ਕਰਜ਼ਾ ਪ੍ਰਾਪਤ ਕਰ ਵੀ ਲੈਂਦਾ ਸੀ ਤਾਂ ਉਹ ਇਹ ਕਰਜ਼ਾ ਖੇਤੀ ’ਤੇ ਵਰਤਣ ਦੀ ਥਾਂ ’ਤੇ ਵਿਆਹਾਂ ਉੱਤੇ, ਘਰ ਉੱਤੇ ਜਾਂ ਗਹਿਣੇ ਵਗੈਰਾ ਉੱਤੇ ਲਗਾ ਦਿੰਦਾ ਸੀ. ਜਿਸ ਕਾਰਣ ਬਾਅਦ ਵਿਚ ਉਹ ਇਹ ਕਰਜ਼ਾ ਮੋੜਨ ਦੇ ਵਿਚ ਅਸਮਰਥ ਹੋ ਜਾਂਦਾ ਸੀ ਜਿਸ ਕਾਰਨ ਉਹ ਬਹੁਤ ਸਾਰੀਆਂ ਸਮੱਸਿਆਵਾਂ ਵਿਚ ਫਸ ਜਾਂਦਾ ਸੀ. ਇਸ ਤਰ੍ਹਾਂ ਦੀਆਂ ਮੁਸੀਬਤਾਂ/ਸਮੱਸਿਆਵਾਂ ਬਾਰੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ ਨੇ ਆਪਣੇ ਨਾਵਲਾਂ ਵਿਚ ਜ਼ਿਕਰ ਕੀਤਾ ਹੈ.

ਅਣਖੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਵਾਲਾ ਪੰਜਾਬੀ ਦਾ ਇਕ ਮਹੱਤਵਪੂਰਨ ਨਾਵਲਕਾਰ ਹੈ. ਉਹ ਕਿਸਾਨੀ ਨਾਲ ਸਬੰਧਿਤ ਸਮੱਸਿਆਵਾਂ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰ ਸਕਿਆ ਹੈ ਕਿਉਂਕਿ

ਉਹ ਵੀ ਇਕ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ. ਇਸ ਲਈ ਉਹ ਇਨ੍ਹਾਂ ਸਮੱਸਿਆਵਾਂ ਤੋਂ ਭਲੀਭਾਂਤ ਜਾਣੂ ਹੈ. ਉਸ ਨੇ ਆਪਣਾ ਪਹਿਲਾ ਨਾਵਲ 'ਪਰਦਾ ਤੇ ਰੌਸ਼ਨੀ' ਲਿਖਿਆ ਜੋ 1970 ਵਿਚ ਪ੍ਰਕਾਸ਼ਿਤ ਹੁੰਦਾ ਹੈ ਪਰੰਤੂ ਉਸਦੀ ਇਕ ਵੱਖਰੇ ਨਾਵਲਕਾਰ ਦੇ ਤੌਰ 'ਤੇ ਪਹਿਚਾਣ 'ਸੁਲਗਤੀ ਰਾਤ' ਰਾਹੀਂ ਹੁੰਦੀ ਹੈ ਜੋ ਉਸਨੇ 1978 ਵਿਚ ਲਿਖਿਆ. ਇਸ ਤੋਂ ਇਲਾਵਾ ਉਸਨੇ ਕੋਠੇ ਖੜਕ ਸਿੰਘ, ਕੱਖ ਕਾਨਿਆਂ ਦੇ ਪੁੱਲ, ਜ਼ਖਮੀ ਅਤੀਤ, ਜਿਨਿ ਸਰਿ ਸੋਹਨਿ ਪੱਟੀਆਂ, ਪਰਤਾਪੀ, ਦੁੱਲੇ ਦੀ ਢਾਬ, ਜ਼ਮੀਨਾਂ ਵਾਲੇ, ਸਲਫ਼ਾਸ ਤੇ ਕਣਕਾਂ ਦਾ ਕਤਲਾਮ ਨਾਵਲ ਲਿਖੇ. ਨਾਵਲ 'ਕੋਠੇ ਖੜਕ ਸਿੰਘ' ਲਈ 1987 ਵਿਚ ਸਾਹਿਤ ਅਕਾਦਮੀ ਦਾ ਐਵਾਰਡ ਪ੍ਰਾਪਤ ਹੋਇਆ. ਕੋਠੇ ਖੜਕ ਸਿੰਘ ਦਾ ਹਿੰਦੀ ਅਨੁਵਾਦ 'ਕਹਾਨੀ ਏਕ ਗਾਂਵ ਕੀ' ਦੇ ਨਾਂ ਨਾਲ ਛਪਿਆ. ਹਿੰਦੀ ਸਾਹਿਤ ਜਗਤ ਵਿਚ ਵੀ ਇਸ ਨੂੰ ਭਰਪੂਰ ਸਫ਼ਲਤਾ ਪ੍ਰਾਪਤ ਹੋਈ. 2008 ਵਿਚ 'ਕਰਤਾਰ ਸਿੰਘ ਧਾਲੀਵਾਲ' ਸਰਵੋਤਮ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ. ਇਸ ਤੋਂ ਬਿਨਾਂ ਪੰਜਾਬ ਦੇ ਭਾਸ਼ਾ ਵਿਭਾਗ ਨੇ 'ਸ਼੍ਰੋਮਣੀ ਸਾਹਿਤਕਾਰਾਂ' ਦੇ ਸਨਮਾਨ ਸਮੇਤ ਕਈ ਪੁਰਸਕਾਰ ਵੀ ਦਿੱਤੇ.

ਅਣਖੀ ਨੇ ਆਪਣੇ ਨਾਵਲਾਂ ਵਿਚ ਪੰਜਾਬ ਦੇ ਮਾਲਵੇ ਖੇਤਰ ਦੇ ਨਾਲ ਸੰਬੰਧਿਤ ਪੇਂਡੂ ਕਿਸਾਨਾਂ ਦੀਆਂ ਮੁੱਖ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ ਜਿਵੇਂ ਖੁਦਕੁਸ਼ੀਆਂ ਕਰਨਾ, ਜ਼ਮੀਨ ਪ੍ਰਾਪਤੀ ਲਈ ਨਜ਼ਾਇਜ ਤਰੀਕੇ ਅਪਣਾਉਣਏ, ਹੱਥੀਂ ਕਿਰਤ ਨੂੰ ਤਿਆਗਣਾ, ਵਿਆਹ ਸ਼ਾਦੀਆਂ ਤੇ ਫੋਕੀ ਟੋਹਰ ਦਿਖਾਉਣ ਲਈ ਹੱਦੋਂ ਵੱਧ ਖ਼ਰਚਾ, ਘੱਟ ਜ਼ਮੀਨਾਂ ਕਾਰਨ ਵਿਆਹ ਕਰਵਾਉਣ ਵਿਚ ਪ੍ਰੇਸ਼ਾਨੀ, ਦਿਹਾੜੀ ਕਰਨ ਲਈ ਮਜ਼ਬੂਰ ਹੋਣਾ, ਨੌਕਰੀ ਦਾ ਨਾ ਮਿਲਣਾ, ਬੈਂਕਾਂ ਦੇ ਕਰਜ਼ੇ ਦਾ ਨਾ ਮੋੜ ਸਕਣਾ ਆਦਿ.

ਅਣਖੀ ਆਪਣੇ ਨਾਵਲ 'ਪਿੰਡ ਦੀ ਮਿੱਟੀ' ਵਿਚ ਦੱਸਦਾ ਹੈ ਕਿ ਕਿਸ ਤਰ੍ਹਾਂ ਦੂਸਰੇ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ. ਨਵਾਲ ਵਿਚ ਅਜਮੇਰ ਦਾ ਬਾਪੂ ਸੁਰਜਨ ਸਿੰਘ ਨੰਬਰਦਾਰ ਅਤੇ ਬੰਤਾ ਸਿੰਘ ਵਿਚ ਦੋਵੇਂ ਸਕੇ ਭਰਾ ਹਨ. ਇਹਨਾਂ ਦੋਵਾਂ ਭਰਾਵਾਂ ਵਿਚ ਆਪਣੇ ਔਂਤ ਤਾਏ ਗਰਜਾ ਸਿੰਘ ਦੀ ਚਾਰ ਕਿੱਲ੍ਹੇ ਜ਼ਮੀਨ ਪ੍ਰਾਪਤ ਕਰਨ ਲਈ ਦੁਸ਼ਮਣੀ ਪੈ ਜਾਂਦੀ ਹੈ. ਜਦੋਂ ਗਰਜਾ ਸਿੰਘ ਦੀ ਮੌਤ ਹੋ ਜਾਂਦੀ ਹੈ ਤਾਂ ਬੰਤ ਸਿੰਘ ਜਾਇਜ਼ ਜਾਂ ਨਜਾਇਜ਼ ਤਰੀਕਿਆਂ ਦੀ ਮੱਦਦ ਨਾਲ ਗਰਜਾ ਸਿੰਘ ਦੀ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ ਜਿਵੇਂ ਨਾਵਲ ਵਿਚ ਦੇਖਦੇ ਹਾਂ:

> ਬੰਤਾ ਸਿੰਘ ਨੇ ਪਿੰਡ ਦੇ ਪਟਵਾਰੀ ਨੂੰ ਗੱਠਿਆ, ਪਟਵਾਰੀ ਨੇ ਨੰਬਰ ਦੇ ਕੇ ਅਰਜ਼ੀ-ਨਵੀਸ ਰਾਹੀਂ ਤਹਿਸੀਲਦਾਰ ਨੂੰ ਪੈਸੇ ਦਿੱਤੇ ਸਨ ਅਤ ਇੰਤਕਾਲ ਹੋ ਗਿਆ.(1)

ਅਣਖੀ ਆਪਣੇ ਨਾਵਲਾਂ ਵਿਚ ਪੇਸ਼ ਕਰਦਾ ਹੈ ਕਿ ਪੂੰਜੀਵਾਦ ਨੇ ਕਿਸ ਤਰ੍ਹਾਂ ਨਿਮਨ ਕਿਸਾਨੀ ਨੂੰ ਪ੍ਰਭਾਵਿਤ ਕੀਤਾ ਹੈ. ਸਾਮੰਤਵਾਦੀ ਦੌਰ ਵਿਚ ਕਿਸਾਨ ਰਵਾਇਤੀ ਢੰਗ ਨਾਲ ਖੇਤੀ ਕਰਦਾ ਸੀ. ਉਸ ਸਮੇਂ ਉਸਦੀਆਂ ਜ਼ਰੂਰਤਾਂ ਵੀ ਸੀਮਿਤ ਸੀ ਅਤੇ ਖੇਤੀ ਲਾਗਤ ਤੇ ਖ਼ਰਚ ਵੀ ਘੱਟ ਸੀ ਪਰ ਪੂੰਜੀਵਾਦ ਨੇ ਖੇਤੀਬਾੜੀ ਦਾ ਮਸ਼ੀਨੀਕਰਨ ਕਰ ਦਿੱਤਾ ਹੈ. ਹੁਣ ਨਵੇਂ-ਨਵੇਂ ਬੀਜ਼, ਨਦੀਨ ਨਾਸ਼ਕ ਅਤੇ ਰਸਾਇਣਿਕ ਖਾਦਾਂ ਆ ਗਈਆਂ ਹਨ ਜਿਸ ਨਾਲ ਜ਼ਮੀਨ, ਪਾਣੀ ਅਤੇ ਹਵਾ ਦੂਸ਼ਿਤ ਹੋ ਰਹੇ ਹਨ. ਮਸ਼ੀਨੀਕਰਨ ਹੋਣ ਦੇ ਕਾਰਨ ਸੀਰੀ ਅਤੇ ਖੇਤ ਮਜ਼ਦੂਰ ਵਿਹਲੇ ਹੋ ਗਏ ਹਨ, ਜਿਸ ਕਾਰਣ ਉਨ੍ਹਾਂ ਦੀ ਆਰਥਿਕ ਸਥਿਤੀ ਨਿਘਾਰ ਵੱਲ ਜਾਣ ਲੱਗ ਪਈ. ਆਧੁਨਿਕਤਾ ਨੇ ਵੀ ਛੋਟੀ ਨਿਮਨ ਕਿਸਾਨੀ ਨੂੰ ਪ੍ਰਭਾਵਿਤ ਕੀਤਾ ਹੈ. ਆਧੁਨਿਕਤਾ ਆਉਣ ਦੇ ਨਾਲ ਨਿਮਨ ਕਿਸਾਨ ਵੀ ਵੱਡੇ-ਵੱਡੇ ਜ਼ਿਮੀਦਾਰਾਂ ਦੀ ਨਕਲ ਕਰਨ ਲੱਗ ਪਏ ਹਨ. ਉਹ ਉਨ੍ਹਾਂ ਨੂੰ ਵੇਖ-ਵੇਖ ਕੇ ਬੈਂਕਾਂ ਤੋਂ ਕਰਜ਼ੇ ਲੈ ਕੇ ਟਰੈਕਟਰ ਖ਼ਰੀਦ ਰਹੇ ਹਨ ਜਦਕਿ ਉਨ੍ਹਾਂ ਨੂੰ ਇਸ ਦੀ ਜ਼ਰੂਰਤ ਨਹੀਂ ਸੀ. ਅਣਖੀ ਲਿਖਦਾ ਹੈ:

> ਨਵੇਂ ਬੀਜਾਂ, ਮਸ਼ੀਨੀ ਸੰਦਾਂ, ਕੀਟਨਾਸਾਕ ਦਵਾਈਆਂ, ਬਨਾਵਟੀ ਖਾਦਾਂ ਅਤੇ ਢੇਰ ਜਲ-ਸਿੰਚਾਈ ਸਾਧਨਾਂ ਕਰ ਕੇ ਜੱਟ ਨੇ ਕਦੇ ਸੁਰਗ ਦਾ ਸੁਪਨਾ ਲਿਆ ਸੀ. ਆਖਦਾ ਹੁੰਦਾ, ਖੇਤੀ ਇਕ ਰਸਾਇਣਿਕ ਕਿਰਿਆ ਹੈ. ਹਰਾ ਇਨਕਲਾਬ ਵੀ ਆਇਆ ਪਰ ਨਾਲ ਸ਼ਹਿਰ ਸੜਕਾਂ ਦੇ ਪੈਰ ਲੈ ਕੇ ਪਿੰਡਾਂ ਵਿਚ ਆ ਵੜਿਆ. ਪਿੰਡਾਂ ਵਿਚ ਟੈਲੀਵਿਜ਼ਨ ਆਇਆ ਅਤੇ ਬਿਜਲੀ ਸਾਧਨਾਂ ਦੀਆਂ ਸਭ ਸ਼ਹਿਰੀ ਸੁੱਖ-ਸਹੂਲਤਾਂ ਵੀ ਜੱਟ ਦਾ ਜੀਵਨ-ਪੱਧਰ ਪਤਾ ਵੀ ਨਹੀਂ ਲੱਗਿਆ ਕਿਹੜੇ ਵੇਲੇ ਚੁੱਕਿਆ ਗਿਆ ਫ਼ਲਸਰੂਪ ਘਰਾਂ ਦੇ ਖ਼ਰਚੇ ਵੱਧ ਗਏ. ਦੂਜਾ ਪਾਸੇ ਬਿਹਾਰੀ ਮਜ਼ਦੂਰਾਂ ਦੀ ਆਮਦ ਵੀ ਇਕ ਆਫ਼ਤ ਬਣ ਕੇ ਸਾਹਮਣੇ ਆਈ. ਜੱਟ ਦਾ ਪੁੱਤ ਹੁਣ ਸਿਰਫ਼ ਮਸ਼ੀਨਾਂ ਚਲਾਉਂਦਾ ਹੈ. ਹੱਥ ਦਾ ਕੰਮ ਭਈਏ ਕਰਦੇ ਹਨ. ਭਈਏ ਨੇ ਜੱਟ ਨੂੰ ਹੱਡ-ਰੱਖ ਬਣਾ ਕੇ ਰੱਖ ਦਿੱਤਾ. ਪਹਿਲੇ ਸਮਿਆਂ ਵਿਚ ਆੜ੍ਹਤੀਆ ਜੱਟ ਦੀ ਪਹੁੰਚ ਦੇਖ ਕੇ ਉਸ ਨੂੰ ਵਿਆਜੂ ਰੁਪੀਆ ਦਿੰਦਾ ਸੀ, ਉਹ ਵੀ ਚੋਰੀਉਂ, ਦੂਜੇ ਦੇ ਕੰਨ ਸੋਅ ਨਹੀਂ ਹੁੰਦੀ ਸੀ ਪਰ ਬੈਂਕਾਂ ਨੇ ਕਰਜ਼ਿਆਂ ਦੇ ਫ਼ਾਟਕ ਹੀ ਖੋਲ੍ਹ ਦਿੱਤੇ. ਪੰਜ-ਪੰਜ ਏਕੜ ਦੇ ਮਾਲਕ ਨੂੰ ਟਰੈਕਟਰ ਮਿਲ ਜਾਂਦਾ ਹੈ. ਮੱਝਾਂ ਥੋੜ੍ਹੇ ਦਿਨਾਂ ਬਾਅਦ ਹੀ ਮਰ ਜਾਂਦੀਆਂ ਹਨ. ਕਰਜ਼ਿਆਂ ਦਾ ਪੈਸਾ ਖੇਤੀ ਉੱਤੇ ਨਹੀਂ ਜੱਟ ਦੇ ਸਮਾਜਕ ਰੁਝੇਵਿਆਂ ਵਿਚ ਖ਼ਰਚ ਹੁੰਦਾ ਹੈ.[(2)]

ਅਣਖੀ ਦੱਸਦਾ ਹੈ ਕਿ ਹੁਣ ਖੇਤੀ ਦੇ ਖਰਚੇ ਨਿਰੰਤਰ ਵੱਧ ਰਹੇ ਹਨ. ਖੇਤੀ ਦੇ ਹਰ ਖ਼ਰਚ ਤੋਂ ਲੈ ਕੇ ਘਰੇਲੂ ਖ਼ਰਚੇ ਤੱਕ ਕਿਸਾਨ ਨੂੰ ਕਰਜ਼ਾ ਚੁੱਕਣ ਲਈ ਬੇਵੱਸ ਹੋਣਾ ਪੈਂਦਾ ਹੈ. ਸਿੱਟੇ ਵਜੋਂ ਉਹ ਆੜ੍ਹਤੀਏ ਦੇ ਕਰਜ਼ੇ/ਜ਼ਾਲ ਵਿਚ ਫ਼ਸ ਜਾਂਦਾ

ਹੈ ਜਿਨ੍ਹਾਂ ਦੀ ਵਿਆਜ਼ ਦਰ ਵੀ ਬਹੁਤ ਉੱਚੀ ਹੁੰਦੀ ਹੈ. ਕਿਸਾਨ ਦੀ ਆਰਥਿਕ ਤਸਵੀਰ ਇਸ ਸੰਵਾਦ ਵਿਚੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜੋ ਮਿੰਦਰ ਅਤੇ ਉਸ ਦੀ ਭੈਣ ਮੁਖਤਿਆਰ ਕੌਰ ਦਰਮਿਆਨ ਹੁੰਦਾ ਹੈ. ਮਿੰਦਰ ਮੁਖਤਿਆਰੋ ਨੂੰ ਦੱਸਦਿਆਂ ਕਹਿੰਦਾ ਹੈ:

> ਕੀ ਰਰਦੇ, ਘਰ ਦੇ ਖ਼ਰਚ ਈ ਸਾਲੇ ਧਲੀ ਨੀ ਧਰਨ ਦਿੰਦੇ. ਉਹ ਜਿਹੜਾ ਮਰ ਗਿਆ, ਮੁੱਕ ਗਿਆ ਉਹਦੇ ਨਸ਼ੇ-ਪੱਤੇ ਨ੍ਹੀਂ ਸੀ ਹੁੰਦੇ, ਜੇ ਨਾ ਦਿੰਦਾ ਮੈਂ, ਤਾਂ ਉਹ ਖੂਹ ਨੂੰ ਤੁਰਦਾ ਸੀ. ਆਖ਼ਰ ਓਹੀ ਕੀਤੀ ਉਹਨੇ, ਕਿਸੇ ਨੂੰ ਕੀ ਕਹੀਏ... ਖੇਤਾਂ ਦਾ ਖ਼ਰਚ ਅੱਡ, ਖਾਦਾਂ ਤੇ ਦਵਾਈਆਂ 'ਤੇ ਕਿੰਨਾ ਖ਼ਰਚ ਹੋ ਜਾਂਦੈ. ਫਿਰ ਇੰਜਣ ਮੇਰਾ ਸਾਲਾ ਪਾਣੀ ਆਂਗੂੰ ਤੇਲ ਪੀਂਦੈ, ਜਿੰਨਾ ਖ਼ਰਚ ਹੋ ਜਾਂਦੈ, ਉਨੀ ਫ਼ਸਲ ਨ੍ਹੀਂ ਹੁੰਦੀ, ਫ਼ਸਲ ਵੀ ਕਿਹੜਾ ਘਰ ਆਉਂਦੀ ਐ, ਆੜ੍ਹਤੀਆ ਹੀ ਪੂਰੀ ਕਰ ਲੈਂਦੇ.(3)

ਇਸੇ ਤਰ੍ਹਾਂ ਦੀ ਹੀ ਤਸਵੀਰ 'ਸਲਫ਼ਾਸ' ਨਾਵਲ ਵਿਚ ਪੇਸ਼ ਹੁੰਦੀ ਹੈ ਜਦੋਂ ਬੈਂਕ ਮੈਨੇਜ਼ਰ ਨੇ ਬੈਂਕ ਦਾ ਕਰਜ਼ਾ ਨਾ ਮੋੜ ਸਕਣ ਕਰ ਕੇ ਸੰਤਾ ਸਿੰਘ ਦੇ ਭਾਈਚਾਰੇ ਵਿਚ ਪਿੰਡ ਦੀ ਭਰੀ ਸੱਥ ਵਿਚ ਬੇਇਜ਼ਤੀ ਕੀਤੀ ਤਾਂ ਉਸ ਦਾ ਅੰਤਹਕਰਨ ਝੰਜੋੜਿਆ ਗਿਆ. ਆਪਣੇ ਜੱਟ ਹੋਣ ਦਾ ਗੋਰਵ ਉਸ ਨੂੰ ਇਕ-ਦਮ ਮਿੱਟੀ ਹੋ ਗਿਆ ਪ੍ਰਤੀਤ ਹੋਇਆ. ਇਹੋ ਜਿਹੀ ਬੇਇਜ਼ਤੀ ਕਾਰਨ ਉਹ ਜ਼ਿੰਦਗੀ ਜਿਉਣ ਨਾਲੋਂ ਤਾਂ ਉਸਨੇ ਜੀਵਨ ਲੀਲ੍ਹਾ ਸਮਾਪਤ ਕਰ ਲੈਣੀ ਚੰਗੀ ਸਮਝੀ ਤੇ ਉਹ ਸ਼ਹਿਰੋਂ ਆ ਰਿਹਾ ਬੱਸ ਰਸਤੇ ਵਿਚ ਰੁਕਵਾ ਕੇ ਸਿੱਧਾ ਹੀ ਖੇਤ ਚਲਾ ਗਿਆ. ਉੱਥੇ ਜਾ ਕੇ ਉਸਨੇ ਸ਼ਹਿਰੋਂ ਲਿਆਂਦੀਆਂ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਸਦਾ ਲਈ ਕਰਜ਼ੇ ਤੋਂ ਮੁਕਤੀ ਲੈ ਲਈ.

> ਕੋਠੇ ਵਿਚ ਜਾ ਕੇ ਸੰਤੇ ਨੂੰ ਦਾਤੀ ਦੀ ਚੁੰਝ ਨਾਲ ਡੱਬੀ ਖੋਲ੍ਹਦਿਆਂ ਉਸ ਨੂੰ ਖ਼ਾਸਾ ਚਿਰ ਲੱਗ ਗਿਆ. ਨਾਲ ਦੀ ਨਾਲ ਜਿਵੇਂ ਉਹਨੂੰ ਕੋਈ ਘੂਕੀ ਜਿਹੀ ਚੜ੍ਹਦੀ ਜਾ ਰਹੀ ਹੋਵੇ. ਉਸ ਨੇ ਪਾਣੀ ਦਾ ਗਲਾਸ ਲਿਆ ਅਤੇ ਦੋ ਗੋਲੀਆਂ ਜੀਭ ਉੱਤੇ ਰੱਖ ਕੇ ਇਕੋ ਵੱਡੀ ਘੁੱਟ ਨਾਲ ਅੰਦਰ ਸੁੱਟ ਲਈਆਂ.(4)

ਅਣਖੀ ਆਪਣੇ ਨਾਵਲ 'ਕਣਕਾਂ ਦਾ ਕਤਲਾਮ' ਨਾਵਲ ਵਿਚ ਦੱਸਦਾ ਹੈ ਕਿ ਪੂੰਜੀਵਾਦੀ ਯੁੱਗ ਵਿਚ ਅਮੀਰ ਲੋਕ ਕਿਸ ਤਰ੍ਹਾਂ ਆਪਣੇ ਫ਼ਾਇਦੇ ਲਈ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਕਰਦੇ ਹਨ. ਨਾਵਲ ਵਿਚ ਮੁਲਖ ਰਾਜ ਝੱਟ ਹੀ ਬੋਲ ਪੈਂਦਾ ਹੈ ਕਿ ਪਿੰਡੇ ਦੇ ਲੋਕ ਬਹੁਤ ਅੜੀਅਲ ਹਨ ਪਰ ਉਸ ਨੂੰ ਜ਼ਮੀਨ ਚਾਹੀਦੀ ਹੈ ਅਤੇ ਨਾਲ ਹੀ ਦੱਸਦਾ ਹੈ ਕਿ ਇੱਥੇ ਜ਼ਮੀਨ ਦਾ ਭਾਅ ਸਿਰਫ਼ ਢਾਈ ਲੱਖ ਰੁਪਏ ਹੈ ਪਰ ਮੈਂ ਇਹਨਾਂ ਨੂੰ ਤਿੰਨ ਲੱਖ ਰੁਪਿਆ ਦਿੰਦਾ ਹਾਂ

ਪਰ ਫਿਰ ਵੀ ਇਹ ਲੋਕ ਨਹੀਂ ਮੰਨਦੇ. ਮੰਤਰੀ ਜੀ ਕਹਿੰਦੇ ਹਨ ਕਿ ਜਿੰਨੀ ਜ਼ਮੀਨ ਤੈਨੂੰ ਚਾਹੀਦੀ ਹੈ, ਓਨੀ ਜ਼ਮੀਨ ਤੈਨੂੰ ਮਿਲ ਜਾਵੇਗੀ. ਇੱਥੋਂ ਪਤਾ ਲੱਗਦਾ ਹੈ ਕਿ ਜੱਟ ਉਹ ਜ਼ਮੀਨ ਦੇਣ ਨੂੰ ਤਿਆਰ ਨਹੀਂ ਹੁੰਦਾ ਜਿਵੇਂ:

> ਜੱਟ ਕਹਿੰਦੇ, ਅਸੀਂ ਜ਼ਮੀਨ ਕਿਸੇ ਨੂੰ ਵੀ ਵੇਚਣੀ ਨਹੀਂ. ਚਾਹੇ ਕਿੰਨੇ ਲੱਖ ਦਿਉ, ਜ਼ਮੀਨ ਤੋਂ ਬਗ਼ੈਰ ਸਾਡਾ ਗੁਜ਼ਾਰਾ ਨਹੀਂ.(5)

ਅਣਖੀ ਨਿਮਨ ਕਿਸਾਨੀ ਦੀ ਤ੍ਰਾਸ਼ਦ ਸਥਿਤੀ ਨੂੰ ਪੇਸ਼ ਕਰਦਾ ਦੱਸਦਾ ਹੈ ਕਿ ਇਹ ਲੋਕ ਫ਼ੋਕੀ ਟੌਹਰ ਦਿਖਾਉਣ ਦੇ ਲਈ ਆਪਣੇ ਵਿੱਤੋਂ ਬਾਹਰ ਖ਼ਰਚਾ ਕਰਦੇ ਹਨ ਅਤੇ ਕਰਜ਼ੇ ਵਿਚ ਡੁੱਬ ਜਾਂਦੇ ਹਨ. 'ਸਲਫ਼ਾਸ' ਨਾਵਲ ਵਿਚ ਸੰਤਾ ਸਿੰਘ ਦਾ ਮੁੰਡਾ ਕਰਨੈਲ ਸਿੰਘ ਆਪਣੇ ਸਾਲੇ ਦੇ ਵਿਆਹ 'ਤੇ ਆਪਣੀ ਹੈਸੀਅਤ ਤੋਂ ਵੱਧ ਖ਼ਰਚ ਕਰ ਕੇ ਫੋਕੀ ਟੌਹਰ ਦਿਖਾਉਣ ਵੱਲ ਰੁਚਿਤ ਹੈ. ਸੰਤਾ ਸਿੰਘ ਉਸ ਨੂੰ ਘਰ ਦੀ ਮਾੜੀ ਹਾਲਤ ਬਾਰੇ ਦੱਸਦਾ ਹੈ ਪਰ ਕਰਨੈਲ ਕੁੱਝ ਵੀ ਸੁਣਨ ਨੂੰ ਤਿਆਰ ਨਹੀਂ. ਉਹ ਆਪਣੇ ਸਾਲੇ ਨੂੰ ਇਕ ਹਜ਼ਾਰ ਰੁਪਏ ਨਿਉਂਦਾ ਪਾਉਣਾ ਚਾਹੁੰਦਾ ਹੈ. ਉਹ ਸੋਚਦਾ ਹੈ ਕਿ ਨਿਉਂਦੇ ਨਾਲ ਰਿਸ਼ਤੇਦਾਰ ਦੀ ਮੱਦਦ ਵੀ ਹੋ ਜਾਂਦੀ ਹੈ ਪਰ ਉਸ ਦਾ ਬਾਪ ਮੁਸਕਰਾ ਕੇ ਉਸ ਨੂੰ ਅਸਲੀਅਤ ਤੋਂ ਜਾਣੂੰ ਕਰਵਾਉਂਦਾ ਹੈ:

> ਮੱਦਦ ਕਰਨ ਨੂੰ ਆਪਾਂ ਕਿੱਧਰਲੇ ਬਿਰਲੇ ਆਂ? ਨੰਗ ਭੁੱਖ ਨਾਲ ਘੁਲਦੇ ਆਂ. ਆਪਾਂ ਕੀ ਕਰ ਸਕਾਂਗੇ ਮੱਦਦ? ਸੰਤਾ ਮੁਸਕੜੀਏ ਹੱਸ ਕੇ ਬੋਲਿਆ.(6)
>
> ਬੱਸ ਬਾਪੂ, ਤੂੰ ਮੈਨੂੰ ਪੰਜ ਹਜ਼ਾਰ ਲਿਆ ਦੇ, ਚਾਹੇ ਕਾਲੋ ਚੋਰ ਤੋਂ ਲਿਆ ਕੇ ਦੇਹ. ਉਨ੍ਹਾਂ ਦਾ ਆਖ਼ਰੀ ਵਿਆਹ ਐ. ਅਸੀਂ ਕੁੱਝ ਬਣ ਕੇ ਜਾਣੈ. ਕਰਨੈਲ ਨੇ ਸੰਤੇ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਆਖਿਆ.(7)

ਅਣਖੀ ਨੇ ਆਪਣੇ ਨਾਵਲ 'ਸਲਫ਼ਾਸ' ਵਿਚ ਦਿਖਾਇਆ ਹੈ ਕਿ ਕਿਸ ਤਰ੍ਹਾਂ ਅਫ਼ਸਰਾਂ ਦੀ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦੀਆਂ ਨੀਤੀਆਂ ਦੇ ਕਾਰਣ ਨਿਮਨ ਕਿਸਾਨਾਂ ਕੋਲ ਨਕਲੀ ਕੀੜੇਮਾਰ ਦਵਾਈਆਂ ਪਹੁੰਚਦੀਆਂ ਹਨ. ਇਸ ਦੀ ਪੁਸ਼ਟੀ ਨਾਵਲ ਵਿਚ ਉਦੋਂ ਹੁੰਦੀ ਹੈ ਜਦੋਂ ਦਿਆਲੋ ਸੰਤਾ ਸਿੰਘ ਤੋਂ ਪੁੱਛਦੀ ਹੈ ਕਿ ਨਕਲੀ ਦਵਾਈਆਂ ਚੈੱਕ ਕਰਨ ਵਾਲਾ ਕੋਈ ਨਹੀਂ ਤਾਂ ਸੰਤਾ ਸਿੰਘ ਦੇ ਬੋਲ ਅਫ਼ਸਰਸ਼ਾਹੀ ਦੇ ਭ੍ਰਿਸ਼ਟ ਰਵੱਈਏ ਨੂੰ ਬਿਆਨ ਕਰਦੇ ਹਨ:

> ਹੈਗੇ, ਇੰਸ਼ਪਿੱਤਰ ਹੈਗੇ, ਅੱਗ ਲੱਗਦੇ ਨੇ. ਸਰਕਾਰ ਦੀਆਂ ਤਨਖ਼ਾਹਾਂ ਖਾਂਦੇ ਨੇ ਬਥੇਰੇ ਹੈਗੇ. ਪਰ ਦੁਕਾਨਾਂ ਵਾਲੇ ਉਨ੍ਹਾਂ ਦਾ ਮੂੰਹ ਬੰਨ੍ਹ ਦਿੰਦੇ ਹਨ. ਦਵਾਈ ਦਾ ਨਮੂਨਾ ਕਿੱਧਰੇ ਵੀ ਨਕਲੀ ਸਾਬਤ ਨ੍ਹੀਂ ਹੁੰਦਾ.

ਕੀ ਕਰੂਗਾ ਕੋਈ? ਚਾਰ-ਚੁਫ਼ੇਰੇ ਬੇੜਾ ਬੈਠਾ ਪਿਐ ਸਭ ਦਾ. ਦੁਕਾਨਾਂ ਆਲੇ ਧੀ ਦੇ ਜ਼ਾਰ ਗੰਧਲਾ ਪਾਣੀ ਵੇਚਦੇ ਨੇ ਨਿਰਾ. ਪੈਸਾ ਬਣਾਉਂਦੇ ਨੇ. ਜੱਟ ਮਰਦਾ ਫਿਰੇ ਮੇਰਾ ਸਾਲਾ.(8)

ਅਣਖੀ ਇਹ ਵੀ ਦੱਸਦਾ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਨਾਲ ਮਸ਼ੀਨਾਂ ਨਾਲ ਖੇਤੀ ਹੋਣ ਲੱਗ ਪਈ ਜਿਸ ਕਾਰਨ ਹੱਥੀਂ ਕਿਰਤ ਕਰਨ ਵਾਲੇ ਖੇਤ ਮਜ਼ਦੂਰ ਅਤੇ ਕਾਮੇ ਵਿਹਲੇ ਹੋਣ ਲੱਗ ਪਏ.

ਆਪਣੇ ਹੱਥਾਂ ਦਾ ਹੁਣ ਕਿੱਥੇ ਰਹਿ ਗਿਆ ਕੰਮ ਆਪਣਾ. ਕੰਮ ਤਾਂ ਮਸ਼ੀਨ ਕਰਦੀ ਹੈ ਜਾਂ ਭਈਏ ਨੇ. ਝੋਨਾ ਭਈਏ ਬੀਜਦੇ ਨੇ, ਭਈਏ ਵੀ ਵੱਢਦੇ ਨੇ. ਕਣਕ ਟਰੈਕਟਰ ਦੀ ਕਰਾਮਾਤ ਐ, ਵੱਢਣੀ ਕਮੈਣ ਐ, ਜੱਟ ਤਾਂ ਲਵੇ ਨੀਂ ਜਾਂਦਾ ਕੰਮ ਦੇ.(9)

ਉਪਰੋਕਤ ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਅਣਖੀ ਨੇ ਆਪਣੇ ਨਾਵਲਾਂ ਵਿਚ ਨਿਮਨ ਕਿਸਾਨੀ ਦੇ ਯਥਾਰਥ ਨੂੰ ਰੂਪਮਾਨ ਕਰ ਕੇ ਉਨ੍ਹਾਂ ਦੀ ਨਿੱਘਰ ਰਹੀ ਸਥਿਤੀ ਨੂੰ ਪੇਸ਼ ਕੀਤਾ ਹੈ.

## ਹਵਾਲੇ ਅਤੇ ਟਿੱਪਣੀਆਂ


1. ਰਾਮ ਸਰੂਪ ਅਣਖੀ, ਪਿੰਡ ਦੀ ਮਿੱਟੀ, ਪੰਨਾ – 91
2. ਕਹਾਣਈ ਪੰਜਾਬ, ਅੰਕ – 33, ਅਕਤੂਬਰ-ਦਸੰਬਰ 2001, ਪੰਨੇ – 01 ਤੋਂ 02
3. ਰਾਮ ਸਰੂਪ ਅਣਖੀ, ਜ਼ਮੀਨਾਂ ਵਾਲੇ, ਪੰਨਾ – 33
4. ਰੰਜੂ ਬਾਲਾ, ਪੰਜਾਬ ਦੀ ਕਿਰਸਾਨੀ ਦਾ ਸੰਕਟ ਸਮਕਾਲੀ ਨਾਵਲ ਦੇ ਪ੍ਰਸੰਗ ਵਿਚ, ਪੰਨਾ – 28
5. ਰਾਮ ਸਰੂਪ ਅਣਖੀ, ਕਣਕਾਂ ਦਾ ਕਤਲਾਮ, ਪੰਨਾ – 20
6. ਸਰਬਜੋਤ ਸਿੰਘ, ਵਿਸ਼ਵੀਕਰਨ ਸੱਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ, ਪੰਨਾ – 82
7. ਉਹੀ.
8. ਰੰਜੂ ਬਾਲਾ, ਪੰਜਾਬ ਦੀ ਕਿਰਸਾਨੀ ਦਾ ਸੰਕਟ ਸਮਕਾਲੀ ਨਾਵਲ ਦੇ ਪ੍ਰਸੰਗ ਵਿਚ, ਪੰਨਾ – 18
9. ਰਾਮ ਸਰੂਪ ਅਣਖੀ, ਜ਼ਮੀਨਾਂ ਵਾਲੇ, ਪੰਨਾ – 86


***

# ਮਾਧਿਅਮਿਕ (ਸੈਕੰਡਰੀ) ਪੱਧਰ ਤੱਕ ਵਿਗਿਆਨ ਅਤੇ ਇਸ ਦਾ ਅਧਿਆਪਨ


ਡਾ. ਸੁਰਿੰਦਰ ਕੁਮਾਰ ਜਿੰਦਲ

ਮੁੱਖ ਅਧਿਆਪਕ (ਸਟੇਟ ਐਵਾਰਡੀ),

ਸਰਕਾਰੀ ਹਾਈ ਸਕੂਲ, ਰੰਡਿਆਲਾ (ਸ.ਅ.ਸ. ਨਗਰ)

ਪੱਕਾ ਡਾਕ ਪਤਾ: 716/13, ਬੀ.ਸੀ.ਐਨਕਲੇਵ,

ਨੇੜੇ ਸਰਦ ਖਾਨਾ ਮੰਦਰ, ਸਮਾਣਾ-147101, ਜ਼ਿਲ੍ਹਾ ਪਟਿਆਲਾ (ਪੰਜਾਬ).

ਮੋ. 98761-35823

ਈ ਮੇਲ: drskjindal123@gmail.com



**ਸੰਖੇਪ ਸਾਰ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪ੍ਰਾਥਮਿਕ ਪੱਧਰ 'ਤੇ ਵਿਗਿਆਨ ਵਿਸ਼ੇ ਦੀ ਪੜ੍ਹਾਈ ਤੀਜੀ ਜਮਾਤ ਤੋਂ ਸ਼ੁਰੂ ਹੁੰਦੀ ਹੈ. ਤੀਜੀ ਤੋਂ ਪੰਜਵੀਂ ਜਮਾਤ ਨੂੰ ਸਮਾਜਕ ਵਿਗਿਆਨ ਅਤੇ ਵਿਗਿਆਨ ਦਾ ਅਧਿਆਪਨ 'ਮੇਰੀ ਦੁਨੀਆ' ਨਾਮਕ ਪਾਠ-ਪੁਸਤਕਾਂ ਦੀ ਲੜੀ ਰਾਹੀਂ ਕਰਾਇਆ ਜਾਂਦਾ ਹੈ. ਵਿਦਿਆਰਥੀਆਂ ਦੇ ਚੌਗਿਰਦੇ ਦੇ ਵਾਤਾਵਰਨ ਅਤੇ ਪ੍ਰਸਥਿਤੀਆਂ ਅਨੁਸਾਰ ਤਿਆਰ ਕੀਤੀਆਂ ਗਈਆਂ ਇਨ੍ਹਾਂ ਪਾਠ-ਪੁਸਤਕਾਂ ਵਿਚ ਰੌਚਕ ਕਿਰਿਆਵਾਂ ਦਿੱਤੀਆਂ ਗਈਆਂ ਹਨ ਹਲਾਂਕਿ ਸੁਧਾਰ ਦੀ ਕੁਝ ਗੁੰਜਾਇਸ਼ ਵੀ ਹੈ. ਵਿਗਿਆਨ ਦੇ ਅਧਿਆਪਨ ਲਈ ਵਿਗਿਆਨ ਵਿਸ਼ੇ ਦੀ ਪਿੱਠਭੂਮੀ ਵਾਲੇ ਅਧਿਆਪਕਾਂ ਦਾ ਕੋਈ ਪ੍ਰਬੰਧ ਨਹੀਂ ਹੈ. ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਵਿਗਿਆਨ ਇਕ ਜ਼ਰੂਰੀ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਲਈ 'ਵਿਗਿਆਨ' ਨਾਮਕ ਪਾਠ-ਪੁਸਤਕਾਂ (ਲੜੀ ਦੇ ਰੂਪ 'ਚ) ਹਨ ਜੋ ਵਿਆਪਕ ਸੁਧਾਰਾਂ ਦੀ ਮੰਗ ਕਰਦੀਆਂ ਹਨ. ਵਿਗਿਆਨ ਦੇ ਅਧਿਆਪਨ ਲਈ ਵਿਗਿਆਨ ਵਿਸ਼ੇ ਦੀ ਪਿੱਠਭੂਮੀ ਵਾਲੇ ਅਧਿਆਪਕਾਂ ਦਾ ਵਿਸ਼ੇਸ਼ ਪ੍ਰਬੰਧ ਹੈ.


ਵਿੱਦਿਅਕ ਵਰ੍ਹਾ 2017-18 ਤੋਂ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਨਾਂ ਦਾ' ਇਕ ਮਹੱਤਵਾਕਾਂਕਸ਼ੀ ਪ੍ਰਾਜੈਕਟ ਦਸਵੀਂ ਤੱਕ ਹਰ ਜਮਾਤ ਦੇ ਵਿਦਿਅਰਥੀਆਂ ਲਈ ਸ਼ੁਰੂ ਕੀਤਾ ਗਿਆ ਹੈ ਜਿਸ ਅਧੀਨ ਵਿਸ਼ੇਸ਼ ਟੀਚੇ ਮਿੱਥ ਕੇ ਕਿਰਿਆਵਾਂ ਅਧਾਰਤ ਅਧਿਆਪਨ ਕਰਵਾਇਆ ਜਾ ਰਿਹਾ ਹੈ.

## 1. ਜਾਣ–ਪਛਾਣ:

ਕਿਸੇ ਵੀ ਵਿਅਕਤੀ ਲਈ ਰਸਮੀ ਵਿੱਦਿਆ ਦੀ ਸ਼ੁਰੂਆਤ ਸਕੂਲ ਤੋਂ ਹੁੰਦੀ ਹੈ. ਵਿਗਿਆਨ ਦੀ ਸਿੱਖਿਆ ਇਸ ਦਾ ਇਕ ਅਤਿ ਮਹੱਤਵਪੂਰਨ ਅੰਗ ਹੈ ਵਿਗਿਆਨ ਨੂੰ ਇਕ ਵਿਸ਼ੇ ਦੇ ਤੌਰ 'ਤੇ ਲੈਣ ਨਾਲੋਂ ਇਸ ਨੂੰ ਜੀਵਨ ਦਾ ਢੰਗ ਬਨਾਉਣਾ ਜ਼ਿਆਦਾ ਜ਼ਰੂਰੀ ਹੈ. ਢੁਕਵੀਆਂ ਪਾਠ-ਪੁਸਤਕਾਂ ਅਤੇ ਅਧਿਆਪਨ ਵਿਧੀਆਂ ਇਸ ਦਿਸ਼ਾ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀਆਂ ਹਨ. ਸਕਸੇਨਾ (2000:80) ਅਤੇ ਸਿੰਘ (2011:31) ਅਨੁਸਾਰ ਭਾਰਤ ਵਰਗੇ ਮੁਲਕ 'ਚ ਬਹੁਤੇ ਵਿਦਿਅਰਥੀਆਂ ਲਈ ਇਹ ਇਕਲੌਤਾ ਸੂਚਨਾ-ਸ੍ਰੋਤ ਹੁੰਦੀਆਂ ਹਨ ਜਿਸ ਕਾਰਨ ਇਹਨਾਂ ਵੱਲ ਹੋਰ ਕਿਸੇ ਵੀ ਪਠਨ-ਸਮੱਗਰੀ ਨਾਲੋਂ ਵਧੇਰੇ ਧਿਆਨ ਦੇਣਾ ਬਣਦਾ ਹੈ

## 2. ਪ੍ਰਾਥਮਿਕ ਪੱਧਰ: 3.1 ਪਾਠ–ਪੁਸਤਕਾਂ

ਪ੍ਰਾਥਮਿਕ ਪੱਧਰ 'ਤੇ ਪਹਿਲੀ ਅਤੇ ਦੂਜੀ ਜਮਾਤ ਲਈ ਵਿਗਿਆਨ ਵਿਸ਼ੇ ਲਈ ਕੋਈ ਪਾਠ-ਪੁਸਤਕ ਤਜਵੀਜ਼ਤ ਨਹੀਂ ਹੈ ਹਲਾਂਕਿ ਇਨ੍ਹਾਂ ਜਮਾਤਾਂ ਨੂੰ ਅੰਗਰੇਜ਼ੀ ਅਤੇ ਗਣਿਤ ਵਿਸ਼ੇ ਪੜ੍ਹਾਏ ਜਾਂਦੇ ਹਨ. ਤੀਜੀ ਤੋਂ ਪੰਜਵੀਂ ਜਮਾਤ ਨੂੰ ਸਮਾਜਕ ਵਿਗਿਆਨ ਅਤੇ ਵਿਗਿਆਨ ਦਾ ਅਧਿਆਪਨ 'ਮੇਰੀ ਦੁਨੀਆ' ਨਾਮਕ ਪਾਠ-ਪੁਸਤਕਾਂ ਦੀ ਲੜੀ ਰਾਹੀਂ ਕਰਾਇਆ ਜਾਂਦਾ ਹੈ. ਇਨ੍ਹਾਂ ਪਾਠ-ਪੁਸਤਕਾਂ ਵਿਚ ਵਿਦਿਆਰਥੀਆਂ ਦੇ ਚੌਗਿਰਦੇ ਦੇ ਅਨੁਸਾਰ ਰੌਚਕ ਕਿਰਿਆਵਾਂ ਦਿੱਤੀਆਂ ਗਈਆਂ ਹਨ. ਅਸਲੀ ਹਾਲਾਤਾਂ ਅਨੁਸਾਰ ਇਨ੍ਹਾਂ ਕਿਰਿਆਵਾਂ ਵਿਚ ਤਬਦੀਲੀ ਦੀ ਗੁੰਜਾਇਸ਼ ਵੀ ਰੱਖੀ ਗਈ ਹੈ. ਇਹ ਪਾਠ-ਪੁਸਤਕਾਂ ਖੇਤਰੀ ਮਾਹਿਰਾਂ ਵੱਲੋਂ ਕਾਰਜਸ਼ਾਲਾਵਾਂ ਦੌਰਾਨ ਰਾਸ਼ਟਰੀ ਪਾਠਕ੍ਰਮ ਢਾਂਚਾ-2005 ਅਤੇ ਪੰਜਾਬ ਪਾਠਕ੍ਰਮ ਢਾਂਚਾ-2013 ਅਨੁਸਾਰ ਤਿਆਰ ਕੀਤੀਆਂ ਦੱਸੀਆਂ ਗਈਆਂ ਹਨ. ਭਾਵੇਂ ਇਹ ਪਾਠ-ਪੁਸਤਕਾਂ ਆਪਣੇ ਆਪ ਵਿਚ ਕਾਫੀ ਵਧੀਆ ਹਨ ਪਰ ਕਈ ਥਾਈਂ ਸੁਧਾਰ ਦੀ ਗੁੰਜਾਇਸ਼ ਹੈ ਉਦਾਹਰਨ ਵਜੋਂ ਤੀਜੀ ਜਮਾਤ ਦੇ ਅਧਿਆਇ 17 ਵਿਚ 'ਟੈਲੀਗ੍ਰਾਮ' ਦੀ ਗੱਲ ਕਰਦਿਆਂ ਇਕ ਪੈਰਾ ਹੈ:

> ਮੇਰੇ ਰਾਹੀਂ ਦੁਨੀਆਂ ਦੇ ਕੋਨੇ-ਕੋਨੇ ਵਿਚ ਸੁਨੇਹੇ ਤੁਰੰਤ ਹੀ ਪਹੁੰਚ ਜਾਂਦੇ ਹਨ. ਮੇਰੇ ਰਾਹੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ. ਜਦੋਂ ਕਿ ਚਿੱਠੀ ਦੁਆਰਾ ਸੀਮਿਤ ਗੱਲਬਾਤ ਕੀਤੀ ਜਾਂਦੀ ਹੈ. ਹੁਣ ਮੇਰੀ ਵਰਤੋਂ ਘਟਦੀ ਜਾ ਰਹੀ ਹੈ.

ਚੌਥੀ ਜਮਾਤ ਦੇ ਅਧਿਆਇ 16 ਵਿਚ ਦਿਸ਼ਾਵਾਂ ਦਾ ਗਿਆਨ ਦੇਣ ਲਈ ਵਿਦਿਆਰਥੀਆਂ ਨੂੰ 'ਚਿੱਤਰ ਅਨੁਸਾਰ' ਚੜ੍ਹਦੇ ਸੂਰਜ ਵੱਲ ਮੂੰਹ ਕਰ ਕੇ ਖੜ੍ਹੇ ਹੋਣ ਨੂੰ ਕਿਹਾ ਗਿਆ ਹੈ ਜੋ ਕਿ ਅੱਖਾਂ ਨੂੰ ਨੁਕਸਾਨ ਕਰ ਸਕਦਾ ਹੈ. ਉਸਾਰੀ ਅਧੀਨ ਇਕ ਇਮਾਰਤ ਨੂੰ 'ਡੈਮ (ਬੰਨ੍ਹ)' ਲਿਖਿਆ ਗਿਆ ਹੈ ਜਦ ਕਿ ਅੱਗੇ ਚੱਲ ਕੇ ਇਸੇ ਚਿੱਤਰ ਦਾ ਕੈਪਸ਼ਨ ਹੈ 'ਪੱਕਾ ਘਰ ਬਣਦੇ ਹੋਏ'.

### 3. ਉੱਚ–ਪ੍ਰਾਥਮਿਕ ਅਤੇ ਮਾਧਿਅਮਿਕ ਪੱਧਰ:.1 ਪਾਠ–ਪੁਸਤਕਾਂ

ਉੱਚ-ਪ੍ਰਾਥਮਿਕ ਅਤੇ ਮਾਧਿਅਮਿਕ ਪੱਧਰ 'ਤੇ (ਛੇਵੀਂ ਤੋਂ ਦਸਵੀਂ ਜਮਾਤ ਤਕ) 'ਵਿਗਿਆਨ' ਵਿਸ਼ੇ ਦੀ ਪੜ੍ਹਾਈ ਲਈ 'ਵਿਗਿਆਨ' ਨਾਮਕ ਪਾਠ-ਪੁਸਤਕਾਂ ਦੀ ਲੜੀ ਤਜਵੀਜ਼ਤ ਹੈ. ਇਹ ਪੁਸਤਕਾਂ ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਿਲਾਈ ਪਰਿਸ਼ਦ, ਨਵੀਂ ਦਿੱਲੀ ਦੁਆਰਾ ਤਿਆਰ ਪੁਸਤਕਾਂ ਦਾ ਹੀ ਪੰਜਾਬੀ ਅਨੁਵਾਦ ਹਨ ਪਰ ਇਹਨਾਂ ਪੁਸਤਕਾਂ ਦੇ ਅੰਸ਼-ਵਿਸ਼ਲੇਸ਼ਣ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਅਨੁਵਾਦ ਅਤੇ ਟਾਈਪਿੰਗ ਦੌਰਾਨ ਕਈ ਥਾਈਂ ਊਣਤਾਈਆਂ ਰਹਿ ਗਈਆਂ ਹਨ ਜਿਨ੍ਹਾਂ ਵਿੱਚੋਂ ਕਈ ਅਤਿ ਗੰਭੀਰ ਹਨ ਉਦਾਹਰਨ ਵਜੋਂ ਛੇਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਿਚ Hinge Joint ਨੂੰ ਪਹਿਲਾਂ 'ਕਬਜੇਦਾਰ ਜੋੜ', ਫਿਰ 'ਹਿੰਜ ਵਰਗੀ ਜੋੜ' ਤੇ ਫਿਰ 'ਕਬਜ਼ੇਕਾਰ ਜੋੜ' ਲਿਖਿਆ ਗਿਆ ਹੈ; Excretion ਨੂੰ 'ਮਲ-ਨਿਕਾਸ' ਲਿਖਿਆ ਗਿਆ ਹੈ. ਇਕ ਵਾਕ ਨੂੰ ਰੋਜ਼ਾਨਾ ਜ਼ਿੰਦਗੀ ਤੋਂ ਤੋੜਦੇ ਹੋਏ ਲਿਖਿਆ ਗਿਆ ਹੈ:

ਕੀ ਤੁਸੀਂ ਕਦੇ ਕੱਦੂ ਦੇ ਫੁੱਲਾਂ ਨੂੰ ਚਾਵਲਾਂ ਦੇ ਆਟੇ ਵਿਚ ਭਿਉਂ ਕੇ ਅਤੇ ਤਲ ਕੇ ਖਾਧਾ ਹੈ? ਖਾ ਕੇ ਵੇਖੋ?

ਘੱਟੋ-ਘੱਟ ਚਾਰ ਥਾਈਂ Cartilage ਦਾ ਅਨੁਵਾਦ 'ਪਸਲੀ' ਕੀਤਾ ਗਿਆ ਹੈ. ਕਈ ਥਾਈਂ ਅੰਗਰੇਜ਼ੀ ਅਤੇ ਪੰਜਾਬੀ ਦੇ ਸ਼ਬਦ ਲਿਖਣ ਲੱਗੇ ਵੀ ਗ਼ਲਤੀ ਕੀਤੀ ਗਈ ਹੈ. ਅੱਠਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਿਚ ਰਹਿ ਗਈਆਂ ਊਣਤਾਈਆਂ 'ਤੇ ਤਾਂ ਇਕ ਵੱਖਰਾ ਸੈਮੀਨਾਰ ਹੋ ਸਕਦਾ ਹੈ. ਪ੍ਰੂਫ ਰੀਡਿੰਗ, ਆਮ ਜ਼ਿੰਦਗੀ ਤੋਂ ਹਟਵੀਆਂ ਉਦਾਹਰਨਾਂ, ਤਕਨੀਕੀ ਸ਼ਬਦਾਵਲੀ, ਚਿੱਤਰਾਂ ਆਦਿ 'ਚ ਸੋਧ ਕਰਨ ਹਿੱਤ ਇਸ ਪੁਸਤਕ ਨੂੰ ਤੁਰੰਤ ਵਾਪਸ ਲੈਣਾ ਬਣਦਾ ਹੈ. 'ਧੁਨੀ' ਨੂੰ 'ਧੁੰਨੀ', 'ਢਕ' ਨੂੰ 'ਢੱਕ', 'ਬੁਝ' ਨੂੰ 'ਬੁੱਝ', 'ਖਾਨਾਂ' ਨੂੰ 'ਖਾਣਾ', 'ਵਧ' ਨੂੰ 'ਵੱਧ', 'ਘਟ' ਨੂੰ 'ਘੱਟ', 'ਉੱਤੇ' ਨੂੰ 'ਅਤੇ' (ਅਣਗਿਣਤ ਵਾਰ) 'ਪੂਰਬ ਨੂੰ 'ਪੂਰਵ', 'ਛੱਤਾ' (ਸ਼ਹਿਦ ਦਾ ਛੱਤਾ) ਨੂੰ 'ਛੱਤਾਂ', ਲਿਖਿਆ ਗਿਆ ਹੈ. 'Shape' ਦਾ

ਅਨੁਵਾਦ ਕਿਤੇ 'ਬਣਤਰ', ਕਿਤੇ 'ਆਕ੍ਰਿਤੀ', ਕਿਤੇ 'ਅਕ੍ਰਿਤੀ', ਕਿਤੇ 'ਬਣਾਵਟ' ਅਤੇ ਕਿਤੇ 'ਸ਼ਕਲ' ਕੀਤਾ ਗਿਆ ਹੈ. ਅੰਗਰੇਜ਼ੀ-ਸ਼ਬਦਾਵਲੀ 'ਚ ਵੀ ਗ਼ਲਤੀਆਂ ਮਿਲੀਆਂ ਜਿਵੇਂ ਕਿ 'ਮਾਦਾ ਭੇਡ' ਦੀ ਅੰਗਰੇਜ਼ੀ 'Mammary gland' ਲਿਖੀ ਗਈ ਹੈ. ਕਈ ਤਕਨੀਕੀ ਊਣਤਾਈਆਂ ਵੀ ਮਿਲੀਆਂ, ਨਮੂਨੇ ਵਜੋਂ:

- ਸੂਖਮਜੀਵਾਂ ਦੁਆਰਾ ਦੂਸ਼ਿਤ ਕੀਤਾ ਹੋਇਆ ਭੋਜਣ ਖਾਣ ਕਾਰਨ ਭੋਜਣ ਜ਼ਹਿਰੀਲਾ ਹੋ ਜਾਂਦਾ ਹੈ
- ਜਾਲਣ ਦੀਆਂ ਪਰਿਸਥਿਤੀਆਂ ਦੀ ਸੂਚੀ ਬਣਾਓ (ਪਾਠ 6, ਅਭਿਆਸ ਦਾ ਪ੍ਰਸ਼ਨ ਨੰ:1)
- ਕਿਸੇ ਜੀਵ ਦੀ ਸੂਖਮ ਜੀਵਤ ਰਚਨਾ ਨੂੰ ਸੈੱਲ ਕਹਿੰਦੇ ਹਨ
- ਹਰ ਵਾਰ ਜਦੋਂ ਅਸੀਂ ਮੇਜ਼ ਦੀ ਧੂੜ ਨੂੰ ਸਾਫ ਕਰਦੇ ਹਾਂ ਤਾਂ ਪੁਰਾਣੀ ਚਮੜੀ ਦਾ ਬਹੁਤ ਸਾਰਾ ਭਾਗ ਨਸ਼ਟ ਹੋ ਜਾਂਦਾ ਹੈ
- ਅੰਡਾਣੂ ਬਹੁਤ ਹੀ ਸੂਖਮ ਹੋ ਸਕਦੇ ਹਨ ਅਤੇ ਜਿਵੇਂ ਕਿ ਮਨੁੱਖ ਵਿਚ ਬਹੁਤ ਵੱਡੇ ਹੋ ਸਕਦੇ ਹਨ
- ਕੁੱਝ ਜੰਤੂਆਂ ਦੇ ਅੰਡੇ ਇਕੱਠੇ ਕਰਨਾ ਬਹੁਤ ਅਸਾਨ ਹੈ ਕਿਉਂਕਿ ਉਨ੍ਹਾਂ ਦੀ ਮਾਂ ਸਰੀਰ ਤੋਂ ਬਾਹਰ ਅੰਡੇ ਦਿੰਦੀ ਹੈ
- 'ਦੁੱਧ ਗ੍ਰੰਥੀਆਂ' ਦਾ ਅਰਥ 'ਛਾਤੀ' ਲਿਖਿਆ ਗਿਆ ਹੈ
- ਇਸਤਰੀਆਂ ਦੇ 'ਮਾਸਿਕ ਚੱਕਰ' ਨੂੰ ਅੰਗਰੇਜ਼ੀ ਵਿਚ 'Menstroation' ਲਿਖਿਆ ਗਿਆ ਹੈ
- ਪਾਠ10, ਅਭਿਆਸ ਦਾ ਪ੍ਰਸ਼ਨ ਨੰ:10; ਅੰਕੜੇ ਦੇ ਕੇ 'ਗ੍ਰਾਫ ਖਿੱਚਣ' ਲਈ ਕਿਹਾ ਗਿਆ ਹੈ ਪਰ ਗ੍ਰਾਫ ਵੀ ਛਾਪ ਦਿੱਤਾ ਗਿਆ ਹੈ
- ਢਲਵੇਂ ਤਲ ਤੋਂ ਪੈਂਸਿਲ ਸੈੱਲ ਰੋੜ੍ਹਣਾ ਹੈ ਪਰ ਲਿਖਿਆ ਗਿਆ ਹੈ 'ਪੈਂਸਿਲ ਸੈੱਲ ਲਟਕਾ ਦਿਓ'
- ਪਹੇਲੀ ਅਤੇ ਬੂਝੋ ਤੁਹਾਨੂੰ ਯਾਦ ਕਰਵਾਉਣਾ ਚਾਹੁੰਦੇ ਹਨ ਕਿ ਸਾਨੂੰ ਪ੍ਰਯੋਗ ਕਰਦੇ ਸਮੇਂ ਕਦੇ ਵੀ ਮੁੱਖ ਤਾਰਾਂ (mains) ਜਾਂ ਜਨਰੇਟਰ ਜਾਂ ਇਨਵਰਟਰ ਤੋਂ ਬਿਜਲੀ ਸਪਲਾਈ ਨਹੀਂ ਕਰਨੀ ਚਾਹੀਦੀ

ਨੌਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਿਚ ਊਣਤਾਈਆਂ ਭਾਵੇਂ ਕੁਝ ਘੱਟ ਹਨ ਪਰ ਦੂਰ ਕਰਨੀਆਂ ਬਣਦੀਆਂ ਹਨ. ਛੇਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਾਂਗ ਐਥੇ ਵੀ 'Cartilage' ਦਾ ਅਨੁਵਾਦ 'ਪਸਲੀ' ਕੀਤਾ ਗਿਆ ਹੈ. ਕੁਝ ਹੋਰ ਊਣਤਾਈਆਂ, ਨਮੂਨੇ ਵਜੋਂ, ਪੇਸ਼ ਹਨ:

- ਭਾਵੇਂ ਅਸੀਂ ਚੀਨੀ ਜਾਂ ਨਮਕ ਨੂੰ ਆਪਣੇ ਹੱਥ ਵਿਚ ਲਈਏ ਜਾਂ ਕਿਸੇ ਪਲੇਟ ਜਾਂ ਜਾਰ ਵਿਚ, ਇਨ੍ਹਾਂ ਦੇ ਅਕਾਰ ਨਹੀਂ ਬਦਲਦੇ
- ਸਾਡੇ ਨੱਕ ਤੱਕ ਪਹੁੰਚਣ ਵਾਲੀ ਮਹਿਕ ਨੂੰ ਬਿਨਾਂ ਰਸੋਈ ਵਿਚ ਦਾਖਲ ਹੋਏ ਵੀ ਅਸੀਂ ਜਾਣ ਸਕਦੇ ਹਾਂ ਕਿ ਕਿਹੜਾ ਪਦਾਰਥ ਪਕਾਇਆ ਜਾ ਰਿਹਾ ਹੈ
- ਕਿਰਿਆ 5.1: ... ਪਿਆਜ ਦੀ ਅੰਦਰੂਨੀ ਅਵਤਲ ਸਤ੍ਹਾ ਤੋਂ ਅਸੀਂ ਝਿੱਲੀ ਉਤਾਰ ਸਕਦੇ ਹਾਂ. ਇਹ ਝਿੱਲੀ ਮੁੜਣ ਜਾਂ ਸੁੱਕਣ ਤੋਂ ਬਚ ਜਾਂਦੀ ਹੈ... ਪਹਿਲਾਂ ਘੱਟ ਸ਼ਕਤੀ ਵਾਲੇ, ਫਿਰ ਉੱਚ ਸ਼ਕਤੀ ਵਾਲੇ ਸੰਯਿਕਤ ਸੂਖਮਦਰਸ਼ੀ ਨਾਲ ਵੇਖਦੇ ਹਾਂ
- ਇਕ ਕੋਸ਼ਿਕਾ ਆਪਣੇ ਆਪ ਹੀ ਇਕ ਸੰਪੂਰਣ ਜੀਵ ਜਿਵੇਂ ਅਮੀਬਾ, ਕਲੈਮਾਈਡੋਮੋਨਾਸ, ਪੈਰਾਮੀਸ਼ੀਅਮ ਜਾਂ ਬੈਕਟੀਰੀਆ ਹੋ ਸਕਦੀ ਹੈ. ਇਨ੍ਹਾਂ ਜੀਵਾਂ ਵਿਚ ਅਨੇਕ ਸੈੱਲ ਇਕੱਠੇ ਹੋ ਕੇ ਵੱਖ-ਵੱਖ ਕਾਰਜ ਨੇਪਰੇ ਚਾੜ੍ਹਨ ਲਈ ਵੱਖ-ਵੱਖ ਅੰਗਾਂ ਦਾ ਨਿਰਮਾਣ ਕਰਦੇ ਹਨ
- ਧਰੁਵਾਂ ਨਾਲੋਂ ਭੂ-ਮੱਧ ਰੇਖਾ ਤੇ g ਦਾ ਮਾਨ ਵੱਧ ਹੁੰਦਾ ਹੈ (ਅਸਲੀਅਤ ਤੋਂ ਉਲਟ ਲਿਖਿਆ ਗਿਆ ਹੈ)
- ਉਹ ਖੇਤਰ ਜਿੱਥੇ ਸਪਰਿੰਗ ਦੀਆਂ ਕੁੰਡਲੀਆਂ ਨੇੜੇ-ਨੇੜੇ ਆ ਜਾਂਦੀਆਂ ਹਨ, ਨੂੰ ਵਿਰਲ compressions ਕਹਿੰਦੇ ਹਨ (ਅਸਲੀਅਤ ਤੋਂ ਉਲਟ ਲਿਖਿਆ ਗਿਆ ਹੈ)
- ਧੁਨੀ ਦੇ 'ਤਾਰਤਵ (pitch)' ਨੂੰ 'ਭਾਰਤਵ' ਲਿਖਿਆ ਗਿਆ ਹੈ
- ਧੁਨੀ ਲਈ ਇਸਦੀ ਇਕਾਈ ਦਬਾਅ ਜਾਂ ਘਣਤਾ ਹੋਵੇਗਾ
- ਅਨੇਕ ਬਹੁਤੀਆਂ ਆਵ੍ਰਿਤੀਆਂ ਦੇ ਮਿਸ਼ਰਣ ਤੋਂ ਉਪਜੀ ਧੁਨੀ ਨੂੰ ਸੁਰ ਕਹਿੰਦੇ ਹਨ

ਦਸਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਿਚ ਜ਼ਿਆਦਾ ਊਣਤਾਈਆਂ ਪ੍ਰੂਫ-ਰੀਡਿੰਗ ਨਾਲ ਸਬੰਧਤ ਹਨ. ਛੇਵੀਂ ਅਤੇ ਨੌਵੀਂ ਸ਼੍ਰੇਣੀਆਂ ਦੀ ਗ਼ਲਤੀ ਸੁਧਾਰਦੇ ਹੋਏ ਇਹ ਪਾਠ-ਪੁਸਤਕ 'Cartilage' ਨੂੰ 'ਕਾਰਟੀਲੇਜ਼' ਲਿਖਦੀ ਹੈ. ਮੁੱਖ ਊਣਤਾਈਆਂ ਇਸ ਤਰ੍ਹਾਂ ਹਨ:

- ਕਿਰਿਆ 3.12 ਤੋਂ ਉੱਪਰ ਦਿੱਤੀ 'ਕੀ ਤੁਸੀਂ ਜਾਣਦੇ ਹੋ?' ਵਾਲੀ ਡੱਬੀ ਵਿਚਲਾ ਟੈਕਸਟ ਸੋਧਣਾ ਬਣਦਾ ਹੈ
- 'Three dimensional' ਨੂੰ 'ਤਿੰਨ ਅਕਾਰੀ' ਲਿਖਿਆ ਗਿਆ ਹੈ'Hot water-bath' ਨੂੰ ਪਹਿਲਾਂ 'ਜਲ ਤਾਪਨ', ਫਿਰ 'ਜਲ ਤਾਪ' ਅਤੇ ਫਿਰ 'ਵਾਟਰ ਬਾਥ' ਲਿਖਿਆ ਗਿਆ ਹੈ
- 'A couple of grains of rice' ਨੂੰ 'ਦੋ ਚੌਲ' ਲਿਖਿਆ ਗਿਆ ਹੈ
- 'Methanal' ਨੂੰ 'ਮਿਥੇਨਲ' ਅਤੇ ਫਿਰ 'Methanol' ਲਿਖਿਆ ਗਿਆ ਹੈ
- ਛੇਵੀਂ ਸ਼੍ਰੇਣੀ ਦੀ ਪਾਠ-ਪੁਸਤਕ ਵਾਂਗ ਹੀ 'Excretion' ਨੂੰ 'ਮਲ-ਤਿਆਗ' ਲਿਖਿਆ ਗਿਆ ਹੈ
- ਦੰਦਾਂ ਦੀ 'demineralisation' ਨੂੰ ਦੰਦਾਂ ਦਾ 'ਬੇਖੜੀਜੰਕਰਿਤ' ਹੋਣਾ ਲਿਖਿਆ ਗਿਆ ਹੈ
- ਦਿਲ ਦੀ ਅੰਦਰੂਨੀ ਰਚਨਾ ਦਾ ਚਿੱਤਰ ਅਤੇ ਕਾਰਜ ਪ੍ਰਣਾਲੀ ਮੁੜ ਲਿਖਣੇ ਬਣਦੇ ਹਨ
- 'ਲਹੂ ਦਬਾਓ' ਵਾਲੀ ਡੱਬੀ ਮੁੜ ਲਿਖਣੀ ਬਣਦੀ ਹੈ
- ਪੁਸਤਕ ਅਨੁਸਾਰ ਮਨੁੱਖ ਦੇ ਗੁਰਦਿਆਂ ਵਿਚ ਪ੍ਰਤੀਦਿਨ 180 ਮਿਲੀਲੀਟਰ ਫਿਲਟ੍ਰੇਟ ਬਣਦਾ ਹੈ ਅਤੇ ਮੁੜ-ਸੋਖਣ ਕਾਰਨ ਰੋਜ਼ਾਨਾ ਮੂਤਰ ਕੇਵਲ 1 ਜਾਂ 2 ਲਿਟਰ ਰਹਿ ਜਾਂਦਾ ਹੈ. ਅਜਿਹਾ ਕਿਵੇਂ ਹੁੰਦਾ ਹੈ? ਖੋਜ ਦਾ ਵਿਸ਼ਾ ਹੈ
- 'ਓਵਰੀ' ਦਾ ਅਰਥ 'ਬੱਚੇਦਾਨੀ' ਲਿਖਿਆ ਗਿਆ ਹੈ
- ਕਲਚਰ ਤਿਆਰ ਕਰਨ ਲਈ ਪਰਖ ਨਲੀ ਨੂੰ 'ਕਿਸੇ ਗਰਮ ਸਥਾਨ 'ਤੇ' ਰੱਖਣ ਲਈ ਕਿਹਾ ਗਿਆ ਹੈ. 'ਕੋਸਾ ਸਥਾਨ' ਚਾਹੀਦਾ ਸੀ
- ਅੱਖ ਦੇ ਲੇਬਲ-ਚਿੱਤਰ ਵਿਚ 'ਪੁਤਲੀ' ਗ਼ਲਤ ਲੇਬਲ ਕੀਤੀ ਗਈ ਹੈ. 'ਦ੍ਰਿਸ਼ਟੀ ਨਾੜੀ' ਨੂੰ 'ਪ੍ਰਕਾਸ਼ ਨਾੜੀ' ਲਿਖਿਆ ਗਿਆ ਹੈ.
- ਹੀਟਰ ਦੀ ਡੋਰੀ ਚਮਕਣ ਸਬੰਧੀ ਪੁੱਛਿਆ ਗਿਆ ਸਵਾਲ ਅਰਥਹੀਣ ਹੈ
- ਖੰਭੇ 'ਤੇ ਲੱਗੀ ਸੋਲਰ ਲਾਈਟ ਨੂੰ 'ਸੂਰਜੀ ਸੈੱਲ ਪੈਨਲ' ਲਿਖਿਆ ਗਿਆ ਹੈ

ਸਾਲ 2014 ਦੌਰਾਨ ਸੱਤਵੀਂ ਸ਼੍ਰੇਣੀ ਦੀ ਪਾਠ-ਪੁਸਤਕ ਦੇ ਨਵੇਂ ਛਪੇ ਐਡੀਸ਼ਨ ਵਿਚ ਬਹੁਤ ਜ਼ਿਆਦਾ ਊਣਤਾਈਆਂ ਮਿਲਣ ‘ਤੇ ਇਸ ਅਧਿਐਨ-ਕਰਤਾ ਵੱਲੋਂ ਪ੍ਰਕਾਸ਼ਕ ਬੋਰਡ ਨੂੰ ਤੁਰੰਤ ਪੁਸਤਕ ਵਾਪਸ ਲੈਣ ਲਈ ਲਿਖਿਆ ਗਿਆ. ਉਸ ਦੇ ਅਧਿੱਕਤਰ ਸੁਝਾਅ ਮੰਨ ਲਏ ਗਏ; ਨਵੇਂ ਐਡੀਸ਼ਨ ‘ਚ ਊਣਤਾਈਆਂ ਬਹੁਤ ਘੱਟ ਹਨ.

**4. ਸਿੱਟੇ:**

ਵਿਗਿਆਨ ਵਿਸ਼ੇ ਦੀਆਂ ਪਾਠ-ਪੁਸਤਕਾਂ ਵਿਚ ਸੁਧਾਰ ਦੀ ਲੋੜ ਹੈ. ਇਸ ਵਿਸ਼ੇ ‘ਤੇ ਹੋਰ ਸੈਮੀਨਾਰ ਕਰਵਾਏ ਜਾਣ, 8ਵੀਂ ਅਤੇ 9ਵੀਂ ਜਮਾਤਾਂ ਦੀਆਂ ਪਾਠ-ਪੁਸਤਕਾਂ ਤੁਰੰਤ ਵਾਪਸ ਲੈ ਕੇ ਨਵੇਂ ਐਡੀਸ਼ਨ ਛਾਪੇ ਜਾਣ, ਬਾਕੀ ਵਿਸ਼ਿਆਂ ਅਤੇ ਰੋਜ਼ਾਨਾ ਜ਼ਿੰਦਗੀ ਨਾਲ ਜੋੜ ਕੇ ਵਿਗਿਆਨ ਵਿਸ਼ਾ ਪੜ੍ਹਾਉਣ ਦੀ ਸਿਖਲਾਈ ਦੇਣ ਹਿੱਤ ਅਧਿਆਪਕ-ਸਿਖਲਾਈ ਮਾਡਿਊਲ ਬਣਾਏ ਜਾਣ, ਹੌਸਲਾ-ਅਫਜ਼ਾਈ ਵਜੋਂ ਵਿਗਿਆਨ ਅਧਿਆਪਕਾਂ ਨੂੰ ਸਪੈਸ਼ਲ ਗ੍ਰੇਡ ਦਿੱਤਾ ਜਾਵੇ ਅਤੇ ਉਚੇਰੀ ਪੜ੍ਹਾਈ ਲਈ ਉਨ੍ਹਾਂ ਨੂੰ ‘ਸਟੱਡੀ ਲੀਵ’ ਦੇਣ ਦੀ ਵਿਵਸਥਾ ਕੀਤੀ ਜਾਵੇ.

***

# ਜਿਊਣ ਸੱਚ ਬਾਕੀ ਝੂਠ: ਜ਼ਿੰਦਗੀ ਦਾ ਰਹੱਸ

ਪ੍ਰੋ. ਪਰਗਟ ਸਿੰਘ ਬਰਾੜ

ਅਸਿਸਟੈਂਟ ਪ੍ਰੋਫ਼ੈਸਰ, ਬਾਬਾ ਫ਼ਰੀਦ ਕਾਲਜ,

ਦਿਉਣ, ਬਠਿੰਡਾ.

ਸੰਪ. 9803704201

ਜਤਿੰਦਰ ਸਿੰਘ ਹਾਂਸ ਪੰਜਾਬੀ ਸਾਹਿਤ ਜਗਤ ਦਾ ਸਿਰਮੌਰ ਕਹਾਣੀਕਾਰ ਹੈ. ਜਤਿੰਦਰ ਹਾਂਸ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ. ਹਾਂਸ ਬੜੇ ਸਬੂਤੇ ਪੈਰੀਂ ਪੰਜਾਬੀ ਕਹਾਣੀ ਦੇ ਪਿੜ ਵਿਚ ਪ੍ਰਵੇਸ਼ ਕਰਦਾ ਹੈ. ਉਸ ਦੀਆਂ ਸ਼ੁਰੂਆਤੀ ਕਹਾਣੀਆਂ ਨੇ ਹੀ ਹਾਂਸ ਨੂੰ ਸੁਘੜ ਕਹਾਣੀਕਾਰ ਵਜੋਂ ਮਾਨਤਾ ਦਵਾ ਦਿੱਤੀ. ਹਾਂਸ ਨੇ ਦੋ ਕਹਾਣੀ ਸੰਗ੍ਰਹਿ ਪਾਵੇ ਨਾਲ ਬੰਨਿਆ ਕਾਲ, ਈਸ਼ਵਰ ਦਾ ਜਨਮ ਅਤੇ ਇਕ ਨਾਵਲ ਬਸ ਅਜੇ ਏਨਾ ਹੀ ਪੰਜਾਬੀ ਪਾਠਕ ਦੀ ਝੋਲੀ ਵਿਚ ਪਾਇਆ ਹੈ. ਉਸਦੇ ਪਹਿਲੇ ਕਹਾਣੀ ਸੰਗ੍ਰਹਿ ਦੀ ਸਾਹਿਤਕ ਗਲਿਆਰਿਆਂ ਵਿਚ ਭਰਪੂਰ ਚਰਚਾ ਹੋਈ. ਦੂਜੇ ਕਹਾਣੀ ਸੰਗ੍ਰਹਿ ਨੇ ਹਾਂਸ ਨੂੰ ਸਥਪਿਤ ਕਹਾਣੀਕਾਰਾਂ ਦੀ ਪਹਿਲੀ ਸਫ਼ ਵਿਚ ਲਿਆ ਖੜ੍ਹਾ ਕੀਤਾ. ਇਸ ਕਥਨ ਦੀ ਸ਼ਾਹਦੀ ਪ੍ਰੇਮ ਪ੍ਰਕਾਸ਼ ਦੀ ਟਿੱਪਣੀ ਭਰਦੀ ਹੈ :

> "ਉਹਦੀ ਪਹਿਲੀ ਕਹਾਣੀ ਪ੍ਰੇਤ ਤੇ ਦੂਜੀ ਕਹਾਣੀ ਨੰਗੇਜ਼ ਮੈਂ ਲਕੀਰ ਵਿਚ ਛਾਪੀਆਂ ਸਨ. ਤਦ ਮੈਨੂੰ ਲੱਗਿਆ ਸੀ ਕਿ ਇਹ ਕਹਾਣੀਕਾਰ ਨਵਾਂ ਰੰਗ ਲੈ ਕੇ ਆਇਆ ਏ."[1]

ਹਾਂਸ ਨੇ ਆਪਣਾ ਤੀਜਾ ਕਹਾਣੀ ਸੰਗ੍ਰਹਿ ਜਿਉਣਾ ਸੱਚ ਬਾਕੀ ਝੂਠ ਪੰਜਾਬੀ ਪਾਠਕਾਂ ਅਤੇ ਸਾਹਿਤ ਰਸੀਆਂ ਦੀ ਕਚਹਿਰੀ ਵਿਚ ਪੇਸ਼ ਕੀਤਾ ਹੈ. ਇਸ ਕਹਾਣੀ ਸੰਗ੍ਰਹਿ ਨੂੰ ਪੰਜਾਬੀ ਭਾਸ਼ਾ (ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ) ਦਾ ਸਭ ਤੋਂ ਵੱਡਾ ਇਨਾਮ ਢਾਹਾਂ ਪੁਰਸਕਾਰ 2019 ਪ੍ਰਾਪਤ ਹੋਇਆ ਹੈ ਜਿਸਦੀ ਏਸ਼ੀਆਈ ਭਾਸ਼ਾਵਾਂ ਦੇ ਪੁਰਸਕਾਰਾਂ ਵਿਚੋਂ ਸਭ ਤੋਂ ਵੱਡੀ ਇਨਾਮੀ ਰਾਸ਼ੀ ਹੈ.

ਇਸ ਕਹਾਣੀ ਸੰਗ੍ਰਹਿ ਦਾ ਸਿਰਲੇਖ ਪੁਸਤਕ ਵਿਚਲੀ ਸਾਂਝੀ ਤੰਦ ਧੜਕਦੀ ਜ਼ਿੰਦਗੀ ਵੱਲ ਸੰਕੇਤ ਕਰਦਾ ਹੈ. ਹਾਂਸ ਸਧਾਰਨ ਵਿਅਕਤੀ ਦੀ ਸਧਾਰਨ ਜ਼ਿੰਦਗੀ ਦੀਆਂ ਆਮ ਜਿਹੀਆਂ ਸਮੱਸਿਆਵਾਂ, ਘਟਨਾਵਾਂ, ਗੱਲਾਂ-ਬਾਤਾਂ, ਤਲਖੀਆਂ, ਰੰਗੀਨੀਆਂ, ਇੱਛਾਵਾਂ, ਤੌਖਲੇ ਤੇ ਅਕਾਂਖਿਆਵਾਂ ਆਦਿ ਨੂੰ ਕਹਾਣੀ ਵਿਚ ਪੇਸ਼ ਕਰਦਾ ਹੋਇਆ ਨਵੇਂ ਤੇ ਬ੍ਰਹਿਮੰਡੀ ਅਰਥ ਉਸਾਰਦਾ ਵਿਸ਼ਵੀ ਮਾਨਵੀ ਜੀਵਨ ਨੂੰ ਪ੍ਰਤੀਪਾਦਿਤ ਕਰਦਾ ਹੈ.

ਪੁਸਤਕ ਦੀ ਪਹਿਲੀ ਕਹਾਣੀ 'ਙ ਖ਼ਾਲੀ ਨਹੀਂ ਹੁੰਦਾ' ਅਜੋਕੇ ਸਮਾਜ ਵਿਚ ਹਾਸ਼ੀਏ ਉਪਰ ਵਿਚਰ ਰਹੇ ਦਲਿਤਾਂ ਦੇ ਬੱਚਿਆਂ, ਪਰਿਵਾਰਕ, ਸਮਾਜਕ, ਆਰਥਿਕ, ਰਾਜਨੀਤਕ ਤੇ ਮਾਨਸਿਕ ਸਥਿਤੀਆਂ ਦੀ ਬਾਤ ਪਾਉਂਦੀ ਹੈ. ਕਹਾਣੀ ਵਿਚ ਛੋਟੇ-ਛੋਟੇ ਮੁਹਾਵਰਿਆਂ ਅਤੇ ਪ੍ਰਤੀਕਾਂ ਨਾਲ ਹਾਸ਼ੀਆਗਤ ਪਾਤਰ ਜਿੰਦੂ ਦੀ ਜਿੰਦਾਦਿਲੀ ਅਤੇ ਕਾਬਲੀਅਤ ਨਾਲ ਪਰਿਵਾਰਕ ਸਥਿਤੀ, ਸਿਖਿਆ ਪ੍ਰਬੰਧ ਅਤੇ ਸਮਾਜ ਕਿਤੇ ਵੀ ਨਿਆਂ ਕਰਦੇ ਵਿਖਾਈ ਨਹੀਂ ਦਿੰਦੇ. ਜਿੰਦੂ ਦੀ ਬਾਕੀ ਬੱਚਿਆਂ ਦੇ ਸਾਰਥਕ ਪੁੱਠੇ ਨਾਂ ਰੱਖਦ ਦੀ ਮੁਹਾਰਤ, ਮਾਸਟਰ ਦੁਆਰਾ ਉਸ ਨੂੰ ਸ਼ਰਾਰਤੀ ਤੇ ਅਧਿਆਪਕਾ ਦੁਆਰਾ ਸਿਆਸਤੀ ਕਹਿਣਾ, ਉਸ ਦੀ ਯੋਗਤਾ, ਕਲਾ, ਹੁਨਰ ਤੇ ਅਵਚੇਤਨ ਨੂੰ ਪ੍ਰਤੱਖ ਕਰਨ ਦੇ ਪ੍ਰਤੀਕ ਹਨ. ਉਸ ਦੁਆਰਾ ਸ਼ਰਾਬੀ ਦੀ ਐਕਟਿੰਗ ਕਰਨਾ, ਕਹਾਣੀ ਦਾ ਸਿਖ਼ਰ ਹੋ ਨਿਬੜਦਾ ਹੈ. ਵਾਸਤਵ ਵਿਚ ਇਹ ਕੋਈ ਕਲਾਕਾਰੀ ਨਹੀਂ ਬਲਕਿ ਉਸਦੇ ਪਰਿਵਾਰ ਦੀ ਕਰੂਰ ਵਾਸਤਵਿਕਤਾ ਹੈ. ਇਸ ਵਿਚ ਲੇਖਕ ਨੇ ਸਿਖਿਆ ਪ੍ਰਬੰਧ, ਸਿਖਿਆ ਸੰਸਥਾਵਾਂ, ਜਾਤੀਗਤ ਰਾਖਵਾਂਕਰਨ ਦਾ ਸਮਾਜਕ ਅਤੇ ਪ੍ਰਸ਼ਾਸ਼ਨਕ ਨਿਜ਼ਾਮ ਦੇ ਖੋਖਲੇਪਣ ਨੂੰ ਬਾਖੂਬੀ ਰੂਪਮਾਨ ਕੀਤਾ ਹੈ. ਜਿੰਦਗੀ ਦੇ ਸੰਘਰਸ਼ ਵਿਚੋਂ ਨਿਕਲਣ ਵਾਲਾ ਐਸ. ਡੀ. ਐਮ. (ਛਣਝ) ਵੀ ਸਮਾਜਪੱਖੀ ਯਥਾਰਥਕਤਾ ਨਾਲ ਓਤ-ਪੋਤ ਕਰਮਸ਼ੀਲ ਪਾਤਰ ਹੋ ਨਿਬੜਦਾ ਹੈ. ਕਹਾਣੀ ਵਿਚ ਬੇਜ਼ਮੀਨੇ ਜੱਟ ਤੇ ਅਲਪ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਦੋ-ਦੋ ਹੱਥ ਕਰਦੇ ਮਾਸਟਰ ਦੀ ਮਨੋਬਚਨੀ ਵਿਚ ਉਕਰਿਆ ਕਥਨ ਨਿਮਨ ਕਿਸਾਨੀ ਦੀ ਸਮਾਜਕ, ਆਰਥਿਕ, ਪਰਿਵਾਰਕ ਤੇ ਮਾਨਸਿਕ ਸਥਿਤੀ ਅਤੇ ਸਮੱਸਿਆਵਾਂ ਦੀ ਸੰਪੂਰਨ ਕਹਾਣੀ ਬਿਆਨ ਕਰ ਦਿੰਦਾ ਹੈ:

> ਬੇਜ਼ਮੀਨੇ ਜੱਟ ਹੋਣ ਕਰ ਕੇ ਅਤੇ ਨੌਕਰੀ ਕੱਚੀ ਹੋਣ ਕਰ ਕੇ ਮੇਰਾ ਵਿਆਹ ਨਹੀਂ ਹੋਇਆ. ਇਕ ਮੈਡਮ ਜਿਸਦੇ ਮੋਟੀਆਂ ਸ਼ੀਸ਼ਿਆਂ ਦੀਆਂ ਐਨਕਾਂ ਲੱਗੀਆਂ ਹੋਈਆਂ ਸਨ...ਪੋਨੀ ਵੀ ਕੀਤੀ ਸੀ...ਕਾਸ਼ ਏਹ ਵੀ ਮੈਂਨੂੰ ਫੁੱਲ ਭੇਂਟ ਕਰ ਕੇ ਗਲੇ...[2]

ਕਹਾਣੀ ਦਾ ਸਿਰਲੇਖ 'ਙ' ਹੀ ਹਾਸ਼ੀਅਗਤ ਸਥਿਤੀ ਦੇ ਸ਼ਿਕਾਰ ਲੋਕਾਂ ਦੀ ਸਮਾਜਕ, ਆਰਥਿਕ ਅਤੇ ਪਰਿਵਾਰਕ ਦਸ਼ਾ ਤੇ ਦਿਸ਼ਾ ਵੱਲ ਸੰਕੇਤ ਕਰਦਾ ਹੈ. ਕਹਾਣੀ ਵਿਚ ਐਸ. ਡੀ. ਐਮ., ਜਿੰਦੂ ਤੇ ਮਾਸਟਰ ਤਿੰਨੇ ਙ ਦੀ ਸਥਿਤੀ ਨੂੰ ਵੱਖ-ਵੱਖ ਦ੍ਰਿਸ਼ਟੀਕੋਣ ਅਤੇ ਪੈਰਾਮੀਟਰ ਤੋਂ ਉਜਾਗਰ ਕਰਦੇ ਹੋਏ ਨਵੇਂ ਪੈਰਾਡਾਈਮਜ਼ ਸਿਰਜਦੇ ਹਨ.

ਇਸ ਪੁਸਤਕ ਦੀ ਦੂਜੀ ਕਹਾਣੀ 'ਲਵ ਜਿਹਾਦ' ਇਕ ਔਰਤ ਦੀ ਮਨੋਸਥਿਤੀ ਵਿਚਲੇ ਦਵੰਦ ਅਤੇ ਖਿੰਡਾਅ ਨੂੰ ਪੇਸ਼ ਕਰਦੀ ਹੈ. ਕਹਾਣੀ ਦੀ ਕੇਂਦਰ ਪਾਤਰ, ਮਰਦਾਵੇਂ ਸਮਾਜ ਦੀ ਸਰੀਰਕ ਭੁੱਖ ਦੀ ਇੱਛਾ ਦੀ ਅਪੂਰਨਤਾ ਕਾਰਨ ਭੜਕੀ ਹੋਈ ਮਰਦਾਊ ਹਉਮੈਂ ਦੀ ਬਦਲਾਖੋਰੀ ਦੀ ਨੀਤੀ ਦਾ ਸ਼ਿਕਾਰ ਹੁੰਦੀ ਹੈ. ਜਿਸ ਕਾਰਨ ਉਸਦੇ ਮਾਪੇ ਜਲਦੀ ਨਾਲ

ਉਹ ਦਾ ਵਿਆਹ ਕਰ ਕੇ ਆਪਣੇ ਖ਼ਾਨਦਾਨ ਦੀ ਖੋਖਲੀ ਸਮਾਜਕ ਸ਼ਾਨ ਤੇ ਲੱਗਣ ਵਾਲੀ ਕਾਲਖ਼ ਤੋਂ ਬਚਣਾ ਚਾਹੁੰਦੇ ਹਨ. ਕੇਂਦਰੀ ਪਾਤਰ ਸ਼ੋਸ਼ਲ ਮੀਡੀਆ ਰਾਹੀਂ ਬਣੇ ਪਿਆਰ ਨੋਵੀ ਨਾਲ ਕੋਰਟ ਮੈਰਿਜ ਕਰਵਾਉਣ ਵਿਚ ਸਫ਼ਲ ਹੋ ਜਾਂਦੀ ਹੈ. ਪਰ ਨੋਵੀ ਬਾਪ ਬਣਨ ਦੇ ਕਾਬਲ ਨਹੀਂ ਹੁੰਦਾ, ਜਿਸ ਕਾਰਨ ਕੇਂਦਰੀ ਪਾਤਰ ਆਪਣੀ ਬੱਚਾ ਪ੍ਰਾਪਤੀ ਦੀ ਅਕਾਂਖਿਆ ਦੀ ਪੂਰਤੀ ਲਈ ਦੂਜੇ ਮਰਦ ਦੇ ਆਸ਼ਰਿਤ ਹੋਣ ਦੇ ਮਾਨਸਿਕ ਦਵੰਦ ਵਿਚ ਵਿਚਰਦੀ ਹੈ. ਜਿੱਥੇ ਨਾਇਕਾ ਬੱਚਾ ਪ੍ਰਾਪਤੀ ਲਈ ਕਿਸੇ ਗੈਰ ਮਰਦ ਸਾਥੀ ਤੋਂ ਬੀਜ ਲੈਣ ਦੀ ਤਵੱਕੋਂ ਰੱਖਦੀ ਹੈ, ਉੱਥੇ ਹੀ ਰੂਹਾਨੀ ਪਿਆਰ, ਵਿਸ਼ਵਾਸ ਤੇ ਵਿਅਕਤੀਗਤ ਸਾਥ ਦੀ ਇੱਛੁਕ ਹੈ. ਕਹਾਣੀ ਦੇ ਅੰਤ ਤਕ ਨਾਇਕਾ ਦੁਬਿਧਾ ਵਿਚ ਵਿਚਰਦੀ ਹੈ ਅਤੇ ਅਖੀਰ ਵਿਚ ਕਮਲ ਦੇ ਖ਼ੁਦਗਰਜ ਵਿਵਹਾਰ ਤੋਂ ਉਸ ਦੀ ਜਿਸਮਾਨੀ ਭੁੱਖ ਦੀ ਲਾਲਸਾ ਤੇ ਪਿਆਰ ਦੀ ਸੀਮਾ ਦੀ ਸਥੂਲ ਰੂਪ ਵਿਚ ਸਪੱਸ਼ਟ ਹੋ ਜਾਂਦੀ ਹੈ ਅਤੇ ਉਹਦਾ ਪਰ-ਸਰੀਰਕ ਪਿਆਰ ਦਾ ਭਰਮ ਟੁੱਟ ਜਾਂਦਾ ਹੈ. ਚਾਹ ਦਾ ਉੱਬਲ-ਉੱਬਲ ਕੇ ਕੰਢਿਆਂ ਤਕ ਆਉਣਾ, ਨਾਇਕਾ ਦੀਆਂ ਕਾਮ ਅਕਾਂਖਿਆਵਾਂ ਅਤੇ ਦੁਬਿਧਾ ਦੇ ਸਿਖ਼ਰ ਤੋਂ ਨਿਰਣੇ ਤਕ ਪਹੁੰਚਣ ਦਾ ਸੰਕੇਤ ਹੈ. ਕਹਾਣੀ ਵਿਚ ਦੂਜਾ ਮਹੱਤਵਪੂਰਨ ਮਸਲਾ ਔਰਤ (ਸੱਸ) ਦਾ ਔਰਤ (ਨੂੰਹ) ਪ੍ਰਤੀ ਟੀਰਾ ਨਜ਼ਰੀਆ ਹੈ. ਨਮੂਨਾ ਵੇਖੋ:

> ਗਧੀ ਘੋੜੀ ਹੋਵੇ ਤਾਂ ਆਸ ਹੁੰਦੀ ਆ, ਬਈ ਉਹ ਸੂਆ ਦੇਣਗੀਆਂ...ਅਸੀਂ ਤਾਂ ਖੱਚਰ ਪਾਲੀ ਆ. ਕਦੇ ਖੱਚਰ ਵੀ ਸੂਈ ਆ."[3]

ਕਹਾਣੀ ਸੰਗ੍ਰਹਿ ਦੀ ਤੀਜੀ ਕਹਾਣੀ 'ਬਾਕੀ ਸਭ ਝੂਠ ਆ' ਜਿੰਦਗੀ ਨੂੰ ਸਭ ਤੋਂ ਉੱਤਮ ਸ਼ੈਅ ਬਿਆਨਦੀ ਹੈ. ਕਹਾਣੀ ਉੱਤਮ ਪੁਰਖੀ ਬਿਰਤਾਂਤਕਾਰ ਵਿਧੀ ਰਾਹੀਂ ਅੱਗੇ ਤੁਰਦੀ ਹੈ. ਕੇਂਦਰੀ ਪਾਤਰ (ਮੈਂ ਪਾਤਰ) ਆਪਣੇ ਅਤੇ ਆਪਣੇ ਬਾਪ ਦੇ ਜੀਵਨ ਤੇ ਜਿੰਦਗੀ ਪ੍ਰਤੀ ਨਜ਼ਰੀਏ ਦੀ ਸਹਿਜੇ ਤੁਲਨਾ ਪੇਸ਼ ਕਰ ਜਾਂਦਾ ਹੈ. ਮੈਂ ਪਾਤਰ ਵੱਡੇ-ਵੱਡੇ ਸਬਜ਼ਬਾਗ ਵੇਖਦਾ ਹੈ ਪਰ ਉਨ੍ਹਾਂ ਸੁਪਨਿਆਂ ਤੇ ਅਕਾਂਖਿਆਵਾਂ ਦੇ ਸਾਕਾਰ ਨਾ ਹੋਣ ਕਾਰਨ ਨਿਰਾਸ਼ਾ ਵਿਚ ਵਿਚਰਦਾ ਹੈ.

ਕੇਂਦਰੀ ਪਾਤਰ ਦੁਆਰਾ ਟਰੈਕਟਰ ਲਿਆਉਣ ਲਈ ਬਣਾਈ ਘਾੜਤ ਹੀ ਸਾਰੇ ਦੁਖਾਂਤ ਦਾ ਕਾਰਨ ਬਣਦੀ ਹੈ. ਪਰ ਹਰੀ ਸਿੰਘ ਆਸ਼ਾਵਾਦੀ ਵਿਅਕਤੀ ਹੈ ਜੋ ਗੁਰੂ ਮਾਅਰਾਜ ਦੇ ਸਹਾਰੇ ਨਿਰਾਸ਼ਾਯੋਗ ਹਾਲਤਾਂ ਵਿਚ ਸੰਘਰਸ਼ਮਈ ਜੀਵਨ ਜਿਉਂਦਾ ਹੈ ਅਤੇ ਜੀਵਨ ਨੂੰ ਹੀ ਸਭ ਤੋਂ ਵੱਡਾ ਯਥਾਰਥ ਤੇ ਅਣਮੁੱਲੀ ਸ਼ੈਅ ਮੰਨਦਾ ਹੈ. ਵਾਸਤਵ ਵਿਚ ਕਹਾਣੀ ਵਿਪਰੀਤ ਸਥਿਤੀਆਂ ਵਿਚ ਸੰਘਰਸ਼ ਕਰਨ ਅਤੇ ਜਿਉਣ ਦੀ ਇੱਛਾ ਨੂੰ ਪ੍ਰਬਲ ਰੂਪ ਵਿਚ ਬਣਾਈ ਰੱਖਣ ਦੀ ਸਾਹਦੀ ਭਰਦੀ ਹੈ. ਸਬਰ, ਸੰਜਮ, ਸੰਤੋਖ ਤੇ ਸੰਘਰਸ਼ ਜਿੰਦਗੀ ਦੇ ਕੇਂਦਰੀ ਤੱਤ ਹਨ.

ਪੁਸਤਕ ਦੀ ਚੌਥੀ ਕਹਾਣੀ 'ਲੁਤਰੋ' ਅਜੋਕੇ ਪੂੰਜੀਵਾਦੀ ਅਤੇ ਪਦਾਰਥਵਾਦੀ ਦੌਰ ਵਿਚ ਪਲ-ਪਲ ਧੜਕਦੀ ਜ਼ਿੰਦਗੀ ਦੇ ਯਥਾਰਥ ਨੂੰ ਅਗਰਭੂਮੀ ਵਿਚ ਲਿਆਉਂਦੀ ਹੈ. ਸਾਰੀ ਕਹਾਣੀ ਕੇਵਲ ਦੋ ਔਰਤ ਪਾਤਰਾਂ ਦੁਆਰਾ ਸਾਕਾਰ ਹੁੰਦੀ ਹੈ. ਇਕ ਔਰਤ (ਮਾਲਕਣ) ਇਕਲਾਪੇ ਦੀ ਸ਼ਿਕਾਰ ਹੈ, ਜਿਸਦੇ ਨੂੰਹ-ਪੁੱਤ ਵਿਦੇਸ਼ ਵਿਚ ਰਹਿੰਦੇ ਹਨ. ਦਰਅਸਲ ਜ਼ਿੰਦਗੀ ਸਾਥ ਬਿਨ੍ਹਾਂ ਜਿਉਣੀ ਅਸੰਭਵ ਹੈ. ਉਹ ਆਪਣੇ ਸਾਕਾਂ ਸੰਬੰਧੀਆਂ ਤੋਂ ਸੱਖਣੀ, ਇਕੱਲਤਾ ਤੇ ਉਦਾਸੀ ਭਰਿਆ ਜੀਵਨ ਬਤੀਤ ਕਰਦੀ ਹੈ. ਉਸਦਾ ਸਤਹੀ ਵਿਵਹਾਰ ਰੁੱਖਾ ਪ੍ਰਤੀਤ ਹੁੰਦਾ ਹੈ ਪਰ ਅਸਲ ਵਿਚ ਇਹ ਜ਼ਿੰਦਗੀ (ਔਰਤ) ਅੰਦਰਲੀ ਟੁੱਟ-ਭੱਜ, ਮਾਨਸਿਕ ਤਣਾਅ, ਇਕਲਾਪੇ ਤੇ ਗੁੰਝਲਾਂ ਦਾ ਪਰਿਣਾਮ ਹੈ. ਦੂਜੀ ਔਰਤ (ਨੌਕਰਾਣੀ) ਜੋ ਆਪਣੇ ਪਤੀ ਨੂੰ ਛੱਡ ਚੁੱਕੀ ਹੈ ਅਤੇ ਬੱਚਿਆਂ ਲਈ ਸੰਘਰਸ਼ ਭਰਿਆ ਜੀਵਨ ਜਿਉਂ ਰਹੀ ਹੈ. ਉਸ ਵਿਚ ਜ਼ਿੰਦਗੀ ਨੂੰ ਮਾਨਣ ਤੇ ਸੰਵਾਰਨ ਦੀ ਇੱਛਾ ਹੈ. ਜਦਕਿ ਮਾਲਕਣ ਜ਼ਿੰਦਗੀ ਢੋਹ ਰਹੀ ਹੈ. ਕਹਾਣੀ ਵਿਚ ਵਿਦੇਸ਼ੀ ਸਭਿਅਤਾ ਦੀ ਤਰਜ਼ ਤੇ ਉਸਰ ਰਹੇ ਪਦਾਰਥਵਾਦੀ ਨਜ਼ਰੀਏ ਦ ਪ੍ਰਭਾਵ ਨੂੰ ਰੂਪਮਾਨ ਕੀਤਾ ਗਿਆ ਹੈ. ਕਿਵੇਂ ਮਾਲਕਣ ਗੋਡਿਆਂ ਬਹਾਨੇ ਆਪਣੇ ਪੁੱਤ ਨੂੰ ਮਿਲਣਾ ਚਾਹੁੰਦੀ ਹੈ ਪਰ ਪੁੱਤ ਪੂੰਜੀਵਾਦੀ ਕੀਮਤਾਂ ਨੂੰ ਪ੍ਰਣਾਇਆ ਹੋਇਆ, ਹਰ ਸ਼ੈਅ(ਰਿਸ਼ਤੇ) ਤੇ ਲੋੜ ਦੀ ਪੂਰਤੀ ਦਾ ਸਾਧਨ ਕੇਵਲ ਪੈਸਾ ਸਮਝਦਾ ਹੈ ਅਤੇ ਉਹ ਮਾਨਵੀ ਭਾਵਾਂ, ਸੰਵੇਗਾਂ ਤੇ ਪਰਿਵਾਰਕ ਕੀਮਤਾਂ ਤੋਂ ਪੂਰੀ ਤਰ੍ਹਾਂ ਸੱਖਣਾ ਹੈ. ਇਸ ਲਈ ਉਹ ਆਪਣੀ ਮਾਂ ਕੋਲ ਜਾਣ ਦੀ ਬਜਾਇ ਉਸਦੇ ਗੋਡਿਆਂ ਦੇ ਇਲਾਜ ਲਈ ਪੈਸੇ ਭੇਜ ਦਿੰਦਾ ਹੈ. ਵਾਸਤਵ ਵਿਚ ਪੂੰਜੀਵਾਦੀ ਸਮਾਜ ਵਿਚ ਪੈਸੇ ਨੇ ਜ਼ਿੰਦਗੀ, ਰਿਸ਼ਤੇ-ਨਾਤਿਆਂ, ਆਪਣਾਪਣ ਤੇ ਪਿਆਰ ਨੂੰ ਮਕਾਨਕੀ ਸਰੂਪ ਵਿਚ ਬਦਲ ਕੇ, ਉਨ੍ਹਾਂ ਦੀ ਮਹੱਤਤਾ ਨੂੰ ਸਿਫਰ ਕਰ ਦਿੱਤਾ ਹੈ. ਪੂੰਜੀਵਾਦੀ ਸਮਾਜ ਦਾ ਯਥਾਰਥ ਇਸ ਕਥਨ ਰਾਹੀਂ ਝਲਕਦਾ ਹੈ:

> ਮਰਨ ਵੇਲੇ ਕੋਈ ਕੋਲ ਨਾ ਹੋਵੇ ਇਹ ਗੱਲ ਤਾ ਇਕੱਲਿਆਂ ਰਹਿਣ ਨਾਲੋਂ ਵੀ ਵੱਧ ਔਖਾ ਕਰਦੀ ਆ.[4]

> ਪੁੱਤ ਮੇਰੀ ਗੱਲ ਯਾਦ ਰੱਖੀਂ, ਹੁਣ ਤੂੰ ਆਪਣੇ ਜੁਆਕਾਂ ਨੂੰ ਸੈੱਟ ਕਰਨ ਲਈ ਮੈਨੂੰ ਛੱਡ ਕੇ ਚਲਿਆ ਗਿਆ, ਫਿਰ ਤੇਰੇ ਜੁਆਕਾਂ ਨੇ ਆਪਣੇ ਜੁਆਕ ਸੈੱਟ ਕਰਨ ਲਈ ਤੈਨੂੰ ਛੱਡ ਕੇ ਚਲੇ ਜਾਣਾ.[5]

ਪੁਸਤਕ ਦੀ ਪੰਜਵੀਂ ਕਹਾਣੀ 'ਅੰਨ ਬ੍ਰਹਮ ਹੈ' ਸਮੁੱਚੇ ਰੂਪ ਵਿਚ ਸਮਾਜ ਵਿਚ ਆ ਰਹੀ ਨੈਤਿਕ ਗਿਰਾਵਟ ਦੀ ਗੱਲ ਕਰਦੀ ਹੈ. ਚੌਕੀਦਾਰ ਦਾ ਨਾਂ ਜਿਉਣਾ ਲੇਖਕ ਦਾ ਸੁਚੇਤ ਯਤਨ ਹੈ, ਜੋ ਸਮਾਜ ਵਿਚ ਜਿਉਂਣ ਤੇ ਜਾਗਣ ਦਾ ਪ੍ਰਤੀਕ ਹੈ. ਪਾਤਰ ਦਾ ਪ੍ਰਤੀਕ ਬੋਧੀ ਨਾਮਕਰਨ ਕਰਨਾ, ਲੇਖਕ ਦੀ ਚੇਤੰਨਤਾ ਦਾ ਪ੍ਰਗਟਾਵਾ ਹੈ. ਕਹਾਣੀ ਵਿਚ ਪਰਵਾਸੀ ਔਰਤ

(ਯੂ.ਪੀ.) ਦੇ ਥਾਂ-ਥਾਂ ਤੇ ਵਿਕਣ ਅਤੇ ਉਸਦੀ ਬੱਚੀ ਨਾਲ ਹੋਏ ਬਲਾਤਕਾਰ ਦੇ ਘਟਨਾਕ੍ਰਮ ਨੂੰ ਪ੍ਰਸਤੁਤ ਕੀਤਾ ਗਿਆ ਹੈ. ਪਿੰਡ ਦੇ ਜ਼ਿੰਮੇਵਾਰ ਬੰਦੇ ਔਖੇ ਸਮੇਂ ਵਿਚ ਲੋੜਵੰਦ ਦੇ ਨਾਲ ਨਹੀਂ ਖੜ੍ਹਦੇ, ਸਗੋਂ ਪੂੰਜੀਵਾਦੀ ਪ੍ਰਬੰਧ ਦੇ ਸਮੱਰਥਕ ਵਜੋਂ ਕਾਰਜਸ਼ੀਲ ਹੁੰਦੇ ਹਨ. ਕਾਮਰੇਡ ਮੋਹਨ ਸਿੰਘ ਅਜੋਕੇ ਨਿਜ਼ਾਮ ਵਿਰੁੱਧ ਸੰਘਰਸ਼ ਕਰ ਰਹੇ ਮਨੁੱਖ ਦੀ ਹੋਣੀ ਨੂੰ ਰੂਪਮਾਨ ਕਰਦਾ ਹੈ, ਜਿਸਨੂੰ ਸਮੇਂ-ਸਮੇਂ ਤੇ ਸੰਘਰਸ਼ਸ਼ੀਲ ਹੋਣ ਅਤੇ ਨੇਕ ਨੀਅਤ ਨਾਲ ਹਾਸ਼ੀਆਗਤ ਲੋਕਾਂ ਦੀ ਸਹਾਇਤਾ ਕਰਨ ਦੇ ਇਵਜ਼ਾਨੇ ਵਜੋਂ ਪ੍ਰਸ਼ਾਸ਼ਨਕੀ ਤੇ ਪੁਲਸੀਆ ਜ਼ਬਰ-ਜੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ. ਜੋ ਕਿ ਵਾਸਤਵ ਵਿਚ ਪੂੰਜੀਵਾਦੀ ਨਿਜ਼ਾਮ ਦੇ ਆਮ ਲੋਕਾਂ ਦੇ ਸੰਘਰਸ਼ ਅਤੇ ਬਗਾਵਤ ਨੂੰ ਦਬਾਉਣ ਦੇ ਮਾਤਰ ਹੱਥ ਕੰਡੇ ਬਣੇ ਹੁੰਦੇ ਹਨ. ਕਹਾਣੀ ਵਿਚ ਸੰਘਰਸ਼ ਸ਼ੀਲ ਜੱਥੇਬੰਦੀਆਂ ਵਿਚਲੀ ਖਿਚੋਤਾਣ ਨੂੰ ਬਾਖੂਬੀ ਚਿਤਰਿਆ ਗਿਆ ਹੈ. ਅਸਲ ਵਿਚ ਸਮਾਜ ਨੂੰ ਪੂੰਜੀਵਾਦੀ ਪ੍ਰਬੰਧ ਨੇ ਜਾਤਾਂ, ਧਰਮਾਂ, ਅਹੁਦਿਆਂ, ਵਰਗਾਂ ਆਦਿ ਕਈ ਥਾਵਾਂ ਤੇ ਵੰਡਿਆ ਹੋਇਆ ਹੈ. ਨਮੂਨਾ ਵੇਖੋ:

> ਕਾਮਰੇਟਾ ਆਪਣੇ ਪਿੰਡ ਆਲਾ ਜ਼ੈਲਦਾਰ ਦਾ ਜੰਗੀਰ ਸਿਓਂ ਕਿੱਥੇ ਆ?
>
> ਉਹ ਨੀ  ਆਇਆ.
>
> ਸਰਪੰਚ ਅਰਮ ਸਿੰਘ ਕਿੱਥੇ ਆ?
>
> ਅਹੁ ਖੜ੍ਹਾ ਸਟੇਸ਼ਨ ਦੇ ਕਮਰੇ ਕੋਲ ਛੱਲੀ ਭੋਰ-ਭੋਰ ਚੱਬ ਰਿਹਾ."[6]

ਵਾਸਤਵ ਵਿਚ ਛੱਲੀ ਦਾ ਭੋਰ-ਭੋਰ ਚੱਬਣਾ, ਪੂੰਜੀਵਾਦੀ ਪ੍ਰਬੰਧ ਦੇ ਜਨ ਸੰਘਰਸ਼ ਅਤੇ ਲੋਕਾਂ ਨੂੰ ਭੋਰਨ, ਖਿਲਾਰਨ ਤੇ ਦਬਾਉਣ ਦਾ ਸੰਕੇਤਕੀ ਬੋਧ ਕਰਾਉਂਦਾ ਹੈ. ਕਾਮਰੇਡ ਨੂੰ ਚੌਕੀਦਾਰ ਤੇ ਬੰਸੇ ਦੁਆਰਾ ਕਾਮਰੇਟ ਆਖਣਾ ਵੀ ਲੇਖਕ ਦਾ ਸੁਚੇਤ ਯਤਨ ਪ੍ਰਤੀਤ ਹੁੰਦਾ ਹੈ. ਅਸਲ ਵਿਚ ਕਾਮਰੇਟ ਮੋਹਣ ਸਿੰਘ ਦੇ ਕਿਰਤ ਦੀ ਉਜ਼ਰਤ ਮੰਗਣ ਵਾਲਿਆਂ ਦੀ ਪਾਲ਼ ਵਿਚ ਖਲੋਣ ਦਾ ਪ੍ਰਤੀਕ ਹੈ ਜੋ ਬੁਰਜੂਆ ਧਿਰ ਵਜੋਂ ਕਾਰਜਸ਼ੀਲ ਹੈ. ਸੰਘਰਸ਼-ਸ਼ੀਲ ਸਥਿਤੀਆਂ ਵਿਚ ਪੰਜਾਬ ਦੇ ਨਿਮਨ ਕਿਸਾਨੀ ਅਤੇ ਦਲਿਤ ਸਮਾਜ ਦੀ ਆਰਥਿਕ, ਰਾਜਨੀਤਕ ਤੇ ਮਾਨਸਿਕ ਸਥਿਤੀ ਨੂੰ ਇਸ ਸੰਵਾਦ ਰਾਹੀਂ ਬੜੇ ਪ੍ਰਮਾਣਿਕ ਰੂਪ ਵਿਚ ਚਿਤਰਿਆ ਗਿਆ ਹੈ:

> ਤੇਰੇ ਖੇਤਾਂ ਚ ਤੇਰੇ ਖਾਣ ਜੋਗੀ ਕਣਕ ਹੁੰਦੀ ਆ, ਤੈਂ ਵੇਚਣੀ ਨੀਂ. ਮੈਂ ਕਣਕ ਮੁੱਲ ਲੈਣੀ ਆ. ਆਪਾਂ ਰੇਲ ਦੀ ਪਟੜੀ ਤੇ ਮਰਨ ਨੂੰ ਪਏ ਆਂ, ਬਈ ਕਣਕ ਦਾ ਭਾਅ ਵਧਾਵੋ.[7]

ਕਹਾਣੀ ਵਿਚ ਯੂ.ਪੀ. ਵਿਚੋਂ ਮੁੱਲ ਲਿਆਂਦੀਆਂ ਔਰਤਾਂ ਦੀ ਯਥਾਰਥਕ ਸਥਿਤੀ ਨੂੰ ਚਿਤਰਿਆ ਗਿਆ ਹੈ. ਦੂਜੇ ਪਾਸੇ ਉਨ੍ਹਾਂ ਦੀ ਜਿਸਮੀ ਭੁੱਖ ਦੀ ਪੂਰਤੀ ਲਈ ਵਰਤੋਂ ਕਰਨ ਅਤੇ ਸਰੀਰਕ ਹਵੱਸ ਦੀ ਪੂਰਤੀ ਲਈ ਸਮਾਜ ਵਿਚ ਆਈ

ਨੈਤਿਕ ਗਿਰਾਵਟ, ਬੱਚੀ ਨਾਲ ਕੀਤੇ ਗਏ ਬਲਾਤਕਾਰ ਤੋਂ ਉਜਾਗਰ ਹੁੰਦੀ ਹੈ. ਦਰਅਸਲ ਇਹ ਕਹਾਣੀ ਸਮਾਜ ਦੇ ਘਿਨੌਣੇ ਚਿਹਰੇ ਦੀ ਯਥਾਰਥਕ ਤਸਵੀਰ ਨੂੰ ਬੜੀ ਖ਼ੂਬਸੂਰਤੀ ਨਾਲ ਕੈਨਵਸ ਉੱਤੇ ਚਿਤਰਦੀ ਹੈ.

'ਅੱਧੇ ਸੌ ਦਾ ਨੋਟ" ਕਹਾਣੀ ਪਰਵਾਸੀ ਜੀਵਨ ਜੀਵਨ ਤੇ ਝਾਤ ਪਾਉਂਦੀ ਹੈ. ਕਿਵੇਂ ਪੰਜਾਬ ਵਿਚ ਸਰਦਾਰੀ ਭੋਗਦੇ ਪਰਿਵਾਰ, ਵਿਦੇਸ਼ਾਂ ਵਿਚ ਦਿਹਾੜੀਆਂ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ. ਤਾਰੋ ਵਰਗੀਆਂ ਔਰਤਾਂ ਥਾਂ-ਥਾਂ ਧੱਕੇ ਖਾਂਦੀਆਂ, ਇਕੱਲਤਾ ਵਿਚ ਆਪਣੇ ਪਿਛੋਕੜ ਨੂੰ ਮਨ ਵਿਚ ਚਿਤਵਦੀਆਂ ਉਦਰੇਵੇਂ ਵਿਚ ਵਿਲਕਦੀਆਂ ਰਹਿੰਦੀਆਂ ਹਨ. ਨਮੂਨਾ ਵੇਖੋ:

> ਪੇਕਿਆਂ ਦੀ ਅਵਤਾਰ, ਸੁਹਰੀਂ ਲਾਗੀਆਂ-ਤੱਥੀਆਂ ਦੀ ਸਰਦਾਰਨੀ ਤੇ ਅੱਧੇ ਪਿੰਡ ਦੀ ਮਾਂ ਜੀ, ਜੀਹਨੂੰ ਕੋਈ ਸਿੱਧਾ ਝਾਕ ਨਹੀਂ ਸੀ ਸਕਦਾ...ਏਥੇ ਉਸ ਨਾਂ ਨਾਲ ਬਲਾਉਂਦਾ, ਜਿਹੜੇ ਨਾਂ ਨਾਲ ਲਾਲੀ ਦਾ ਬਾਪੂ ਬਲਾਉਂਦਾ ਸੀ.[8]

ਕਹਾਣੀ ਵਿਚ ਮੋਗੇ ਦੀ ਮੌਤ ਪਰਵਾਸ ਦੇ ਸਮਾਜਕ ਅਤੇ ਪਰਿਵਾਰਕ ਰਿਸ਼ਤਿਆਂ ਦੇ ਯਥਾਰਥ ਨੂੰ ਹੋਰ ਵਧੇਰੇ ਉਘਾੜ ਕੇ ਪੇਸ਼ ਕਰਦੀ ਹੈ. ਕਹਾਣੀ ਵਿਚ ਪੰਜਾਬ ਤੋਂ ਪਰਵਾਸ ਜਾਣ ਲਈ ਲੋਕ ਮਨ ਵਿਚ ਮੱਚੀ ਹੋਈ ਖਲਬਲੀ ਨੂੰ ਇਸ ਸੰਵਾਦ ਰਾਹੀਂ ਬੜੀ ਸੰਜੀਵਤਾ ਨਾਲ ਉਜਾਗਰ ਕੀਤਾ ਗਿਆ ਹੈ:

> ਹੁਣ ਇਹਦਾ ਮੁੰਡਾ ਵਿਆਹੁਣ ਵਾਲਾ ਹੋ ਗਿਆ. ਉਹਦਾ ਇਹ ਅੱਧਾ ਕਰੋੜ ਮੰਗਦਾ, ਜਾਣੀ ਪੰਜਾਹ ਲੱਖ. ਲੋਕ ਦੇ ਵੀ ਦੇਣਗੇ. ਪੰਜਾਬ 'ਚ ਬਥੇਰੇ ਨੇ ਜਿਹੜੇ ਕਨੇਡੇ ਆਉਣ ਲਈ ਪੂਛਾਂ ਚੱਕੀ ਫਿਰਦੇ ਨੇ. ਜੇ ਇਹ ਪੰਜਾਬ ਰਹਿੰਦੇ ਹੁੰਦੇ ਤਾਂ ਭਈਆ ਰਾਣੀ ਦੇ ਪੋਤੇ ਨੂੰ ਕਿਸੇ ਨੇ ਸਾ ਕਵੀ ਨਹੀਂ ਸੀ ਕਰਨਾ.[9]

ਇਸ ਪ੍ਰਕਾਰ ਇਹ ਕਹਾਣੀ ਪੰਜਾਬੀ ਸਮਾਜ ਵਿਚ ਅਜੇ ਵੀ ਜੱਟ ਹਉਮੈਂ, ਜਾਤੀਵਾਦ ਅਤੇ ਨਸਲੀ ਵਿਤਕਰੇ ਦੇ ਮੌਜੂਦ ਹੋਣ ਨੂੰ ਉਜਾਗਰ ਕਰਦੀ ਹੈ.

'ਰਸ-ਰੰਗ' ਇਸ ਪੁਸਤਕ ਦੀ ਸਿਖ਼ਰਲੀ ਤੇ ਉੱਤਮ ਸ਼ੈਲੀ ਦੀ ਕਹਾਣੀ ਹੈ. ਇਸ ਵਿਚ ਰੂਹ ਦੇ ਹਾਣ ਦੇ ਪਿਆਰ ਦੀ ਭੁੱਖ-ਘਾਟ ਦੀ ਰੜਕ ਨੂੰ ਵਿਸ਼ੇ ਵਜੋਂ ਨਿਭਾਇਆ ਗਿਆ ਹੈ. ਕੇਂਦਰੀ ਪਾਤਰ ਫੋਰੜ ਆਪਣੀ ਪਤਨੀ ਨਾਲ ਸਰੀਰਕ ਮੇਲ ਤੋਂ ਪਹਿਲਾਂ ਦਿਲਾਂ ਅਤੇ ਵਿਚਾਰਾਂ ਦਾ ਸੁਮੇਲ ਚਾਹੁੰਦਾ ਹੈ. ਪਰ ਪਤਨੀ ਇਸ ਸਥਿਤੀ ਨੂੰ ਸਮਝਣ ਵਿਚ ਅਸਮਰੱਥ ਰਹਿੰਦੀ ਹੈ. ਉਹ ਦੁਨਿਆਵੀ ਰਿਸ਼ਤਿਆਂ ਵਿਚ ਸਰੀਰਕ ਸਬੰਧਾਂ ਦੀ ਜ਼ਰੂਰਤ ਨੂੰ ਅੰਤਿਮ ਸ਼ਰਤ ਮੰਨਦੀ ਹੋਈ, ਫੋਰੜ ਦੀ ਮਰਦਾਨਗੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੰਦੀ ਹੈ ਅਤੇ ਸਹੁਰਾ ਪਰਿਵਾਰ ਛੱਡ ਕੇ ਆਪਣੇ ਪੇਕੇ ਜਾ ਬੈਠਦੀ ਹੈ. ਇਹ

ਕਹਾਣੀ ਜਿੰਦਗੀ ਵਿਚ ਰੂਹਾਨੀ ਸਾਥਣ ਦੀ ਭਾਲ ਦੀ ਜੁਸਤ-ਜੂ ਅਤੇ ਫੋਰੜ ਵਰਗੇ ਪਾਤਰਾਂ (ਰੂਹਾਨੀ ਪਿਆਰ ਦੇ ਆਸ਼ਕ) ਦੀ ਮਾਨਸਿਕ ਸਥਿਤੀ ਨੂੰ ਰੂਪਮਾਨ ਕਰਦੀ ਹੈ. ਸਮਾਜਕ ਪ੍ਰਤੀਮਾਨਾਂ ਅਤੇ ਸਭਿਆਚਾਰਕ ਕੋਡਾਂ ਤੋਂ ਹੱਟਵੀਂ ਸੋਚ ਕਾਰਨ ਕੇਂਦਰੀ ਪਾਤਰ ਦੀਆਂ ਬਹੁਤੀਆਂ ਗੱਲਾਂ ਸਾਥੀ ਪਾਤਰਾਂ ਨੂੰ ਬੇਥਵੀਆਂ ਹੀ ਲੱਗਦੀਆਂ ਹਨ. ਵਾਸਤਵ ਵਿਚ ਉਹ ਜਿੰਦਗੀ ਨੂੰ ਰੂਹਾਂ ਦੇ ਸੰਗੀਤ ਵਿਚ ਮਾਨਣ ਦਾ ਸੁਦਾਈ ਹੈ. ਦੂਜੇ ਪਾਸੇ ਸਮਾਜਕ ਸੰਸਥਾ ਪਿੰਡ ਵਿਚ ਉਸ ਉੱਪਰ ਲੱਗੇ ਕਲੰਕ ਰੂਪੀ ਸਵਾਲੀਆ ਨਿਸ਼ਾਨ ਨੂੰ ਓਸ ਦਾ ਬਾਪ, ਜੈਲੋ ਦੀ ਚਲਾਕੀ ਤੇ ਮਿੰਦਰੋ ਦੀ ਸਹਾਇਤਾ ਨਾਲ ਮਿਟਾਉਣ ਤਕ ਕੁਲੰਝਦਾ ਰਹਿੰਦਾ ਹੈ ਅਤੇ ਸਫ਼ਲ ਹੋਣ ’ਤੇ ਸੰਤੋਸ਼ਜਨਕ ਮਾਨਸਿਕ ਸਥਿਤੀ ਨੂੰ ਪਹੁੰਚਦਾ ਹੈ. ਪੰਜਾਬੀ ਸਮਾਜ ਦੀ ਸਭਿਅਤਾ, ਸਭਿਆਚਾਰਕ ਪ੍ਰਤੀਮਾਨਾਂ ਅਤੇ ਪਰਿਵਾਰਕ ਕੋਡਾਂ ਵਿਚ ਕਾਮੁਕਤਾ ਤੇ ਮਰਦਾਵੇਂਪਣ ਦੇ ਸਬੂਤ (ਤੀਵੀਂ ਨੂੰ ਰੱਖਣਾ) ਨੂੰ ਜਿਸ ਸਥਿਤੀ ਤੇ ਸੰਦਰਭ ਵਿਚ ਪ੍ਰਮਾਣਿਤ ਕੀਤਾ ਜਾਂਦਾ ਹੈ, ਉਸ ਦੀ ਵਿਆਕਰਨ ਹੇਠਲੇ ਵਾਰਤਾ ਵਸਤੂ ਦੇ ਚਿਹਨਾਂ ਵਿਚੋਂ ਸਮਝੀ ਜਾ ਸਕਦੀ ਹੈ :

> ਮਲੱਖ ਜੈਲੋ ਨੂੰ ਧੀਰੇ ਅਮਲੀ ਦੀ ਨਹੀਂ, ਕੈਲੇ ਜੁਗਤੀ ਦੀ ਜੈਲੋ ਕਹਿੰਦੇ...ਹੋਰ ਤਾਂ ਪਤਾ ਨਹੀਂ ਬਾਪੂ ਉਸਨੂੰ ਕੀ ਦਿੰਦਾ, ਸ਼ਾਮ ਨੂੰ...ਸ਼ਬਜੀਆਂ, ਸਾਗ, ਬਾਲਣ...ਜ਼ਰੂਰ ਲੈ ਕੇ ਜਾਂਦੀ.”[10]

> ਰੋਟੀ ਆਲਾ ਪੋਣਾ ਤਾਂ ਕੁੱਤਾ ਚੁੱਕ ਕੈ ਲੈ ਗਿਆ. ਚੱਲ ਵਧੀਆ ਹੋਇਆ. ਤੂੰ ਐਂ ਕਰ ਪਿਆਜ਼ ਕੱਟ, ਤਿਆਰੀ ਕਰ, ਮੈਂ ਸ਼ਹਿਰੋਂ ਮੀਟ ਲੈ ਕੇ ਆਉਂਨਾ.[11]

ਅਖੀਰ ਤਕ ਕੇਂਦਰੀ ਪਾਤਰ ਅਰੂਹ ਦੇ ਹਾਣ ਦੀ ਤੀਵੀਂ ਨੂੰ ਤਰਸਦਾ ਰਹਿੰਦਾ ਹੈ ਜੋ ਪੰਜਾਬੀ ਸਮਾਜ ਵਿਚਲੇ ਰਿਸ਼ਤਿਆਂ ਖ਼ਾਸ ਕਰ ਪਤੀ-ਪਤਨੀ ਦੇ, ਧਰਾਤਲੀ ਯਥਾਰਥ ਨੂੰ ਰੂਪਮਾਨ ਕਰਦਾ ਹੈ.

‘ਗਹਿਣਾ’ ਤੇ ‘ਵਿਸ਼ਵ ਸੁੰਦਰੀ’ ਬੜੀਆਂ ਸੂਖਮ ਭਾਵੀ ਕਹਾਣੀਆਂ ਹਨ. ਇਹਨਾਂ ਵਿਚ ਕ੍ਰਮਵਾਰ ਔਰਤ ਅਤੇ ਮਰਦ ਦੀਆਂ ਮਨੋਭਾਵਨਾਵਾਂ, ਅਧੂਰਾਪਣ, ਅਕਾਂਖਿਆਵਾਂ, ਸਮਾਜਕ ਦਬਾਅ ਅਤੇ ਸੰਵੇਦਨਾਵਾਂ ਨੂੰ ਕਲਾਤਮਕਲ ਰੂਪ ਵਿਚ ਚਿਤਰਿਆ ਗਿਆ ਹੈ. ਗਹਿਣਾ ਕਹਾਣੀ ਦੀ ਕੇਂਦਰੀ ਪਾਤਰਾ ਆਪਣੀਆਂ ਆਧੂਰੀਆਂ ਇੱਛਾਵਾਂ ਦੇ ਵਸ ਅਜੇਹੀ ਮਨੋਸਥਿਤੀ ਵਿਚ ਪਹੁੰਚ ਜਾਂਦੀ ਹੈ ਕਿ ਉਸਨੂੰ ਆਪਣੀ ਇੱਛਾ ਪੂਰਤੀ ਲਈ ਹਰ ਸੁਖਾਵਾਂ-ਅਣ-ਸੁਖਾਵਾਂ ਘਟਨਾਕ੍ਰਮ ਵੀ ਸਧਾਰਨ ਲੱਗਦਾ ਹੈ. ਉਹ ਆਪਣੀਆਂ ਇੱਛਾਵਾਂ ਨੂੰ ਬਚਪਨ ਤੋਂ ਹੀ ਮਨ ਵਿਚ ਦਬਾਉਂਦੀ ਆ ਰਹੀ ਹੈ ਜੋ ਮਰਦ ਪ੍ਰਧਾਨ ਸਮਾਜ ਦੀ ਜਾਗੀਰਦਾਰੂ ਪਹੁੰਚ ਅਧੀਨ ਔਰਤ ਵਰਗ ਦੇ ਕੀਤੇ ਜਾ ਰਹੇ ਮਾਨਸਿਕ ਸ਼ੋਸ਼ਣ ਦਾ ਪ੍ਰਤੱਖਣ ਹੈ. ਕੇਂਦਰੀ

ਪਾਤਰ ਦਾ ਆਪਣੀ ਇੱਛਾ ਦੀ ਪੂਰਤੀ ਹਿੱਤ ਆਪਣੇ ਪਤੀ ਦੀ ਮੌਤ ਨੂੰ ਚਿਤਵਣਾ, ਵਾਸਤਵ ਵਿਚ ਮਰਦ ਪ੍ਰਧਾਨ ਸਮਾਜ ਦੀ ਜਾਗੀਰੂ ਪਹੁੰਚ ਪ੍ਰਤੀ ਔਰਤ ਦੀ ਅਚੇਤ ਬਗਾਵਤ ਹੈ. ਵਿਸ਼ਵ ਸੁੰਦਰੀ ਕਹਾਣੀ ਵਿਚ ਮਰਦ ਦੇ ਮਨ ਵਿਚ ਅਛੋਪਲੇ ਹੀ ਪਲ ਰਹੀਆਂ ਅਕਾਂਖਿਆਵਾਂ, ਵਿਆਹ ਬਾਹਰੇ ਸਬੰਧਾਂ ਅਤੇ ਜਿਸਮਾਨੀ ਪਿਆਰ ਦੀ ਅਸਹਿਜ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ. ਇਸ ਵਿਚ ਪੰਜਾਬੀ ਸਮਾਜ ਦੇ ਪ੍ਰਤੀਮਾਨਾਂ, ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਦੀ ਟੁੱਅ-ਭੱਜ ਦੇ ਨਾਲ-ਨਾਲ ਸਧਾਰਨ ਮਨੁੱਖ (ਔਰਤ-ਮਰਦ) ਦੇ ਅੰਦਰ ਹੋ ਰਹੀ ਟੁੱਟ-ਭੱਜ ਨੂੰ ਵੀ ਕਲਾਮਈ ਢੰਗ ਨਾਲ ਚਿਤਰਿਆ ਗਿਆ ਹੈ. ਕਹਾਣੀ ਵਿਚ ਪਤਨੀ ਆਪਣੇ ਵਿਦੇਸ਼ ਗਏ ਪਤੀ ਪ੍ਰਤੀ ਵਫ਼ਾਦਾਰ ਰਹਿਣ ਦੀ ਥਾਂ, ਪਦਾਰਥਕ ਅਤੇ ਮਾਨਸਿਕ ਸਥਿਤੀਆਂ ਲਈ ਪਤੀ ਦਾ ਬਦਲ ਓਪਰੇ ਮਰਦ ਵਜੋਂ ਲੱਭ ਲੈਂਦੀ ਹੈ.

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਵਰਿਆਮ ਸੰਧੂ ਦੁਆਰਾ ਜਤਿੰਦਰ ਹਾਂਸ ਨੂੰ ਪੰਜਾਬੀ ਕਹਾਣੀ ਦੀ ਜੜ੍ਹ ਹਰੀ ਰੱਖਣ ਵਾਲਾ ਕਹਾਣੀਕਾਰ ਕਹਿਣਾ ਕੋਈ ਅਤਿਕਥਨੀ ਨਹੀਂ ਹੈ. ਇਸ ਪੁਸਤਕ ਵਿਚਲੀਆਂ ਕਹਾਣੀਆਂ ਵਿਚ ਹਾਂਸ ਨੇ ਸਧਾਰਨ ਘਟਨਾਵਾਂ ਤੇ ਸਧਾਰਨ ਵਿਅਕਤੀ ਦੇ ਜੀਵਨ ਨੂੰ ਆਪਣੇ ਕਥਾ ਵਸਤੂ ਦਾ ਵਿਸ਼ਾ ਬਣਾਇਆ ਹੈ. ਉਸਨੇ ਆਪਣੇ ਕਹਾਣੀ ਸੰਸਾਰ ਵਿਚ ਸਧਾਰਨ ਮਨੁੱਖ ਦੀ ਸਮਾਜਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਮਾਨਸਿਕ ਦਬਾਵਾਂ ਅਧੀਨ ਵਿਚਰਦੀ ਜਿੰਦਗੀ ਨੂੰ ਕੇਂਦਰ ਵਿਚ ਰੱਖਿਆ ਹੈ. ਇਸ ਕਹਾਣੀ ਸੰਗ੍ਰਹਿ ਵਿਚ ਜਤਿੰਦਰ ਹਾਂਸ ਦੀ ਮਾਨਵਵਾਦੀ ਪਹੁੰਚ ਨੂੰ ਵਧੇਰੇ ਪਰਿਪੱਕ ਹੁੰਦਿਆਂ ਵੇਖਿਆ ਜਾ ਸਕਦਾ ਹੈ.

## ਹਵਾਲੇ


1. ਜਤਿੰਦਰ ਸਿੰਘ ਹਾਂਸ, ਜਿਉਣਾ ਸੱਚ ਬਾਕੀ ਝੂਠ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ ਨੰ. 9
2. ਉਹੀ, ਪੰਨਾ ਨੰ. 20
3. ਉਹੀ, ਪੰਨਾ ਨੰ. 35
4. ਉਹੀ, ਪੰਨਾ ਨੰ. 57
5. ਉਹੀ, ਪੰਨਾ ਨੰ. 57
6. ਉਹੀ, ਪੰਨਾ ਨੰ. 67-68
7. ਉਹੀ, ਪੰਨਾ ਨੰ. 68
8. ਉਹੀ, ਪੰਨਾ ਨੰ. 79
9. ਉਹੀ, ਪੰਨਾ ਨੰ. 81
10. ਉਹੀ, ਪੰਨਾ ਨੰ. 100
11. ਉਹੀ, ਪੰਨਾ ਨੰ. 104


***

# ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵਾੜ: ਇਤਿਹਾਸਿਕ ਵਿਸ਼ਲੇਸ਼ਣ

ਬਲਦੀਪ ਸਿੰਘ ਰਾਮੂਵਾਲੀਆ
ਸੰਪਰਕ: 95601-85402

ਕਿਸੇ ਸਮੇਂ ਸਰਦਾਰ ਨਾਹਰ ਸਿੰਘ ਐਮ. ਏ. ਹੁਣਾਂ ਕਿਹਾ ਸੀ, ਸਿੱਖ ਇਤਿਹਾਸ ਨਾਲ ਕੇਵਲ ਕੋਈ ਸਿੱਖ ਸਿਧਾਂਤ ਦਾ ਜਾਣੂ ਸਿੱਖ ਹੀ ਇਨਸਾਫ਼ ਕਰ ਸਕਦਾ ਹੈ. ਤਵਾਰੀਖ਼ ਇਸ ਗੱਲ ਦੀ ਗਵਾਹ ਹੈ ਕਿ ਸਿੱਖਾਂ ਨੇ ਇਤਿਹਾਸ ਸਿਰਜਿਆ ਬਹੁਤ, ਪਰ ਉਸ ਨੂੰ ਆਪਣੀ ਕਲਮ ਨਾਲ ਲਿਖਿਆ ਬਹੁਤਾ ਮੁਸਲਮਾਨਾਂ, ਹਿੰਦੂਆਂ ਤੇ ਗੋਰਿਆਂ ਨੇ; ਉੱਪਰੋਂ ਸਿਤਮ ਜ਼ਰੀਫ਼ੀ ਇਹ ਕਿ ਰਾਜਨੀਤਿਕ, ਮਜ਼੍ਹਬੀ ਨਫ਼ਰਤ ਕਰਕੇ ਸਿੱਖ ਤਵਾਰੀਖ਼ ਦੇ ਨੈਣ ਨਕਸ਼ ਵਿਗਾੜ ਦਿੱਤੇ ਗਏ. ਭਲਾ ਹੋਵੇ ਸ. ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਹੁਣਾਂ ਦਾ ਜਿਨ੍ਹਾਂ ਸਿੱਖ ਇਤਿਹਾਸਕਾਰੀ ਦਾ ਬੀਜ ਬੀਜਿਆ. ਸ. ਕਰਮ ਸਿੰਘ ਇਤਿਹਾਸਕਾਰ ਨੇ ਸਭ ਤੋਂ ਪਹਿਲਾਂ ਤੱਥ ਅਧਾਰਿਤ ਸਿੱਖ ਇਤਿਹਾਸਕਾਰੀ ਦੀ ਨੀਂਹ ਰੱਖੀ, ਜਿਸ ਨੂੰ ਅੱਗੇ ਬਾਵਾ ਪ੍ਰੇਮ ਸਿੰਘ ਹੋਤੀ, ਗੰਡਾ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਰਣਧੀਰ ਸਿੰਘ ਆਦਿ ਨੇ ਤੋਰਿਆ. ਇਨ੍ਹਾਂ ਵਿਦਵਾਨਾਂ ਤੋਂ ਅਗਲੀ ਨਸਲ ਦਾ ਸਿੱਖ ਇਤਿਹਾਸਕਾਰ ਹੈ; ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵਾੜ. ਮਾਝੇ ਦਾ ਇਹ ਸਰਦਾਰ ਜ਼ਿੰਦਗੀ ਦੇ 9 ਦਹਾਕੇ ਪੂਰੇ ਕਰ ਚੁੱਕਾ ਹੈ. ਸਿੱਖ ਇਤਿਹਾਸ ਤੇ ਉਹ ਵੀ ਖ਼ਾਸ ਤੌਰ 'ਤੇ ਅਠਾਰ੍ਹਵੀਂ ਸਦੀ ਦਾ ਇਨ੍ਹਾਂ ਦੀ ਰੂਹ ਦੀ ਖ਼ੁਰਾਕ ਹੈ. ਗੁਰਮੁਖੀ, ਹਿੰਦੀ, ਅੰਗਰੇਜ਼ੀ, ਉਰਦੂ, ਫ਼ਾਰਸੀ, ਅਰਬੀ ਜ਼ੁਬਾਨਾਂ ਦਾ ਮਾਹਿਰ ਇਹ ਦਾਨਿਸ਼ਵਰ ਹੁਣ ਤੱਕ ਪੰਜ ਕਿਤਾਬਾਂ ਤੇ ਬੇਅੰਤ ਲੇਖ ਸਿੱਖ ਇਤਿਹਾਸ ਦੀ ਝੋਲੀ ਪਾ ਚੁੱਕਾ ਹੈ.

ਪ੍ਰਿੰਸੀਪਲ ਸਵਰਨ ਸਿੰਘ ਹੁਣਾਂ ਦਾ ਜਨਮ 11 ਅਗਸਤ 1930 ਈਸਵੀ ਨੂੰ ਮਾਝੇ ਪੱਟੀ ਇਲਾਕੇ ਦੇ ਘੁੱਗ ਵੱਸਦੇ ਪਿੰਡ ਚੂਸਲੇਵਾੜ ਵਿਚ ਸ. ਅਰਜਨ ਸਿੰਘ ਹੁਣਾਂ ਦੇ

ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ. ਇਨ੍ਹਾਂ ਦੇ ਵੱਡੇ ਵਡੇਰੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਕਤ ਖਡੂਰ ਸਾਹਿਬ ਤੋਂ ਉੱਠ ਕੇ ਇਸ ਪਿੰਡ ਵਿਚ ਆ ਆਬਾਦ ਹੋਏ ਸਨ. ਸ. ਅਰਜਨ ਸਿੰਘ ਹੁਣੀਂ ਆਪਣੇ ਪਿੰਡ ਦੇ ਵਾਹਿਦ ਇੱਕੋ-ਇਕ ਆਦਮ ਸਨ, ਜੋ ਗੁਰਮੁਖੀ ਦੇ ਨਾਲ ਨਾਲ ਅੰਗਰੇਜ਼ੀ, ਉਰਦੂ, ਫ਼ਾਰਸੀ ਵੀ ਜਾਣਦੇ ਸਨ. ਏਨਾ ਹੀ ਨਹੀਂ; ਸਗੋਂ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਾਦਨ ਨਾਲ ਵੀ ਉਨ੍ਹਾਂ ਦੇ ਬਹੁਤ ਚੰਗੇ ਤਾਅਲੁਕਾਤ ਸਨ. ਸ. ਅਰਜਨ ਸਿੰਘ ਹੁਣਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ, ਘਰ ਵਿਚ ਚਾਰ ਅਖ਼ਬਾਰ ਆਉਂਦੇ ਸਨ, ਇਸ ਤੋਂ ਇਲਾਵਾ ਕੌਮੀ ਰਸਾਲੇ ਤੇ ਉਰਦੂ, ਫ਼ਾਰਸੀ, ਗੁਰਮੁਖੀ ਆਦਿ ਜ਼ੁਬਾਨਾਂ ਦੀਆਂ ਕਿਤਾਬਾਂ ਦੀ ਵੀ ਭਰਮਾਰ ਸੀ. ਪ੍ਰਿੰਸੀਪਲ ਸਵਰਨ ਸਿੰਘ ਹੁਣੀਂ ਮੰਨਦੇ ਨੇ ਕਿ ਫ਼ਾਰਸੀ ਉਰਦੂ ਦੀ ਦਾਤ ਉਨ੍ਹਾਂ ਨੂੰ ਵਿਰਾਸਤ ਵਿਚ ਮਿਲੀ. ਪੜ੍ਹਨ ਲਈ ਪਹਿਲਾਂ ਪਿੰਡ ਦੇ ਗੁਰੂ ਘਰ ਦੇ ਭਾਈ ਦਿਆਲ ਸਿੰਘ ਹੁਣਾਂ ਦੇ ਕੋਲ, ਪਰ ਉਨ੍ਹਾਂ ਦੇ ਸਖ਼ਤ ਸੁਭਾਅ ਤੋ ਉਕਤਾ ਕੇ ਜਾਣਾ ਬੰਦ ਕਰ ਦਿੱਤਾ. ਤਕਰੀਬਨ 1935-36 ਈਸਵੀ ਵਿਚ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਹੋਏ. 6ਵੀ ਤੋਂ 10ਵੀਂ ਤੱਕ ਦੀ ਪੜ੍ਹਾਈ ਪੱਟੀ ਤੋਂ ਕੀਤੀ. ਇੱਥੇ ਕੁਝ ਸਮੇਂ ਲਈ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲੇ ਵੀ ਆਪ ਦੇ ਹਮ-ਜਮਾਤੀ ਰਹੇ. ਸਿੱਖ ਇਤਿਹਾਸ ਬਾਰੇ ਪੜ੍ਹਨ ਦੀ ਚੇਟਕ ਘਰ ਤੋਂ ਲੱਗੀ ਸੀ. ਗਰੈਜੂਏਸ਼ਨ ਸਿੱਖ ਨੈਸ਼ਨਲ ਕਾਲਜ ਕਾਦੀਆਂ ਤੋਂ ਕੀਤੀ ਤੇ ਅੰਗਰੇਜ਼ੀ ਲਿਟਰੇਚਰ ਵਿਚ ਐਮ. ਏ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮੁਕੰਮਲ ਕੀਤੀ. ਇਸ ਸਮੇਂ ਵਿਚ ਬੀ.ਐਡ ਵੀ ਕਰ ਲਈ. ਫਿਰ 1962-63 ਵਿਚ ਫ਼ੌਜ ਦੇ ਤੋਪਖ਼ਾਨੇ ਵਿਚ ਬਤੌਰ ਕਮਿਸ਼ਨ ਅਫ਼ਸਰ ਭਰਤੀ ਹੋਏ. ਇਸ ਸਮੇਂ ਵਿਚ ਆਪ ਨੂੰ ਪੂਰਾ ਮੁਲਕ ਘੁੰਮਣ ਦਾ ਮੌਕਾ ਮਿਲਿਆ ਤੇ ਨਾਲ ਹੀ ਆਪਣੇ ਇਤਿਹਾਸ ਦੇ ਸ਼ੌਕ ਨੂੰ ਪੂਰਾ ਕਰਨ ਦੇ ਵਸੀਲੇ ਵੀ ਮਿਲੇ. ਇਸ ਸਮੇਂ ਵਿਚ ਪੂਨਾ, ਪਟਨਾ, ਅਲੀਗੜ੍ਹ, ਲਖਨਊ, ਦਿੱਲੀ, ਬਰੇਲੀ, ਗਵਾਲੀਅਰ, ਅਮੀਨਾਬਾਦ ਆਦਿ ਦੀਆਂ ਫ਼ੌਜੀ ਤੇ ਪਬਲਿਕ ਲਾਇਬ੍ਰੇਰੀਆਂ ਵਿਚੋਂ ਸਿੱਖ ਇਤਿਹਾਸ ਨਾਲ ਸਬੰਧਿਤ ਕਾਫ਼ੀ ਨਕਲਾਂ ਤਿਆਰ ਕੀਤੀਆਂ ਤੇ ਨਾਲ ਕੁਤਬ ਫਰੋਸ਼ਾਂ ਦੇ ਕੋਲੋਂ ਮੂੰਹ ਮੰਗੀਆਂ ਰਕਮਾਂ ਦੇ ਪੁਰ ਪੁਰਾਣੇ ਖਰੜੇ ਵੀ ਖ਼ਰੀਦਦੇ ਰਹੇ. ਇਕ ਵਾਰ ਗਵਾਲੀਅਰ ਆਪ ਨੂੰ ਕਾਜ਼ੀ ਨੂਰ ਮੁਹੰਮਦ ਵਾਲਾ ਜੰਗਨਾਮਾ ਮਿਲ ਗਿਆ, ਜਿਸ ਦੀ ਕੀਮਤ ਉਸ ਵਕਤ ਉਸ ਨੇ 350 ਕਹੀ, ਰਕਮ ਆਪ ਕੋਲ ਹੈ ਨਹੀਂ ਸੀ ਪੂਰੀ, ਸੋ ਆਪਣੀ ਘੜੀ ਉਸ ਵਕਤ ਉਸ ਕੋਲ ਰੱਖ ਕੇ ਕਿਤਾਬ ਦੀ ਰੋਕ ਕਰ ਲਈ ਕਿ ਮਹੀਨੇ ਬਾਅਦ ਆ ਕੇ ਪੈਸੇ ਦੇ ਕੇ ਕਿਤਾਬ ਤੇ ਘੜੀ ਲੈ ਜਾਵਾਂਗਾ, ਜੇ ਨਾ ਆ ਸਕਿਆ ਤਾਂ ਕਿਤਾਬ ਦੇ ਨਾਲ ਘੜੀ ਵੀ ਕੁਤਬ ਫਰੋਸ਼ ਦੀ ਹੀ ਹੋਵੇਗੀ. ਇਸ ਨੂੰ ਹੀ ਕਹਿੰਦੇ ਨੇ ਇਸ਼ਕ. 8 ਸਾਲ ਫ਼ੌਜ ਦੀ ਨੌਕਰੀ ਤੋਂ ਬਾਅਦ 1970 ਵਿਚ ਬਤੌਰ ਕੈਪਟਨ ਰਿਟਾਇਰਮੈਂਟ ਲੈ ਲਈ ਤੇ ਪਿੰਡ ਆ ਗਏ. ਹੁਣ ਆਪ ਨੇ ਬਤੌਰ ਅਧਿਆਪਕ ਘਰਿਆਲਾ (ਪੱਟੀ) ਦੇ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤੀ. ਛੁੱਟੀਆਂ ਦੇ ਦਿਨਾਂ ਵਿਚ ਪੰਜਾਬ ਦੇ ਪਿੰਡਾਂ ਤੇ ਨਾਲ ਲਗਦੇ ਵੱਡੇ ਸ਼ਹਿਰਾਂ ਵਿਚੋਂ ਸਿੱਖ ਇਤਿਹਾਸ ਨਾਲ ਸੰਬੰਧਿਤ ਜਾਣਕਾਰੀ ਤੇ ਕਿਤਾਬਾਂ ਇਕੱਠੀਆਂ ਕਰਨ ਤੁਰ ਪੈਂਦੇ. ਇਸ ਸਮੇਂ ਵਿਚ ਆਪ ਦੀ ਸਾਂਝ ਸ. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਜਸਵੰਤ ਸਿੰਘ ਨੇਕੀ, ਸ. ਭਾਨ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ ਆਦਿ ਨਾਲ ਪਈ, ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਪੂਰਾ ਸਹਿਯੋਗ ਦਿੰਦੇ

ਰਹੇ. 1975 ਈਸਵੀ ਵਿਚ ਆਪ ਦਾ ਪਹਿਲਾ ਲੇਖ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਬਾਰੇ ਵਿਚ ਖੇਮਕਰਨ ਤੋਂ ਛਪਿਆ . ਇਸ ਤੋਂ ਪਿੱਛੋਂ ਤੇ ਕਲਮ ਦਾ ਪ੍ਰਵਾਹ ਨਿਰੰਤਰ ਤੁਰ ਪਿਆ, 'ਸੂਰਾ' ਮੈਗਜ਼ੀਨ ਵਿਚ ਕਈ ਕਿਸ਼ਤਾਂ ਵਿਚ 18ਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਆਪਦੇ ਲੇਖ ਛਪਦੇ ਰਹੇ.

ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਗਣੇਸ਼ ਦਾਸ ਵਡੇਹਰਾ ਦੀ ਫ਼ਾਰਸੀ ਕਿਤਾਬ 'ਚਹਾਰ ਬਾਗ਼ ਪੰਜਾਬ' ਛਾਪੀ , ਜਿਸ ਵਿਚ ਗੁਰੂ ਸਾਹਿਬਾਨ ਬਾਰੇ ਗੁਮਰਾਹਕੁਨ ਬਿਆਨਾਤ ਸਨ, ਜਿਨ੍ਹਾਂ ਦੀ ਟਿੱਪਣੀਆਂ ਦੇ ਰੂਪ ਵਿਚ ਕੋਈ ਸੁਧਾਈ ਜਾਂ ਮੁਰੰਮਤ ਨਹੀਂ ਕੀਤੀ ਗਈ ਸੀ, ਜਦ ਉਹ ਕਿਤਾਬ ਆਪਦੇ ਹੱਥ ਲੱਗੀ ਤਾਂ ਆਪ ਨੇ ਉਨ੍ਹਾਂ ਗੁਮਰਾਹਕੁਨ ਬਿਆਨਾਤ ਦਾ ਗੁਰਮੁਖੀ, ਅੰਗਰੇਜ਼ੀ ਤਰਜਮਾ ਕਰਕੇ ਭਾਈ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਕੋਲ ਪਹੁੰਚ ਕੀਤੀ, ਉਨ੍ਹਾਂ ਨੇ ਝੱਟ ਇਸ 'ਤੇ ਪੈਰਵਾਈ ਕਰਦਿਆਂ ਕਾਲਜ ਵਾਲਿਆਂ ਤੋਂ ਕਿਤਾਬ ਵਾਪਸ ਕਰਵਾਈ. ਇਸ ਦੇ ਨਾਲ ਅਰੁਣ ਸ਼ੋਰੀ ਦੇ ਸਿੱਖਾਂ ਖ਼ਿਲਾਫ਼ ਤੋਲੇ ਕੁਫ਼ਰ ਦਾ ਜਵਾਬ ਵੱਡੀਆਂ ਸਭਾਵਾਂ ਵਿਚ ਆਪ ਜੀ ਵੱਲੋਂ ਦਿੱਤਾ ਜਾਂਦਾ ਰਿਹਾ. 19 ਸਾਲ ਘਰਿਆਲਾ ਸਕੂਲ 'ਚ ਪੜ੍ਹਾਉਣ ਤੋਂ ਬਾਅਦ ਆਪ ਰਿਟਾਇਰ ਹੋਣ ਤੋਂ ਬਾਅਦ ਤਕਰੀਬਨ 10 ਸਾਲ ਪੱਟੀ ਦੇ 'ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ' ਦੇ ਪ੍ਰਿੰਸੀਪਲ ਰਹੇ. ਇੱਥੋਂ ਰਿਟਾਇਰਮੈਂਟ ਲੈ ਕੇ ਆਪ ਨਿਰੰਤਰ ਸਿੱਖ ਇਤਿਹਾਸ ਦੇ ਖੋਜ ਕਾਰਜ ਵਿਚ ਲੱਗੇ ਹੋਏ ਹਨ. 1984 ਦੇ ਘੱਲੂਘਾਰੇ ਦੇ ਅਤੇ ਬਾਅਦ ਦੇ ਸ਼ਹੀਦਾਂ ਬਾਰੇ ਵੀ ਆਪ ਨੇ ਕਾਫ਼ੀ ਮਸਾਲਾ ਇਕੱਠਾ ਕੀਤਾ ਹੋਇਆ ਹੈ. ਸ.ਸਵਰਨ ਸਿੰਘ ਹੁਣੀਂ ਇਤਿਹਾਸਿਕ ਲਿਖਤਾਂ ਦੇ ਨਾਲ ਨਾਲ ਸਥਾਨਕ ਰਵਾਇਤਾਂ ਦੀ ਪੁਣ ਛਾਣ ਕਰਕੇ ਤੱਤ ਕੱਢਣ ਦੀ ਸਮਰੱਥਾ ਰੱਖਦੇ ਹਨ. ਆਪ ਦੇ ਪ੍ਰਕਾਸ਼ਕ ਦੇ ਬੋਲਾਂ ਅਨੁਸਾਰ 'ਹੱਥ ਵਿਚ ਕੰਪਾਸ ਫੜੀ ਜਦ ਉਹ ਕੁੱਪ ਰਹੀੜੇ ਦੀਆਂ ਉਜਾੜਾਂ ਛਾਣਦੇ ਹਨ, ਤਾਂ ਇੰਝ ਜਾਪਦਾ ਹੈ, ਜਿਵੇਂ ਉਹ ਸ਼ਹੀਦਾਂ ਦੀ ਰੱਤ ਨਾਲ ਗੜੁਚ ਉੱਥੋਂ ਦੀ ਮਿੱਟੀ ਦੀ ਖ਼ੁਸ਼ਬੋ ਨੂੰ ਆਪਣੇ ਪਿੰਡੇ 'ਤੇ ਮਹਿਸੂਸ ਕਰ ਕੇ ਇਤਿਹਾਸ ਦੀ ਗੁਆਚੀ ਤੰਦ ਨੂੰ ਵਧੇਰੇ ਮਜ਼ਬੂਤੀ ਨਾਲ ਫੜਨ ਦੇ ਸਮਰੱਥ ਹੋ ਗਏ ਹਨ.'

90 ਸਾਲ ਦੀ ਉਮਰ ਵਿਚ ਵੀ ਪ੍ਰਿੰਸੀਪਲ ਸਵਰਨ ਸਿੰਘ ਹੁਣੀਂ ਸਿੱਖ ਇਤਿਹਾਸ ਦੀ ਲਿਖਾਈ ਵਿਚ ਪੂਰੇ ਜਜ਼ਬੇ ਨਾਲ ਜੁੜੇ ਹੋਏ ਹਨ. ਉਨ੍ਹਾਂ ਦਾ ਮੰਨਣਾ ਹੈ ਕਿ ਸਿੱਖ ਕੌਮ ਦੇ ਸ਼ਹੀਦਾਂ ਦਾ ਕਰਜ਼ ਚੁਕਾਉਣ ਲਈ ਇਕ ਜੀਵਨ ਤਾਂ ਕੀ, ਕਈ ਜੀਵਨ ਵੀ ਥੋੜ੍ਹੇ ਹਨ.

# (2)

ਪ੍ਰਿੰਸੀਪਲ ਸਵਰਨ ਸਿੰਘ ਹੁਣਾਂ ਨੇ ਸਿੱਖ ਇਤਿਹਾਸ ਨਾਲ ਸਬੰਧਿਤ ਮਸਾਲਾ ਤੇ ਕਾਫ਼ੀ ਇਕੱਠਾ ਕੀਤਾ ਹੈ; ਆਪ ਦੇ ਖੋਜ ਭਰਪੂਰ ਲੇਖ ਕਈ ਰਸਾਲਿਆਂ ਤੇ ਅਖ਼ਬਾਰਾਂ ਵਿਚ ਛਪਦੇ ਰਹੇ ਹਨ, ਹੁਣ ਤੱਕ ਆਪ ਨੇ ਹੇਠ ਲਿਖੀਆਂ ਪੰਜ ਕਿਤਾਬਾਂ ਸਿੱਖ ਇਤਿਹਾਸ ਦੀ ਝੋਲੀ ਵਿਚ ਪਾਈਆਂ ਹਨ:

1. ਸ਼ਹੀਦੀ ਸਾਕਾ ਭਾਈ ਤਾਰੂ ਸਿੰਘ (ਮਾਰਚ, 1997)
2. ਸ਼ਹੀਦੀ ਭਾਈ ਤਾਰਾ ਸਿੰਘ ਵਾਂ (ਮਾਰਚ, 1997)
3. ਮੱਸੇ ਰੰਘੜ ਨੂੰ ਕਰਨੀ ਦਾ ਫਲ( ਮਾਰਚ, 1997)
4. ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ (ਜੁਲਾਈ, 2016)
5. ਪਹਿਲਾ ਘੱਲੂਘਾਰਾ (ਜੁਲਾਈ 2018)

ਇਸ ਤੋਂ ਬਿਨਾਂ ਅਜੇ 'ਭੂਰਿਆਂ ਵਾਲੇ ਰਾਜੇ ਕੀਤੇ', 'ਗੁਰੂ ਅਰਜਨ ਦੇਵ ਜੀ ਦੇ ਕਾਤਲਾਂ ਦੇ ਮੁਹਾਂਦਰੇ',' 1857 ਦਾ ਗ਼ਦਰ ਜੰਗ-ਏ-ਆਜ਼ਾਦੀ ਨਹੀਂ,' 'ਬ੍ਰਾਹਮਣਾਂ ਦਾ ਮਾਨਵਤਾ ਘਾਤ' , 'ਝੂਠ ਦੇ ਪੁਜਾਰੀਓ ਸੱਚ ਇਹ ਹੈ', ਆਦਿ ਵੀ ਛਪਣਗੇ.

ਹੁਣ ਤੱਕ ਛਪੀਆਂ ਸਾਰੀਆਂ ਲਿਖਤਾਂ ਅਠਾਰ੍ਹਵੀਂ ਸਦੀ ਦੇ ਸਿੱਖ ਕਿਰਦਾਰ ਨੂੰ ਪੇਸ਼ ਕਰਦੀਆਂ ਹਨ. ਜਿਨ੍ਹਾਂ ਵਿਚ ਸਿੱਖ ਕਿਰਦਾਰ ਨੂੰ ਬਹੁਤ ਸੋਹਣੇ ਢੰਗ ਨਾਲ ਉਭਾਰਿਆ ਗਿਆ ਹੈ. ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਤੇ ਸ਼ਹੀਦੀ ਭਾਈ ਤਾਰਾ ਸਿੰਘ ਵਾਂ ਵਿਚ ਇਨ੍ਹਾਂ ਘਰ-ਬਾਰੀ ਸਿੱਖਾਂ ਦੁਆਰਾ ਰਾਠ ਸਿੱਖਾਂ ਦੀ ਮਦਦ ਕਰਨ ਤੇ ਆਸੇ ਪਾਸੇ ਦੇ ਮਜ਼ਲੂਮਾਂ ਦੀ ਬਾਂਹ ਫੜਨ ਦਾ ਜ਼ਿਕਰ ਇਨ੍ਹਾਂ ਰੋਹਬਦਾਰ ਢੰਗ ਨਾਲ ਕੀਤਾ ਗਿਆ ਹੈ ਕਿ ਤੁਹਾਨੂੰ ਸਾਰਾ ਕੁਝ ਤੁਹਾਡੀਆਂ ਅੱਖਾਂ ਸਾਹਮਣੇ ਵਰ੍ਹਦਾ ਦਿਖਾਈ ਦਿੰਦਾ ਹੈ. ਫਿਰ ਮਾਝੇ ਦੇ ਉਨ੍ਹਾਂ ਕੁਝ ਸਰਕਾਰੀ ਮੁਖ਼ਬਰਾਂ ਦੀ ਫ਼ਹਿਰਿਸਤ ਵੀ ਦਿੱਤੀ ਹੈ ਜੋ ਸਰਕਾਰ ਦੇ ਜ਼ਰ ਖ਼ਰੀਦ ਗ਼ੁਲਾਮ ਬਣ ਕੇ ਇਨ੍ਹਾਂ ਗੁਰੂਕਿਆਂ ਨੂੰ ਸ਼ਹੀਦ ਕਰਵਾਉਂਦੇ ਰਹੇ ਹਨ. ਸਿੱਖ ਦਾ ਗੁਰੂ ਪ੍ਰਤੀ ਭਰੋਸਾ ਤੇ ਸਿੱਖ ਸਿਧਾਂਤ ਲਈ ਪਰਪੱਕਤਾ ਦਿਖਾਉਂਦਿਆਂ ਆਪਣੇ ਜੀਵਨ ਦੀ ਅਹੂਤੀ ਹੱਸ ਕੇ ਦੇਣੀ, ਗੁਰੂ ਤੇ ਸਿੱਖ ਪ੍ਰੇਮ ਨੂੰ ਉਜਾਗਰ ਕਰਨ ਵਿਚ ਵੀ ਇਤਿਹਾਸਕਾਰ ਕਾਇਮ ਰਿਹਾ ਹੈ. 'ਮੱਸੇ ਰੰਗੜ ਨੂੰ ਕਰਨੀ ਦਾ ਫਲ' ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਤੇ ਹੋਏ ਬੇਇੰਤਹਾ ਜ਼ੁਲਮ ਦੀ ਘੜੀ ਨੂੰ ਜ਼ਕਰੀਆ ਖਾਂ ਦੇ ਲਾਹੌਰ ਦਾ ਗਵਰਨਰ ਬਣਨ ਤੋਂ ਲੈ ਕਿ ਭਾਈ ਮਤਾਬ ਸਿੰਘ ਮੀਰਾਂਕੋਟ ਦੇ ਪੁੱਤਰ ਨੂੰ ਮਾਰਨ ਦੀ ਕੋਸ਼ਿਸ਼ ਕਰਨ ਦੇ ਇਤਿਹਾਸ ਨੂੰ ਚਿਤਰਿਆ ਗਿਆ ਹੈ. ਜਦ ਅਬਦੁਲ- ਸਮਦ ਖਾਂ ਤੋਂ ਲਾਹੌਰ ਦਾ ਪਰਗਣਾ ਨ ਸੰਭਾਲਿਆ ਗਿਆ ਤੇ ਥਾਂ ਪੁਰ ਥਾਂ ਬਗ਼ਾਵਤਾਂ ਹੋਣ ਲੱਗੀਆਂ ਤਾਂ ਉਸ ਦੇ ਪੁੱਤਰ ਜ਼ਕਰੀਆ ਖਾਂ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ, ਉਸ ਨੇ ਬਾਕੀ ਸਭ ਤੇ ਤਾਂ ਕਾਬੂ ਪਾ ਲਿਆ ਪਰ ਸਿੱਖਾਂ ਦੇ ਬਾਗੀਆਨਾਂ ਸੁਭਾਅ ਨੂੰ ਉਹ ਨਾ ਖ਼ਤਮ ਕਰ ਸਕਿਆ, ਇਸ ਲਈ ਉਸ ਨੇ ਸਾਮ ਦਾਮ ਭੇਦ ਦੰਡ ਸਭ ਹੱਥਕੰਡੇ ਵਰਤੇ ਪਰ ਗੱਲ ਨ ਬਣੀ. ਜਦ ਨਾਦਰ ਸ਼ਾਹ ਦੇ ਵੀ ਸਿੱਖ ਸਰਦਾਰਾਂ ਨੇ ਨਾਸੀਂ ਧੂੰਆਂ ਦਿੱਤਾ ਤਾਂ ਉਸ ਨੇ ਜ਼ਕਰੀਏ ਤੋਂ ਸਿੱਖਾਂ ਬਾਰੇ ਜੋ ਵਾਕਫ਼ੀਅਤ

ਹਾਸਿਲ ਕੀਤੀ ਉਸ ਦੇ ਆਧਾਰ ਤੇ ਉਸ ਨੇ ਜ਼ਕਰੀਏ ਖਾਂ ਨੂੰ ਕਿਹਾ ਕਿ ਤੈਨੂੰ ਮੇਰੀ ਸਹਾਇਤਾ ਮਿਲੇਗੀ ਤੂੰ ਇਨ੍ਹਾਂ ਨੂੰ ਖ਼ਤਮ ਕਰ ਨਹੀਂ ਇਹਨਾਂ ਤੇਰੇ ਪੈਰਾਂ ਥੱਲੋਂ ਜ਼ਮੀਨ ਕੱਢੀ ਲੈ. ਜ਼ਕਰੀਆਂ ਖਾਂ ਹੁਣ ਸਿੱਖਾਂ ਦੀ ਰੱਤ ਦਾ ਭੁੱਖਾ ਹੋ ਗਿਆ ਤੇ ਉਸ ਨੇ ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖੇ, ਦਰਬਾਰ ਸਾਹਿਬ ਦੇ ਸਰੋਵਰ 'ਚ ਕਿਸੇ ਸਿੱਖ ਨੂੰ ਨ ਇਸ਼ਨਾਨ ਕਰਨ ਦੇਣ ਲਈ ਚੌਂਕੀ ਬਿਠਾ ਦਿੱਤੀ, ਮੱਸੇ ਰੰਗੜ ਮੰਡਿਆਲੀ ਵਾਲੇ ਨੇ ਦਰਬਾਰ ਸਾਹਿਬ ਪਲੰਘ ਡਾਹ ਲਿਆ, ਉਸ ਦੀ ਕਰਨੀ ਦੀ ਸਜਾ ਬੁੱਢੇ ਜੌਹੜ ਤੋਂ ਆ ਕੇ ਭਾਈ ਮਤਾਬ ਸਿੰਘ ਮੀਰਾਂਕੋਟ ਤੇ ਸੁੱਖਾ ਸਿੰਘ ਮਾੜੀ ਕੰਬੋ ਨੇ ਦਿੱਤੀ . ਜ਼ਕਰੀਏ ਨੇ ਫਿਰ ਮਤਾਬ ਸਿੰਘ ਮੀਰਾਂਕੋਟ ਵਾਲੇ ਦੇ ਪਰਿਵਾਰ ਦੀ ਸੂਹ ਕਿਵੇਂ ਹਰਭਗਤ ਨਿਰੰਜਨੀਏ ਦੁਆਰਾ ਕੱਢ ਉਸ ਦੇ ਇਕਲੌਤੇ ਪੁੱਤ ਰਾਇ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਤੇ ਨੱਥੇ ਖਹਿਰੇ ਨੇ ਆਪਣੇ ਯਾਰ ਨਾਲ ਕੀਤੇ ਕੌਲ ਨੂੰ ਪੁਗਾਉਣ ਲਈ ਆਪਣਾ ਆਪਾ ਵਾਰਿਆ, ਇਸ ਕਿਤਾਬ ਨੂੰ ਪੜ੍ਹ ਕੇ ਪਤਾ ਲੱਗਦਾ ਹੈ.

'ਪਹਿਲਾ ਘੱਲੂਘਾਰਾ ' ਇਸ ਕਿਤਾਬ ਅੰਦਰ ਨੇ ਲੱਖਪਤ ਰਾਏ ਉਰਫ਼ ਲੱਖੂ ਭੱਸੂ ਦੇ ਜ਼ੁਲਮਾਂ ਨੂੰ ਬਿਆਨ ਕੀਤਾ ਹੈ, ਕਿਵੇਂ ਉਸ ਨੇ ਤੇ ਉਸ ਦੇ ਭਰਾ ਨੇ ਸਿੱਖਾਂ ਖ਼ਿਲਾਫ਼ ਮੁਹਿੰਮਾਂ ਸ਼ੁਰੂ ਕੀਤੀਆਂ, ਉਸ ਦੇ ਭਰਾ ਜੱਸਪਤ ਰਾਏ ਦੇ ਸਿੱਖਾਂ ਹੱਥੋਂ ਕਤਲ ਹੋਣ ਪਿੱਛੋਂ ਕਿਵੇਂ ਉਹ ਗੁਰੂ ਘਰ ਦਾ ਦੋਖੀ ਬਣਿਆ ਤੇ ਉਸ ਨੇ ਗੁਰੂ ਕੀ ਬਾਣੀ ਦੀਆਂ ਪੋਥੀਆਂ, ਦੀ ਬੇਹੁਰਮਤੀ ਕੀਤੀ, ਸਿੱਖਾਂ ਦਾ ਖੋਰਾ ਖੋਜ ਮਿਟਾਉਣ ਲਈ ਸਹੁੰ ਚੁੱਕੀ, ਕਾਹਨੂੰਵਾਨ ਦੀ ਛੰਭ ਦੇ ਹਮਲਾ, ਫੜੇ ਸਿੱਖਾਂ ਨੂੰ ਲਾਹੌਰ ਲਿਆ ਕੇ ਸ਼ਹੀਦ ਕਰਨਾ, ਕੁਝ ਦਿਨਾਂ 'ਚ 10 ਤੋਂ 15 ਹਜ਼ਾਰ ਸਿੱਖਾਂ ਦੇ ਸ਼ਹੀਦ ਹੋ ਜਾਣ ਦੀ ਇਸ ਘਟਨਾ ਨੂੰ ਸਿੱਖ ਤਵਾਰੀਖ ਪਹਿਲੇ ਘੱਲੂਘਾਰੇ ਦੇ ਨਾਮ ਤੋਂ ਜਾਣਦੀ ਹੈ. ਇਸ ਕਿਤਾਬ ਵਿੱਚ ਇਸ ਤੋਂ ਪਹਿਲਾਂ ਛਪੀਆਂ ਇਸ ਘਟਨਾ ਨਾਲ ਸਬੰਧਿਤ ਕਿਤਾਬਾਂ ਨਾਲੋਂ ਕਾਫ਼ੀ ਕੁਝ ਨਵਾਂ ਹੈ, ਖ਼ਾਸ ਤੌਰ 'ਤੇ ਲੱਖਪਤ ਰਾਏ ਦਾ ਪੂਰਾ ਇਤਿਹਾਸ.

'ਅਬਦਾਲੀ,ਸਿੱਖ ਤੇ ਵੱਡਾ ਘੱਲੂਘਾਰਾ 'ਕਿਤਾਬ ਲੇਖਕ ਦੀ ਖੋਜ ਦਾ ਸਿਖਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ. ਪੰਜਾਬੀ ਵਿਚ ਇਸ ਘਟਨਾ ਤੇ ਲਿਖੀ ਗਈ ਅੱਜ ਤੱਕ ਦੀ ਸਰਵੋਤਮ ਕ੍ਰਿਤ ਹੈ. ਇਸ ਵਿਚ ਤਫ਼ਸੀਲ ਵਿਚ ਅਹਿਮਦ ਸ਼ਾਹ ਅਬਦਾਲੀ ਉਥਾਨ ਤੋਂ ਲੈ ਕਿ ਉਸ ਦੇ ਹਿੰਦ ਤੇ ਕੀਤੇ ਸਭ ਹਮਲਿਆਂ, ਤੇ ਖ਼ਾਸ ਤੌਰ 'ਤੇ ਸਿੱਖਾਂ ਤੇ ਕੀਤੇ ਬੇਅੰਤ ਕਤਲੇਆਮ ਤੋਂ ਬਾਅਦ ਵੀ ਸਿੱਖਾਂ ਦਾ ਉੱਠ ਖੜ੍ਹਨਾ, (1762 'ਚ 6ਵੇ ਹੱਲੇ ਵਕਤ ਕੀਤੇ ਗਏ 25-30 ਹਜ਼ਾਰ ਸਿੱਖ, ਇਸ ਨੂੰ ਵੱਡਾ ਘੱਲੂਘਾਰਾ ਆਖਦੇ ਹਨ) ਹਿੰਦ ਦੇ ਜੇਤੂ ਦਾ ਸਿੱਖਾਂ ਨਾਲ ਸੁਲਾਹ ਕਰਨ ਲਈ ਤਤਪਰ ਹੋਣਾ, ਅਬਦਾਲੀ ਨੂੰ ਸਭ ਤੋਂ ਵੱਧ ਲਿੱਤਰ ਸਿੱਖਾਂ ਦੁਆਰਾ ਫਿਰਨਾ, ਉਸ ਦੇ ਢਹੇ ਦਿਲ ਨਾਲ ਲਾਹੌਰੋਂ ਨਿਕਲਣਾ ਤੇ ਸਿੱਖਾਂ ਦਾ ਪੰਜਾਬ ਦੇ ਖ਼ੁਦ ਮੁਖ਼ਤਿਆਰ ਬਣਨਾ, ਬਿਆਨ ਕੀਤਾ ਗਿਆ ਹੈ. ਪ੍ਰਕਾਸ਼ਕ ਨੇ ਦਰੁਸਤ ਲਿਖਿਆ ਹੈ 'ਮੁੱਢਲੇ ਫ਼ਾਰਸੀ ਤੇ ਗੁਰਮੁਖੀ ਸਰੋਤਾਂ ਦੇ ਆਧਾਰ 'ਤੇ ਲਿਖੀ ਇਹ ਪੁਸਤਕ ਸਿੱਖ ਇਤਿਹਾਸ ਦੇ ਲਹੂ ਭਿੱਜੇ ਅਧਿਆਇ ਨੂੰ ਏਨੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ ਕਿ ਚੜ੍ਹਦੀਕਲਾ ਵਾਲੇ ਪੰਥਕ ਕਿਰਦਾਰ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਤੇ ਉਚੇਰੇ ਪੰਥਕ ਜਜ਼ਬਾਤ ਪਾਠਕ ਦੇ ਅੰਗ ਸੰਗ ਹੋ ਜਾਂਦੇ ਹਨ'. ਆਪਣੀ ਮਿਸਾਲ ਇਹ ਕਿਤਾਬ ਆਪ ਹੈ.

***

# ਪੁਰਾਤਨ ਜਨਮਸਾਖੀ ਵਿਚ ਗੁਰਮਤਿ ਫ਼ਿਲਾਸਫੀ

ਡਾ. ਰਾਜਿੰਦਰ ਸਿੰਘ ਸੇਖੋਂ

ਸੰਪਰਕ: 94638-81931

ਜਨਮਸਾਖੀਆਂ ਦਾ ਕੇਂਦਰ-ਬਿੰਦੂ ਗੁਰੂ ਨਾਨਕ ਸਾਹਿਬ ਦਾ ਸੰਸਾਰਕ ਅਤੇ ਅਧਿਆਤਮਕ ਜੀਵਨ ਹੈ. ਗੁਰੂ ਨਾਨਕ ਜੀ, ਗੁਰਮਤਿ ਸਿਧਾਂਤ ਦੀ ਨੀਂਹ-ਧਰੱਈਏ ਹਨ. ਇਸ ਕਰਕੇ ਜਦੋਂ ਅਸੀਂ ਉਨ੍ਹਾਂ ਨੂੰ 'ਪੁਰਾਤਨ ਜਨਮਸਾਖੀ' ਦੇ ਆਰ-ਪਾਰ ਵੇਖਦੇ ਹਾਂ ਤਾਂ ਇਹ ਸੁਭਾਵਿਕ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਦੇ ਨਾਲੋ-ਨਾਲ ਹੀ ਇਸ ਜਨਮਸਾਖੀ ਵਿਚ ਗੁਰਮਤਿ ਦੀ ਫਿਲਾਸਫੀ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ. ਇਸ ਜਨਮਸਾਖੀ ਵਿਚ ਗੁਰੂ ਨਾਨਕ ਦੇ ਸੰਸਾਰਕ-ਜੀਵਨ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਦੇ ਅੰਸ਼ਾਂ ਦੀ ਵਰਤੋਂ ਵੀ ਕੀਤੀ ਗਈ ਹੈ. ਜਨਮਸਾਖੀ ਦੀ ਸੰਰਚਨਾ ਵਿਚ ਜੀਵਨ-ਘਟਨਾਵਾਂ, ਕਰਾਮਾਤਾਂ ਅਤੇ ਗੁਰਬਾਣੀ ਤਿੰਨ ਤੱਤ ਕਾਰਜਸ਼ੀਲ ਹਨ. ਇਨ੍ਹਾਂ ਤਿੰਨੇ ਤੱਤਾਂ ਵਿੱਚੋਂ ਦੋ ਦਾ ਸਬੰਧ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਨਾਲ ਹੈ. ਸਾਖੀਕਾਰ ਨੇ ਗੁਰਮਤਿ ਫਿਲਾਸਫੀ ਸਬੰਧੀ ਸਿੱਧਾਂ, ਨਾਥਾਂ, ਜੋਗੀਆਂ, ਪੰਡਤਾਂ ਅਤੇ ਕਾਜ਼ੀਆਂ ਦੀਆਂ ਪੁੱਛਾਂ ਦੇ ਜੁਆਬ ਵਿਚ ਗੁਰੂ ਨਾਨਕ ਵੱਲੋਂ ਉਚਰਿਤ ਬਾਣੀ-ਅੰਸ਼ਾਂ ਨੂੰ ਅਧਾਰ ਬਣਾਇਆ ਹੈ.ਇਸ ਤੋਂ ਇਲਾਵਾ ਉਸ ਨੇ ਗੁਰੂ ਨਾਨਕ ਅਤੇ ਭਾਈ ਮਰਦਾਨੇ ਨਾਲ ਜੁੜੀਆਂ ਕਰਾਮਾਤਾਂ ਵਿਚ ਵੀ ਗੁਰਮਤਿ ਦੇ ਸਿਧਾਂਤਾਂ ਨੂੰ ਅਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ. 'ਪੁਰਾਤਨ ਜਨਮਸਾਖੀ' ਵਿਚ ਗੁਰਮਤਿ ਦੇ ਹੇਠ ਲਿਖੇ ਸਿਧਾਂਤਾਂ ਨੂੰ ਦੋ ਅਧਾਰਾਂ ਉੱਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ. ਪਹਿਲੇ ਵਰਗ ਵਿਚ ਗੁਰਮਤਿ ਫਿ.ਲਾਸਫੀ ਦੇ ਬੁਨਿਆਦੀ ਸਿਧਾਂਤ ਹਨ ਅਤੇ ਦੂਜੇ ਵਰਗ ਵਿਚ ਗੁਰਮਤਿ ਫਿਲਾਸਫੀ ਦੇ ਦੂਜੇ ਨੈਤਿਕ ਸਿਧਾਂਤ ਸ਼ਾਮਲ ਹਨ:-

ੳ. ਗੁਰਮਤਿ ਫਿਲਾਸਫੀ ਦੇ ਬੁਨਿਆਦੀ ਸਿਧਾਂਤ

**'ਬ੍ਰਹਮ' ਦਾ ਸਰੂਪ**

'ਬ੍ਰਹਮ' ਅਜਿਹਾ ਤੱਤ ਹੈ ਜਿਸ ਬਾਰੇ ਚਰਚਾ ਲਗਭਗ ਹਰੇਕ ਧਰਮ ਵਿਚ ਹੀ ਮਿਲ ਜਾਂਦੀ ਹੈ. ਗੁਰੂ ਨਾਨਕ ਦਾ ਜਨਮ ਕਿਉਂਕਿ ਪੁਰਾਤਨ ਹਿੰਦੁਸਤਾਨ ਵਿਚ ਹੋਇਆ ਸੀ, ਇਸ ਕਰਕੇ ਉਨ੍ਹਾਂ ਨੂੰ ਆਪਣੇ ਸਾਹਿਤਕ ਅਤੇ ਧਾਰਮਿਕ ਵਿਰਸੇ ਵਿੱਚ ਪੂਰਵਲਾ 'ਬ੍ਰਹਮ ਚਿੰਤਨ' ਵੀ ਮਿਲਿਆ ਸੀ. ਗੁਰੂ ਨਾਨਕ ਤੋਂ ਪਹਿਲਾਂ ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਵਿਚ ਵੀ ਬ੍ਰਹਮ ਸਬੰਧੀ ਚਰਚਾ ਕੀਤੀ ਗਈ ਮਿਲਦੀ ਹੈ. 'ਰਿਗਵੇਦ' ਵਿਚ ਸੂਰਜ, ਚੰਦਰਮਾ, ਅਗਨੀ, ਵਾਯੂ, ਬੱਦਲ ਆਦਿ ਕੁਦਰਤੀ ਸ਼ਕਤੀਆਂ ਵਿਚ ਬ੍ਰਹਮ ਦੀ ਜਦੋਂ ਖੋਜ ਕੀਤੀ ਗਈ ਤਾਂ ਇਸ ਨਾਲ ਦੇਵਤੇ ਪੈਦਾ ਹੋਏ. ਇਉਂ ਵੇਦਾਂ ਵਿਚ ਬ੍ਰਹਮ ਦੀ ਕਲਪਾਨ ਬਹੁ-ਦੇਵ ਅਧਾਰਾਂ ਉੱਤੇ ਕੀਤੀ ਗਈ ਹੈ. ਇਸ

ਮਗਰੋਂ ਇਨ੍ਹਾਂ ਕੁਦਰਤੀ ਸ਼ਕਤੀਆਂ ਪਿੱਛੇ ਕਿਸੇ ਅਦ੍ਰਿਸ਼ ਅਤੇ ਸਰਬ ਸੰਚਾਲਕ ਸ਼ਕਤੀ ਦੀ ਤਲਾਸ਼ ਕੀਤੀ ਗਈ ਤਾਂ ਇੱਕ-ਦੇਵ ਦਾ ਕਲਪਨਾ ਦਾ ਆਰੰਭ ਹੋਇਆ. ਰਿਗਵੇਦ ਦੇ 'ਪੁਰਸ਼ ਸੂਕਤ' (1/60) ਵਿਚ ਬ੍ਰਹਮ ਦੀ ਕਲਪਨਾ ਅਜਿਹੇ ਪੁਰਸ਼ (ਪੁਰਖ) ਦੇ ਰੂਪ ਵਿਚ ਕੀਤੀ ਗਈ ਹੈ ਜੋ ਸਾਰੀ ਸ੍ਰਿਸਟੀ ਦੇ ਅੰਦਰ ਅਤੇ ਬਾਹਰ ਵਿਦਮਾਨ ਹੈ. ਸਾਰੇ ਲੋਕ, ਦੇਵੀ-ਦੇਵਤਾ, ਜੜ-ਚੇਤਨ, ਸਾਰੇ ਪਦਾਰਥ ਅਜਿਹੇ ਪੁਰਸ਼ ਦਾ ਅੰਗ ਵੀ ਹਨ ਅਤੇ ਉਸ ਦੇ ਅਧੀਨ ਵੀ ਹਨ. ਉਪਨਿਸ਼ਦਾਂ (ਤੈਤਿਰਯ ਉਪਨਿਸ਼ਦ-3/1) ਸਾਰੇ ਵਿਸ਼ਵ ਦੀ ਉਤਪਤੀ, ਗਤੀ, ਪਾਲਣ, ਸਥਿਤੀ ਅਤੇ ਨਾਸ਼ ਦੇ ਕਾਰਨ ਨੂੰ ਬ੍ਰਹਮ ਮੰਨਿਆ ਗਿਆ ਹੈ.ਅਜਿਹਾ ਬ੍ਰਹਮ ਗੁਪਤ ਵੀ ਹੈ ਅਤੇ ਪ੍ਰਗਟ ਵੀ. ਉਹ ਨਿਰਗੁਣ, ਨਿਰੰਕਾਰ, ਅਜਨਮਾ ਅਤੇ ਅਕਰਤਾ ਆਦਿ ਹੈ.'ਭਗਵਤ ਗੀਤਾ' ਵਿਚ ਬ੍ਰਹਮ ਦੇ ਗੁਪਤ, ਪ੍ਰਗਟ ਅਤੇ ਗੁਪਤ-ਪ੍ਰਗਟ ਤਿੰਨੇ ਹੀ ਰੂਪਾਂ ਦਾ ਨਿਰੂਪਣ ਹੋਇਆ ਹੈ. ਇਸ ਵਿਚ ਬ੍ਰਹਮ ਨੂੰ ਵਿਰਾਟ ਰੂਪ ਚਿਤਰਦਿਆਂ ਕਿਹਾ ਗਿਆ ਹੈ ਕਿ ਬ੍ਰਹਮ ਦੇ ਅਨੇਕ ਬਾਹਵਾਂ, ਅਨੇਕਾਂ ਪੇਟ, ਅਨੇਕਾਂ ਮੁਖ ਅਤੇ ਅਨੇਕਾਂ ਹੀ ਨੇਤਰ ਹਨ. ਉਸ ਦੇ ਆਨੰਤ ਰੂਪ ਨੂੰ ਸਾਰੇ ਪਾਸੇ ਵੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ. ਪਰ ਅਜਿਹੇ ਬ੍ਰਹਮ ਦਾ ਨਾ ਤਾਂ ਆਦਿ ਦਿਸਦਾ ਹੈ ਅਤੇ ਨਾ ਹੀ ਮੱਧ ਜਾਂ ਅੰਤ ਨਜ਼ਰ ਆਉਂਦਾ ਹੈ. ਗੁਰੂ ਨਾਨਕ ਤੋਂ ਪੂਰਵਲੀ 'ਵੈਦਿਕ-ਸਾਹਿਤਕ ਪਰੰਪਰਾ' ਵਿਚ 'ਸਰਗੁਣ' ਅਤੇ 'ਨਿਰਗੁਣ' ਬ੍ਰਹਮ ਬਾਰੇ ਚਰਚਾ ਕੀਤੀ ਗਈ ਮਿਲਦੀ ਹੈ.ਇਸ ਪਰੰਪਰਾ ਵਿਚ ਬ੍ਰਹਮ ਦਾ ਵਰਣਨ 'ਵਿਧੀ ਸ਼ੈਲੀ' ਅਤੇ 'ਨਿਖੇਧ ਸ਼ੈਲੀ' ਵਿਚ ਕੀਤਾ ਗਿਆ. 'ਵਿਧੀ ਸ਼ੈਲੀ' ਰਾਹੀਂ ਇਹ ਦੱਸਿਆ ਜਾਂਦਾ ਹੈ ਕਿ 'ਬ੍ਰਹਮ ਕੀ ਹੈ' ਅਤੇ 'ਨਿਖੇਧ ਸ਼ੈਲੀ' ਵਿਚ ਇਹ ਦੱਸਿਆ ਜਾਂਦਾ ਹੈ ਕਿ 'ਬ੍ਰਹਮ ਕੀ-ਕੀ ਨਹੀਂ ਹੈ'.ਉਪਨਿਸ਼ਦਾਂ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਦਾ ਵਰਣਨ ਕੀਤਾ ਗਿਆ ਹੈ.

ਗੁਰਮਤਿ ਸਿਧਾਂਤਕਾਰੀ ਵਿਚ ਗੁਰੂ ਨਾਨਕ ਨੇ 'ਬ੍ਰਹਮ' ਦੀ ਵਿਆਖਿਆ ਭਾਰਤੀ ਅਤੇ ਸਾਮੀ ਦ੍ਰਿਸ਼ਟੀਕੋਣ ਨੂੰ ਜੋੜ ਕੇ ਕੀਤੀ ਹੈ. ਇਕ ਪਾਸੇ ਉਹ ਸ਼ੰਕਰਾਚਾਰੀਆ ਦੇ 'ਅਦਵੈਤਵਾਦ' ਨੂੰ ਪ੍ਰਵਾਨ ਕਰਦੇ ਹਨ ਦੂਸਰੇ ਪਾਸੇ ਇਸਲਾਮ ਦੇ 'ਇੱਕ ਈਸ਼ਵਰਵਾਦੀ' ਵਿਚਾਰ ਨਾਲ ਸੁਮੇਲ ਕਰਕੇ ਸਖਸ਼ੀਅਤ ਦਾ ਤੱਤ ਇਸ ਨਾਲ ਜੋੜ ਦਿੰਦੇ ਹਨ. ਮਨੁੱਖ, ਬ੍ਰਹਮ ਦਾ ਅਨੁਭਵ ਆਪਣੀ ਬੁੱਧੀ ਨਾਲ ਨਹੀਂ ਕਰ ਸਕਦਾ ਕਿਉਂਕਿ ਬ੍ਰਹਮ ਨੂੰ ਅਨੁਭਵ ਕਰਨ ਲਈ ਬੁੱਧੀ ਬੜੀ ਤੁਛ ਹੈ. ਬ੍ਰਹਮ ਦੀ ਹੋਂਦ ਉਥੋਂ ਸ਼ੁਰੂ ਹੁੰਦੀ ਹੈ ਜਿਥੋਂ ਬੁੱਧੀ ਦੀ ਸੀਮਾ ਖਤਮ ਹੁੰਦੀ ਹੈ. ਇਸ ਲਈ ਬ੍ਰਹਮ ਵਿਸਮਾਦ ਦਾ ਵਿਸ਼ਾ ਬਣਿਆ ਰਿਹਾ ਹੈ. ਗੁਰੂ ਨਾਨਕ ਅਨੁਸਾਰ ਬ੍ਰਹਮ, ਸ੍ਰਿਸ਼ਟੀ ਦਾ ਸਿਰਜਨਹਾਰ ਹੈ. ਉਹ ਸਥਾਈ ਅਤੇ ਸਦੀਵੀ ਹੋਣ ਕਾਰਨ 'ਸਚਿ' ਹੈ. ਸ੍ਰਿਸ਼ਟੀ ਦੀ ਰਚਨਾ ਉਸ ਨੇ 'ਖੇਲ' ਕਰਕੇ ਜਾਣੀ ਹੈ. ਉਹ ਆਪਣੀ ਸਿਰਜੀ ਸ੍ਰਿਸ਼ਟੀ ਵਿਚ ਵੀ ਵਸਿਆ ਹੋਇਆ ਹੈ ਪਰ ਇਸ ਦੇ ਨਕਾਰਾਤਮਕ ਪ੍ਰਭਾਵਾਂ ਤੋਂ ਵੀ ਬਚਿਆ ਹੋਇਆ ਹੈ.

'ਪੁਰਾਤਨ ਜਨਮਸਾਖੀ' ਵਿਚ ਜਦੋਂ ਗੁਰੂ ਨਾਨਕ ਪੰਜ ਸਾਲ ਦੇ ਹੁੰਦੇ ਹਨ ਤਾਂ ਸਾਖੀਕਾਰ ਉਸ ਨੂੰ 'ਬਾਤਾਂ ਅਗੰਮ ਦੀਆਂ' ਕਰਦਿਆਂ ਹੋਇਆਂ ਦਰਸਾਉਂਦਾ ਹੈ. ਇਸੇ ਤਰ੍ਹਾਂ ਜਦੋਂ ਗੁਰੂ ਨਾਨਕ ਪਾਂਧੇ ਕੋਲ ਪੜ੍ਹਨ ਜਾਂਦੇ ਹਨ ਤਾਂ ਉਸ ਨਾਲ ਵੀ ਬ੍ਰਹਮ ਬਾਰੇ ਸੰਵਾਦ ਰਚਾਉਂਦੇ ਹਨ. ਸਾਖੀਕਾਰ ਨੇ ਉਥੇ ਗੁਰੂ ਨਾਨਕ ਨੂੰ 'ਸਸੈ ਸੋਇ ਸ੍ਰਿਸਟਿ ਜਿਨਿ ਸਾਜੀ,ਸਭਨਾ ਸਾਹਿਬੁ ਏਕੁ ਭਇਆ' ਸ਼ਬਦ ਉਚਾਰਦਿਆਂ ਦਰਸਾਇਆ ਹੈ.ਗੁਰੂ ਨਾਨਕ ਦੀ ਫਿਲਾਸਫੀ ਕਿਉਂਕਿ ਭਾਰਤ ਦੀ ਸਿੱਧ-ਨਾਥ-ਸੰਤ ਪਰੰਪਰਾ ਨਾਲ ਸੰਵਾਦ ਰਚਾਉਣ ਵਿੱਚੋਂ ਹੀ ਪੈਦਾ ਹੁੰਦੀ ਹੈ ਇਸੇ ਕਰਕੇ ਸਾਖੀਕਾਰ ਨੇ 'ਅਵਤਾਰ ਧਾਰਨ' ਵਾਲੀ ਸਾਖੀ ਵਿਚ "ਤੈਤੀਸ ਕਰੋੜੀ ਦੇਵਤਿਆਂ ਨਮਸਕਾਰ

ਕੀਆ, ਚਉਸਠ ਜੋਗਣੀ, ਬਵੰਜਾਹ ਬੀਰ, ਛਿਆਂ ਜਤੀਆਂ, ਚੌਰਾਸੀਆਂ ਸਿੱਧਾਂ, ਨਵਾਂ ਨਾਥਾਂ" ਵੱਲੋਂ ਗੁਰੂ ਨਾਨਕ ਨੂੰ 'ਨਮਸਕਾਰ' ਕਰਦਿਆਂ ਦਰਸਾਇਆ ਹੈ ਕਿਉਂਕਿ ਧਰਤੀ ਉੱਤੇ "ਵੱਡਾ ਭਗਤ, ਜਗਤ ਨਿਸਤਾਰਣ ਕਉ ਆਇਆ" ਹੈ.ਇਸੇ ਸਿਧਾਂਤ ਉੱਤੇ ਤੁਰਦਿਆਂ ਕੋਈ ਵੀ ਕੰਮ ਕਰਦਿਆਂ, ਕੋਈ ਵੀ ਵਿਚਾਰ ਕਰਦਿਆਂ ਗੁਰੂ ਨਾਨਕ ਦੀਆਂ ਚਿੱਤ-ਬਿਰਤੀਆਂ ਵਿਚ ਬ੍ਰਹਮ-ਚਿੰਤਨ ਚਲਦਾ ਰਹਿੰਦਾ ਹੈ.

**ਜੀਵ–ਆਤਮਾ**

ਭਾਰਤੀ ਅਧਿਆਤਮਕ ਚਿੰਤਨ ਵਿਚ ਬ੍ਰਹਮ ਤੋਂ ਬਾਅਦ ਜੇਕਰ ਕਿਸੇ ਵਿਸ਼ੇ ਬਾਰੇ ਚਰਚਾ ਹੋਈ ਹੈ ਤਾਂ ਉਹ ਆਤਮਾ ਹੈ.ਇਸ ਚਿੰਤਨ ਦੀ ਪਰੰਪਰਾ ਵੀ ਵੇਦਾਂ ਤੋਂ ਸ਼ੁਰੂ ਹੋ ਜਾਂਦੀ ਹੈ ਅਤੇ ਉਪਨਿਸ਼ਦਾਂ, ਗੀਤਾ ਆਦਿ ਰਾਹੀਂ ਚਲਦੀ ਰਹਿੰਦੀ ਹੈ. ਅਧਿਅਤਮਕ ਖੇਤਰ ਵਿਚ ਮਨੁੱਖ ਨੂੰ ਜੀਵ-ਆਤਮਾ ਮੰਨਿਆ ਹੈ. 'ਰਿਗਵੇਦ' (1/164/20) ਵਿਚ ਪਰਮਾਤਮਾ ਅਤੇ ਆਤਮਾ ਦੇ ਸਬੰਧਾਂ ਨੂੰ ਇੱਕ ਪ੍ਰਤੀਕ ਦੀ ਮਦਦ ਨਾਲ ਸਮਝਾਉਂਦਿਆਂ ਕਿਹਾ ਗਿਆ ਹੈ ਕਿ ਇੱਕ ਰੁੱਖ (ਜਗਤ) ਉੱਤੇ ਦੋ ਪੰਛੀ ਬੈਠੇ ਹਨ. ਪਹਿਲਾ ਪੰਛੀ (ਬ੍ਰਹਮ) ਰੁੱਖ ਦੇ ਫਲ ਖਾਏ ਬਿਨਾਂ ਕੇਵਲ ਵੇਖਦਾ ਰਹਿੰਦਾ ਹੈ. ਦੂਜਾ ਪੰਛੀ (ਆਤਮਾ) ਰੁੱਖ ਦੇ ਫਲ ਖਾਂਦਾ ਰਹਿੰਦਾ ਹੈ. 'ਉਪਨਿਸ਼ਦਾਂ' ਵਿਚ 'ਪਰਮਾਤਮਾ' ਅਤੇ 'ਆਤਮਾ' ਨੂੰ 'ਇੱਕ-ਰੂਪ' ਕਿਹਾ ਗਿਆ ਹੈ. ਆਤਮਾ, ਪਰਮ-ਆਤਮਾ ਦਾ ਹੀ ਅੰਸ਼ ਹੈ.ਇਸ ਕਰਕੇ ਇਹ ਕਦੇ ਨਹੀਂ ਮਰਦੀ. ਇਹ ਵਿਸ਼ੇ-ਵਿਕਾਰਾਂ ਨੂੰ ਗ੍ਰਹਿਣ ਕਰਨ ਵਾਲੀਆਂ ਸਾਡੀਆਂ 'ਇੰਦਰੀਆਂ' (ਸਰੀਰ) ਤੋਂ, ਸੋਚਾਂ ਵਿਚ ਲੱਗੇ ਰਹਿਣ ਵਾਲੇ 'ਮਨ' ਤੋਂ, ਪਰਖ-ਪੜਚੋਲ ਕਰਨ ਵਾਲੀ 'ਬੁੱਧੀ' ਤੋਂ ਅਤੇ ਸਾਡੀ ਹੋਂਦ ਦੇ ਮੂਲ ਕਾਰਨ 'ਪ੍ਰਾਣਾਂ' ਤੋਂ ਬਿਲਕੁਲ ਵੱਖਰੀ ਹੋਂਦ ਹੈ. ਆਤਮਾ ਦਾ ਸਰੀਰ-ਬੱਧ ਰੂਪ 'ਜੀਵ' ਹੈ. ਇਹ 'ਜੀਵ' ਸਰੀਰ ਦੇ ਜੰਮਣ-ਮਰਨ ਦੀ ਪ੍ਰਕਿਰਿਆ ਤੋਂ ਪ੍ਰਭਾਵਿਤ ਨਹੀਂ ਹੁੰਦਾ.ਇੱਕ ਸਰੀਰ ਦੇ ਨਾਸ਼ ਹੋ ਜਾਣ ਨਾਲ ਜੀਵ ਦੂਜੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ. ਇਹ ਆਵਾਗਮਨ ਉਦੋਂ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਜੀਵ, ਸੁਣਨ, ਮੰਨਣ ਅਤੇ ਭਗਤੀ ਦੇ ਰਾਹ ਪੈ ਕੇ ਆਪਣੇ ਮੂਲ ਤੱਤ (ਪਰਮਾਤਮਾ) ਦੀ ਪਛਾਣ ਨਹੀਂ ਕਰ ਲੈਂਦਾ.'ਭਗਵਤ ਗੀਤਾ' ਦੇ ਦੂਜੇ ਅਧਿਆਇ ਵਿਚ ਵੀ ਆਤਮਾ ਸਬੰਧੀ ਵਿਸਥਾਰ-ਸਹਿਤ ਚਰਚਾ ਕੀਤੀ ਗਈ ਹੈ. ਇਸ ਵਿਚ ਵੀ 'ਆਤਮਾ' ਨੂੰ 'ਪਰਮਾਤਮਾ ਦੇ ਮੂਲ-ਤੱਤ' ਵਜੋਂ ਹੀ ਪੇਸ਼ ਕੀਤਾ ਹੈ.

ਗੁਰਮਤਿ ਫਿਲਾਸਫੀ ਅਨੁਸਾਰ, ਵੀ ਮਨੁੱਖ 'ਸਰੀਰਕ ਜਾਮੇ ਵਿੱਚ ਆਈ ਆਤਮਾ' ਹੈ. ਅਧਿਆਤਮਕ-ਭਾਸ਼ਾ ਵਿੱਚ ਮਨੁੱਖੀ ਹੋਂਦ ਨੂੰ 'ਜੀਵ-ਆਤਮਾ' ਕਿਹਾ ਜਾਂਦਾ ਹੈ. ਜੀਵ-ਆਤਮਾ (ਮਨ, ਬੁੱਧੀ, ਸਰੀਰ+ਆਤਮਾ) ਰੂਪੀ ਮਨੁੱਖ, 'ਬ੍ਰਹਮ' ਦਾ ਹੀ ਅੰਸ਼ ਹੈ. ਉਸ ਨੇ ਆਪਣੀ 'ਇੱਛਾ ਅਨੁਸਾਰ' ਹੀ 'ਮਨੁੱਖ' ਨੂੰ ਆਪਣੀ 'ਸ੍ਰਿਸ਼ਟੀ' ਵਿੱਚ ਕਰਮ ਕਰਨ ਲਈ ਭੇਜਿਆ ਹੈ. ਪਰਮਾਤਮਾ ਵੱਲੋਂ ਮਨੁੱਖ ਨੂੰ 'ਸਤਿਕਰਮ' ਕਰਨ ਦਾ 'ਹੁਕਮਿ' ਹੈ. ਪਰ ਮਨੁੱਖ, ਆਪਣੀ ਮਰਜੀ ਅਨੁਸਾਰ ਕਰਮ ਕਰਨ ਲਈ ਸੰਸਾਰ ਵਿੱਚ ਸੁਤੰਤਰ ਹੈ. ਜਿਥੇ ਮਨੁੱਖ ਕਰਮ ਕਮਾਉਣ ਲਈ ਸੁਤੰਤਰ ਹੈ. ਉਥੇ ਉਹ ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣ ਲਈ ਵੀ ਜ਼ਿੰਮੇਵਾਰ ਹੈ. ਗੁਰਮਤਿ ਅਨੁਸਾਰ, ਮਨੁੱਖ ਦੀ ਪ੍ਰਕਿਰਤੀ ਦੂਹਰੀ ਹੈ. ਇਕ ਪਾਸੇ, ਉਹ 'ਨਾਸ਼ਵਾਨ ਜਗਤ' ਦਾ ਹਿੱਸਾ ਹੈ ਇਹ ਉਸਦੀ

'ਵਾਸਤਵਿਕਤਾ' ਹੈ.ਦੂਸਰੇ ਪਾਸੇ ਉਸ ਨੇ ਬ੍ਰਹਮ ਵਿੱਚ ਲੀਨ ਹੋਣਾ ਹੈ ਇਹ ਉਸ ਦੀ 'ਸੰਭਾਵਨਾ' ਹੈ. ਮਨੁੱਖ ਦੀ ਹੋਂਦ ਪ੍ਰਮਾਤਮਾ ਨਾਲੋਂ ਵਿਛੜੀ ਹੈ. ਉਸਨੂੰ ਆਪਣੀ ਅਧੀਨਗੀ, ਵਿਚਾਰਗੀ, ਬੇਗਾਨਗੀ ਦਾ ਅਧਿਆਤਮਕ-ਤਾਪ ਪੋਂਹਦਾ ਰਹਿੰਦਾ ਹੈ. ਦੋਹਰੀ ਪ੍ਰਕਿਰਤੀ ਹੋਣ ਕਾਰਨ ਮਨੁੱਖ ਨੂੰ ਭੁਲੇਖਾ ਲੱਗਣਾ ਸੁਭਾਵਿਕ ਹੈ. 'ਅਣਦਿਸਦੇ ਤੱਤ' ਨਾਲੋਂ ਉਸ ਨੂੰ 'ਦਿਸਦਾ ਸਰੀਰ' ਵਧੇਰੇ ਬਾਲਵਾਨ ਵਿਖਾਈ ਦਿੰਦਾ ਹੈ. ਇਸ ਤੋਂ ਇਲਾਵਾ ਦੁਨਿਆਵੀ ਖਿੱਚਾਂ ਅਤੇ ਤ੍ਰਿਸ਼ਨਾਵਾਂ ਮਨੁੱਖ ਨੂੰ ਆਪਣੇ ਅਧਿਆਤਮਕ ਪ੍ਰਸਾਰ ਵੱਲੋਂ ਅਵੇਸਲਾ ਕਰ ਦਿੰਦੀਆਂ ਹਨ.

ਮਨੁੱਖ ਦੀ ਇਸੇ ਵਸਤੂ-ਸਥਿਤੀ ਨੂੰ 'ਪੁਰਾਤਨ ਜਨਮਸਾਖੀ' ਵਿਚ ਵੀ ਵੇਖਿਆ ਜਾ ਸਕਦਾ ਹੈ. ਸਾਖੀਕਾਰ, ਗੁਰੂ ਨਾਨਕ ਨੂੰ ਇੱਕ 'ਉੱਚ ਆਤਮਿਕ ਜੀਵ' ਵਜੋਂ ਪੇਸ਼ ਕਰਦਾ ਹੈ.ਉਹ ਅਜਿਹੀ ਆਤਮਾ ਹੈ ਜਿਸ ਨੇ 'ਜਨਮ' ਨਹੀਂ ਲਿਆ ਸਗੋਂ 'ਅਵਤਾਰ ਧਾਰਿਆ' ਹੈ. ਇਸ ਦੇ ਉਲਟ ਗੁਰੂ ਨਾਨਕ ਜਿਸ ਪਰਿਵਾਰ ਦੇ ਮੈਂਬਰ ਹਨ, ਉਸ ਦੇ ਸਾਰੇ ਜੀਅ 'ਦੁਨਿਆਵੀ ਮਨੁੱਖਾਂ' ਵਜੋਂ ਪੇਸ਼ ਹੋਏ ਹਨ. ਗੁਰੂ ਨਾਨਕ ਦਾ ਪਿਤਾ 'ਮਹਿਤਾ ਕਾਲੂ' ਉਸ ਨੂੰ ਕਦੇ ਕੁੜਮਾਈ ਕਰਕੇ,ਕਦੇ ਉਸ ਦਾ ਵਿਆਹ ਕਰਕੇ, ਕਦੇ ਮੱਝਾਂ ਚਾਰਨ ਲਾਉਣ ਕਰਕੇ ਅਤੇ ਕਦੇ ਮੋਦੀਖਾਨੇ ਵਿਚ ਨੌਕਰੀ ਲਵਾਉਣ ਕਰਕੇ, ਸੰਸਾਰਕ ਕੰਮਾਂ-ਕਾਰਾਂ ਵਿਚ ਫਸਾਉਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ. ਲੋਕਾਂ ਦੀ ਨਜ਼ਰਾਂ ਵਿਚ ਨਾਨਕ, 'ਕਾਲੂ ਦਾ ਮਖੱਟੂ' (ਨਿਖੱਟੂ) ਹੈ. ਪਰ ਗੁਰੂ ਨਾਨਕ ਨੂੰ ਆਪਣੇ ਅਧਿਆਤਮਕ-ਖਾਸੇ ਬਾਰੇ ਜਨਮਸਾਖੀ ਦੇ ਮੁੱਢ ਤੋਂ ਹੀ ਸੋਝੀ ਹੈ. ਗੁਰੂ ਨਾਨਕ ਲਈ 'ਜਮ੍ਹਾਂ-ਖਰਚ', 'ਲੇਖਾ-ਖਾਤਾ' ਆਦਿ 'ਗਲ ਵਿਚ ਪੈਣ ਵਾਲਾ ਫਾਹਾ' ਹੈ. ਉਹ 'ਫਕੀਰਾਂ ਨਾਲ ਮਜਲਿਸਾਂ ਕਰਕੇ' ਖੁਸ਼ ਰਹਿੰਦੇ ਹਨ.ਪਿਤਾ ਨਾਲ ਮੋੜਵੀਂ ਗੱਲਬਾਤ ਕਰਦਿਆਂ ਉਹ ਆਖਦੇ ਹਨ- "ਪਿਤਾ ਜੀ,ਅਸਾ ਨਵੇਕਲੀ ਖੇਤੀ ਵਾਹੀ ਹੈ, ਸੋ ਅਸੀ ਤਕਰੀ ਰਖਦੇ ਹਾਂ, ਅਸਾਂ ਹਲੁ ਵਾਹਿਆ ਹੈ, ਬੀਉ ਪਾਇਆ ਹੈ, ਵਾੜਿ ਕੀਤੀ ਹੈ." ਗੁਰੂ ਨਾਨਕ ਦੇ ਇਨ੍ਹਾਂ ਕੰਮਾਂ ਨਾਲ 'ਵੇਦੀਆਂ ਦਾ ਕੁਟੰਬ ਝੂਰਣਿ' ਲਗਦਾ ਹੈ. ਉਨ੍ਹਾਂ ਦੀ ਮਾਤਾ ਵੀ ਉਨ੍ਹਾਂ ਨੂੰ ਆਖਦੀ ਹੈ-"ਬੇਟਾ,ਤੂ ਚਾਰਿ ਦਿਨਿ ਨਾਮੁ ਵਿਸਾਰਿ ਦੇਹਿ ਅਤੇ ਉਠਿ ਖੜਾ ਹੋਹੁ.' ਪਰ ਗੁਰੂ ਨਾਨਕ ਆਪਣੀ ਜੀਵਨ-ਫਿਲਾਸਫੀ ਅਨੁਸਾਰ ਆਪਣੇ ਸੰਸਾਰਕ ਕੰਮਾਂਕਾਰਾਂ ਨੂੰ ਕਰਦਿਆਂ ਅਧਿਆਤਮਕ-ਮਾਰਗ ਉੱਤੇ ਵੀ ਚਲਦੇ ਰਹਿੰਦੇ ਹਨ.

**ਹਉਮੈਂ ਦਾ ਸਿਧਾਂਤ**

ਗੁਰਮਤਿ ਫਿਲਾਸਫੀ ਅਨੁਸਾਰ,ਸ੍ਰਿਸ਼ਟੀ ਮਨੁੱਖ ਦਾ ਕਰਮ ਖੇਤਰ ਹੈ. ਇਥੇ ਮਨੁੱਖ ਆਪਣੀ ਵਾਸਤਵਿਕਤਾ (ਨਾਸ਼ਵਾਨ ਜਗਤ ਦਾ ਹਿੱਸਾ) ਭੋਗਦਾ ਹੈ. ਪਰ ਇਥੇ ਹੀ ਉਹ ਆਪਣੀ ਸੰਭਾਵਨਾ (ਬ੍ਰਹਮ ਲੀਨ ਹੋਣਾ) ਵੀ ਪ੍ਰਾਪਤ ਕਰ ਸਕਦਾ ਹੈ.ਸ੍ਰਿਸ਼ਟੀ ਮਨੁੱਖ ਦੀਆਂ ਸੰਭਾਵਨਾ ਦੇ ਰਾਸਤੇ ਵਿੱਚ ਬਹੁਤ ਸਾਰੀਆਂ ਰੁਕਵਟਾਂ ਖੜ੍ਹੀਆਂ ਕਰਦੀ ਹੈ. ਕਾਮ, ਕਰੋਧ, ਲੋਭ ਮੋਹ ਆਦਿ ਰੁਕਾਵਟਾਂ ਹਨ. ਪਰ 'ਹਉਮੈ' ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਅਤੇ ਅਹਿਮ ਹੈ.ਜਨਮਸਾਖੀ ਵਿਚਲੇ ਗੁਰੂ ਨਾਨਕ ਦੀ ਵਿਰੋਧੀ ਧਿਰ ਦੇ ਲਗਭਗ ਸਾਰੇ ਹੀ ਪਾਤਰਾਂ ਵਿਚ ਇਹ ਹਉਮੈ ਬੋਲਦੀ ਹੈ.ਇਹ ਪਾਤਰ ਚਾਹੇ ਸਿੱਧ ਹਨ,ਚਾਹੇ ਕਾਜ਼ੀ.ਇਨ੍ਹਾਂ ਤੋਂ ਇਲਾਵਾ ਸੱਜਣ ਠੱਗ, ਨੂਰ ਸ਼ਾਹ, ਕਲਿਜੁਗ, ਦੁਨੀ ਚੰਦ, ਕਰੋੜੀਆ, ਕਉਡਾ ਰਾਖਸ਼ ਅਤੇ ਬ੍ਰਹਮ ਦਾਸ ਜਿਹੇ ਵਿਰੋਧੀ ਇਸ ਕਰਕੇ ਗੁਰੂ ਨਾਨਕ ਦੇ ਵਿਰੋਧੀ ਹਨ,

ਕਿਉਂਕਿ ਇਹ ਆਪੋ-ਆਪਣੀ ਹਉਮੈਂ ਵਿਚ ਗ੍ਰਸੇ ਪਏ ਹਨ.ਇਨ੍ਹਾਂ ਵਿੱਚੋਂ ਬਹੁਤੇ ਗੁਰੂ ਨਾਨਕ ਦੇ ਸੰਪਰਕ ਵਿਚ ਆ ਕੇ 'ਮਨਮੁਖ' ਤੋਂ 'ਗੁਰਮੁਖ' ਬਣ ਜਾਂਦੇ ਹਨ.ਇਸੇ ਕਰਕੇ ਇਨ੍ਹਾਂ ਦੇ ਨਾਵਾਂ ਦੇ ਨਾਲ 'ਠੱਗਾਂ ਦਾ ਨਿਸਤਾਰਾ', 'ਨੂਰ ਸ਼ਾਹ ਨਿਸਤਾਰਾ', 'ਕੋਹੜੀ ਫਕੀਰ ਨਿਸਤਾਰਾ' ਆਦਿ ਲਗਦਾ ਹੈ.

**ਸ਼੍ਰਿਸਟੀ ਜਾਂ ਜਗਤ**

ਜਦੋਂ ਤੋਂ ਮਨੁੱਖ ਹੋਂਦ ਵਿਚ ਆਇਆ ਹੈ ਉਦੋਂ ਤੋਂ ਹੀ ਉਹ ਇਸ ਧਰਤੀ ਅਤੇ ਸ਼੍ਰਿਸਟੀ ਬਾਰੇ ਵੀ ਸੋਚਦਾ ਰਿਹਾ ਹੈ.ਇਸੇ ਕਰਕੇ ਸ਼੍ਰਿਸਟੀ ਜਾਂ ਜਗਤ ਸਬੰਧੀ ਚਰਚਾ 'ਰਿਗਵੇਦ' ਵੇਲੇ ਤੋਂ ਹੀ ਵੇਖੀ ਜਾ ਸਕਦੀ ਹੈ. ਜਗਤ ਦੇ ਉਤਪਤੀ ਸਬੰਧੀ ਭਾਰਤੀ ਚਿੰਤਨ ਵਿਚ ਮਤ-ਏਕਤਾ ਨਹੀਂ ਹੈ.ਜਗਤ ਦੀ ਉਤਪਤੀ ਕਿਤੇ ਅਗਨੀ ਤੋਂ, ਕਿਤੇ ਸੋਮ ਤੋਂ, ਕਿਤੇ ਇੰਦਰ ਤੋਂ ਅਤੇ ਕਿਤੇ ਬ੍ਰਹਮਾਂ ਜਾਂ ਵਿਸ਼ਵਕਰਮਾ ਤੋਂ ਦੱਸੀ ਗਈ ਹੈ.'ਰਿਗਵੇਦ' ਦੇ 'ਨਾਸਦੀਯ ਸੂਕਤ' ਅਤੇ 'ਯਜੁਰਵੇਦ' ਦੇ ਅੰਤਲੇ ਅਧਿਆਇ ਵਿਚ ਸ਼੍ਰਿਸਟੀ ਤੋਂ ਪਹਿਲਾਂ ਦੀ ਅਵਸਥਾ ਦਾ ਧੁੰਦਲਾ ਜਿਹਾ ਚਿਤਰਨ ਕੀਤਾ ਗਿਆ ਹੈ. ਵੇਦਾਂ ਵਾਂਗ ਹੀ 'ਉਪਨਿਸ਼ਦਾਂ' ਵਿਚ ਵੀ ਸ਼੍ਰਿਸਟੀ ਦੀ ਉਤਪਤੀ ਸਬੰਧੀ ਵਿਚਾਰਾਂ ਵਿਚ ਏਕਤਾ ਨਹੀਂ ਹੈ.ਉਂਝ ਸਾਰੇ ਹੀ ਚਿੰਤਨ ਵਿਚ ਇਸ ਨੂੰ ਅਵਿਨਾਸ਼ੀ ਬ੍ਰਹਮ ਤੋਂ ਉਤਪੰਨ ਹੋਇਆ ਦੱਸਿਆ ਗਿਆ ਹੈ.ਇਸ ਚਿੰਤਨ ਅਨੁਸਾਰ ਜਿਵੇਂ ਬਹੁਤ ਸਾਰੀਆਂ ਚੰਗਿਆੜੀਆਂ ਕਿਸੇ ਇੱਕ ਵੱਡੀ ਅੱਗ ਤੋਂ ਪੈਦਾ ਹੁੰਦੀਆਂ ਹਨ, ਉਵੇਂ ਇਸ ਸ਼੍ਰਿਸਟੀ ਵੀ ਬ੍ਰਹਮ ਤੋਂ ਪੈਦਾ ਹੋਈ ਹੈ.ਜਿਵੇਂ ਅਗਨੀ ਇੱਕ ਹੁੰਦੇ ਹੋਏ ਵੀ, ਚਿਣਗਾਂ ਵਿਚ, ਅਨੇਕ ਰੂਪਾਂ ਵਾਲੀ ਹੋ ਜਾਂਦੀ ਹੈ, ਉਵੇਂ ਪਰਮਾਤਮਾ ਵੀ ਇੱਕ ਹੁੰਦਾ ਹੋਇਆ,ਸਾਰਿਆਂ ਰੂਪਾਂ ਵਾਲਾ ਹੋ ਜਾਂਦਾ ਹੈ. 'ਪ੍ਰਸ਼ਨ ਉਪਨਿਸ਼ਦ' ਵਿਚ ਸ਼੍ਰਿਸਟੀ ਦੇ ਪੈਦਾ ਹੋਣ ਦੀ ਤਰਤੀਬ ਵੀ ਦੱਸੀ ਗਈ ਹੈ. ਇਸ ਤਰਤੀਬ ਅਨੁਸਾਰ ਪਹਿਲਾਂ ਪ੍ਰਾਣ ਦੀ ਰਚਨਾ ਹੋਈ, ਫਿਰ ਸ਼ਰਧਾ ਨੂੰ ਉਤਪੰਨ ਕੀਤਾ ਗਿਆ. ਉਸ ਤੋਂ ਬਾਅਦ ਕ੍ਰਮਵਾਰ ਅੰਨ, ਵੀਰਜ, ਤਪ ਅਤੇ ਅਨੇਕ ਮੰਤ੍ਰ, ਕਰਮ, ਵੱਖ-ਵੱਖ ਲੋਕ ਅਤੇ ਉਨ੍ਹਾਂ ਦੇ ਨਾਵਾਂ ਦੀ ਰਚਨਾ ਹੋਈ ਹੈ.

ਗੁਰਮਤਿ ਅਨੁਸਾਰ ਇਸ ਸ਼੍ਰਿਸਟੀ ਦੀ ਰਚਨਾ ਪਰਮਾਤਮਾ ਨੇ ਆਪ ਕੀ ਕੀਤੀ ਹੈ. ਇਸ ਦੀ ਰਚਨਾ ਪਰਮਾਤਮਾ ਨੇ 'ਖੇਲ ਕਰਨ' ਦੇ ਉਦੇਸ਼ ਨਾਲ ਕੀਤੀ ਹੈ.ਜਿਵੇਂ ਉਸ ਨੇ ਆਪਣਾ ਆਪ ਸਾਜਿਆ ਹੈ, ਉਸੇ ਤਰ੍ਹਾਂ ਉਸ ਨੇ ਪਹਿਲਾਂ ਸ਼੍ਰਿਸਟੀ ਦੀ ਰਚਨਾ ਕੀਤੀ ਅਤੇ ਮਗਰੋਂ ਧਰਤੀ ਦੀ ਰਚਨਾ 'ਧਰਮਸਾਲ' ਦੇ ਰੂਪ ਵਿਚ ਕੀਤੀ ਹੈ. 'ਕਰਤਾ ਦੀ ਇਸ ਰਚਨਾ ਤੋਂ ਪਹਿਲਾਂ ਦੀ ਹਾਲਤ ਕਿਹੋ ਜਿਹੀ ਸੀ?' ਇਸ ਪ੍ਰਸ਼ਨ ਨੂੰ 'ਪੁਰਾਤਨ ਜਨਮਸਾਖੀ' ਦੀ 56ਵੀਂ ਸਾਖੀ 'ਬ੍ਰਹਮ ਦਾਸ ਪੰਡਤ' ਵਿਚ ਪੇਸ਼ ਕੀਤਾ ਗਿਆ ਹੈ.ਇਸ ਸਾਖੀ ਵਿਚ ਬ੍ਰਹਮ ਦਾਸ ਗੁਰੂ ਨਾਨਕ ਨੂੰ ਇਹ ਪ੍ਰਸ਼ਨ ਪੁੱਛਦਾ ਹੈ ਕਿ ਜਦੋਂ ਇਹ ਸ਼੍ਰਿਸਟੀ,ਪ੍ਰਾਣੀ ਆਦਿ ਕੋਈ ਵੀ ਨਹੀਂ ਸੀ ਤਾਂ ਪਰਮੇਸ਼ਰ ਉਦੋਂ ਕਿਥੇ ਸੀ? ਇਸ ਦੇ ਉੱਤਰ ਵਿਚ ਗੁਰੂ ਨਾਨਕ ਦੀ ਬਾਣੀ ਦਾ ਇੱਕ ਅੰਸ਼ ਦਿੱਤਾ ਗਿਆ ਹੈ, ਜਿਸ ਦਾ ਅਰਥ ਇਹ ਹੈ ਕਿ ਉਸ ਸਮੇਂ ਧੁੰਧ ਸੀ. ਧਰਤੀ, ਅਕਾਸ਼, ਪੌਣ-ਪਾਣੀ, ਜੰਗਲ, ਪਹਾੜ, ਦਰਿਆ ਕੁਝ ਵੀ ਨਹੀਂ ਹੁੰਦਾ ਸੀ.ਪਰ ਉਹ ਪਰਮਾਤਮਾ ਦੀ ਹੋਂਦ ਉਦੋਂ ਵੀ ਸੀ. ਉਸ ਦੀ ਇੱਛਾ ਅਨੁਸਾਰ ਇਹ ਸ਼੍ਰਿਸਟੀ, ਦੇਵੀ-ਦੇਵਤੇ, ਲੋਕ, ਪ੍ਰਕਿਰਤੀ, ਦਿਨ-ਰਾਤ, ਦੁੱਖ-ਸੁੱਖ ਉਪਜੇ ਹਨ. ਇਹ ਸਭ ਉਸ ਪਰਮਾਤਮਾ ਨੇ ਪੈਦਾ ਕੀਤੇ ਹਨ ਅਤੇ ਉਸ ਦੇ ਹੁਕਮ ਅੰਦਰ ਚੱਲ ਰਹੇ ਹਨ.ਉਸ ਖੁਦਾ ਦਾ ਕੋਈ ਭੇਦ,ਅੰਤ,ਕੀਮਤ ਨਹੀਂ ਪਾ ਸਕਦਾ.

ਉਹ ਹਰ ਥਾਂ, ਹਰ ਜ਼ੱਰੇ ਵਿਚ ਹਾਜ਼ਰ ਹੈ. ਇਸ ਸਾਰੀ ਚਰਚਾ ਨੂੰ ਸਾਖੀਕਾਰ ਨੇ ਗੁਰੂ ਨਾਨਕ ਦੇ ਮੂੰਹੋਂ ਰਾਗ ਮਾਰੂ ਦੀ ਬਾਣੀ ਵਿਚ ਉਚਾਰਦਿਆਂ ਦਰਸਾਇਆ ਹੈ.

**ਗੁਰੂ**

ਗੁਰਮਤਿ ਫਿਲਾਸਫੀ ਵਿਚ ਗੁਰੂ ਦੀ ਲੋੜ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ. ਗੁਰੂ ਦੇ ਸੰਪਰਕ ਵਿਚ ਆ ਕੇ ਹੀ ਮਨਮੁਖ ਮਨੁੱਖ ਗੁਰਮੁਖ ਬਣਦਾ ਹੈ. ਗੁਰੂ ਮਨੁੱਖ ਦੇ ਅਧਿਆਤਮਕ ਵਿਕਾਸ ਦੀ ਮਹੱਤਵਪੂਰਨ ਪੌੜੀ ਹੈ. ਇਸੇ ਕਰਕੇ ਗੁਰੂ ਨਾਨਕ ਨੇ ਪਰਮਾਤਮਾ ਦੀ ਪਰਿਭਾਸ਼ਾ ਵਿਚ ਗੁਰੂ ਨੂੰ ਲਾਜ਼ਮੀ ਤੌਰ ‘ਤੇ ਸ਼ਾਮਲ ਕੀਤਾ ਹੈ. ਗੁਰੂ ਨਾਨਕ ਅਨੁਸਾਰ ਬਹੁਤ ਸਾਰੇ ਗੁਣਾਂ ਦਾ ਮਾਲਕ ਪਰਮਾਤਮਾ, ਗੁਰੂ ਦੀ ਮਿਹਰ (ਗੁਰਪ੍ਰਸਾਦਿ) ਨਾਲ ਹੀ ਮਿਲ ਸਕਦਾ ਹੈ. ਗੁਰਮਤਿ ਵਿਚ ‘ਪੂਰੇ-ਗੁਰੂ’ ਅਤੇ ‘ਸੱਚੇ-ਗੁਰੂ’ ਦੀ ਮਹਿਮਾ ਗਾਈ ਗਈ ਹੈ. ਗੁਰੂ ਮਨੁੱਖ ਏਨਾ ਪ੍ਰਕਾਸ਼ ਕਰ ਦਿੰਦਾ ਹੈ, ਜਿੰਨਾ ਸੌ ਚੰਦ ਅਤੇ ਹਜ਼ਾਰ ਸੂਰਜ ਮਿਲ ਕੇ ਵੀ ਨਹੀਂ ਕਰ ਸਕਦੇ. ‘ਆਨੰਦ ਸਾਹਿਬ’ ਜਿਹੀ ਬਾਣੀ ਦਾ ਤਾਂ ਵਿਸ਼ਾ ਹੀ ‘ਸਤਿਗੁਰੂ ਮੈ ਪਾਇਆ’ ਹੈ.

‘ਪੁਰਾਤਨ ਜਨਮਸਾਖੀ’ ਵਿਚ ਗੁਰਮਤਿ ਦੀ ਇਸੇ ਫਿਲਾਸਫੀ ਨੂੰ ਪੇਸ਼ ਕੀਤਾ ਗਿਆ ਹੈ. ਇਸ ਜਨਮਸਾਖੀ ਵਿਚ ਨਾਨਕ, ਪੂਰੇ ਅਤੇ ਸੱਚੇ ਅਧਿਆਤਮਕ ਗੁਰੂ ਵਜੋਂ ਪੇਸ਼ ਹਨ.ਉਨ੍ਹਾਂ ਦੇ ਸੰਪਰਕ ਵਿਚ ਆ ਕੇ ਦੇਵੀ ਦੀ ਪੂਜਾ-ਭਗਤੀ ਕਰਨ ਵਾਲਾ ਲਹਿਣਾ ਪਹਿਲਾ ‘ਅੰਗਦ’ ਅਤੇ ਫਿਰ ‘ਗੁਰੂ’ ਬਣਦਾ ਹੈ. ਨਾਨਕ ਦੇ ਸਦਾ ਨਾਲ ਰਹਿਣ ਵਾਲਾ ਅਤੇ ਉਨ੍ਹਾਂ ਦੇ ‘ਮਰਦਾਨਿਆ ਰਬਾਬ ਵਜਾਇ’ ਆਖਣ ‘ਤੇ ਅਧਿਆਤਮਕ ਤਾਣਾਂ ਛੇੜ ਦੇਣ ਵਾਲਾ ਮਰਦਾਨਾ ਵੀ ਮੁਕਤ ਹੁੰਦਾ ਹੈ. ਇਸ ਤੋਂ ਇਲਾਵਾ ਜਿਸ ਪਿੰਡ-ਸ਼ਹਿਰ ਅਤੇ ਨਗਰ-ਖੇੜੇ ਵਿਚ ਨਾਨਕ, ਲੋਕਾਂ ਨਾਲ ਚਾਰ ਕੁ ਗੱਲਾਂ ਕਰ ਲੈਂਦੇ ਹਨ, ਉਨ੍ਹਾਂ ਲੋਕਾਂ ਦੇ ਗੁਰੂ ਬਣ ਕੇ ਮੁਕਤੀ ਦਾ ਰਾਹ ਦਰਸਾ ਜਾਂਦੇ ਹਨ.

**ਮਾਇਆ**

ਭਾਰਤੀ ਅਧਿਆਤਮਕ ਚਿੰਤਨ ਵਿਚ ਮਾਇਆ ਸਬੰਧੀ ਵਿਚਾਰ ਵੈਦਿਕ ਕਾਲ ਤੋਂ ਹੀ ਹੁੰਦਾ ਆਇਆ ਹੈ. ਪਰ ਇਸ ਦੇ ਅਰਥਾਂ ਵਿਚ ਪਰਿਵਰਤਨ ਹੁੰਦਾ ਰਿਹਾ ਹੈ. ਰਿਗਵੇਦ ਵਿਚ ਇਸ ਨੂੰ ‘ਇੰਦਰ ਦੇ ਅਨੇਕ ਰੂਪ ਧਾਰਨ ਕਰਨ ਦੀ ਸ਼ਕਤੀ’ ਕਿਹਾ ਗਿਆ ਹੈ. ਇਸ ਤੋਂ ਇਲਾਵਾ ਵੇਦਾਂ ਵਿਚ ਇਸ ਨੂੰ ‘ਰਹੱਸਮਈ ਅਲੌਕਿਕ ਸਿਰਜਣ-ਸ਼ਕਤੀ’ ਦੇ ਅਰਥਾਂ ਵਿਚ ਵੀ ਪੇਸ਼ ਕੀਤਾ ਗਿਆ ਹੈ. ‘ਸਵੇਤਾਸ਼ਵੇਤਰ ਉਪਨਿਸ਼ਦ’ ਵਿਚ ਤਾਂ ਸਾਰੀ ਪ੍ਰਕਿਰਤੀ ਅਤੇ ਇਸ ਦੇ ਸਿਰਜਕ ਨੂੰ ਵੀ ‘ਮਾਇਆ’ ਹੀ ਕਿਹਾ ਗਿਆ ਹੈ. ਆਪਣੀ ਇਸੇ ਮਾਇਆ ਸ਼ਕਤੀ ਨਾਲ ਬ੍ਰਹਮ ਨੇ, ਸੰਸਾਰ ਦੀ ਸਿਰਜਣਾ ਕੀਤੀ ਹੈ ਅਤੇ ਉਸੇ ਵਿਚ ਹੀ ਉਸ ਨੇ ਆਤਮਾ ਨੂੰ ਵੀ ਬੰਨ੍ਹਿਆ ਹੋਇਆ ਹੈ. ਗੀਤਾ ਅਨੁਸਾਰ ਤ੍ਰਿਗੁਣਮਈ ਮਾਇਆ, ਭਗਵਾਨ ਦੀ ਅਭਿੰਨ ਸ਼ਕਤੀ ਹੈ.ਭਾਰਤੀ ਵੈਦਿਕ ਪਰੰਪਰਾ ਵਿਚ ਮਾਇਆ ਦੇ ਕਈ ਨਾਂ ਵੀ ਦੱਸੇ ਗਏ ਹਨ. ਵੇਦਾਂਤ ਵਿਚ ਇਸ ਨੂੰ ‘ਮਾਇਆ’ ਹੀ ਕਿਹਾ ਗਿਆ ਹੈ. ਪਰ ‘ਸਵੇਤਾਸ਼ਵੇਤਰ ਉਪਨਿਸ਼ਦ’ ਵਿਚ ਇਸ ਨੂੰ ‘ਪ੍ਰਕਿਰਤੀ’ ਅਤੇ ‘ਕੁਦਰਤ’ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ. ਇਹ ਬ੍ਰਹਮ ਦੀ ‘ਜਗਤ ਸਿਰਜਣ ਦੀ ਸ਼ਕਤੀ’ ਹੈ. ਵੱਲਭਾਚਾਰੀਆ ਨੇ ਜਗਤ

ਸਿਰਜਣ ਦੀ ਸ਼ਕਤੀ ਨੂੰ 'ਪ੍ਰਕਿਰਤੀ' ਅਤੇ ਜੀਵਾਂ ਨੂੰ ਮੋਹਣ ਵਾਲੀ ਸ਼ਕਤੀ ਨੂੰ 'ਮਾਇਆ' ਕਿਹਾ ਹੈ. ਮਾਇਆ ਦੇ ਸਾਰੇ ਨਾਮ, ਉਸ ਦੀ ਸਿਰਜਣ ਸ਼ਕਤੀ ਅਤੇ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰਨ ਦੀ ਅਦਭੁਤ ਸਮਰੱਥਾ ਨੂੰ ਦਰਸਾਉਣ ਵਾਲੇ ਹਨ. ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਗਈਆਂ ਹਨ.ਇਨ੍ਹਾਂ ਵਿੱਚੋਂ ਪਹਿਲੀ 'ਆਵਰਨ' (ਅਸਲੀਅਤ ਨੂੰ ਲੁਕਾਉਣਾ) ਹੈ ਅਤੇ ਦੂਜੀ 'ਵਿਕਸ਼ੇਪ' (ਉਹਦੀ ਥਾਂ ਉੱਤੇ ਦੂਜੀ ਚੀਜ਼ ਨੂੰ ਰੱਖਣਾ) ਸ਼ਕਤੀ ਹੈ. ਇਸ ਚਿੰਤਨ ਅਨੁਸਾਰ ਸ਼ਕਤੀਸ਼ਾਲੀ ਮਾਇਆ ਨੂੰ, ਬ੍ਰਹਮ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਜਾਣ ਸਕਦਾ. ਇਸੇ ਕਰਕੇ ਇਸ ਨੇ ਸਾਰੇ ਸੰਸਾਰ ਨੂੰ ਆਪਣੇ ਭਰਮ ਵਿਚ ਪਾਇਆ ਹੋਇਆ ਹੈ.

ਗੁਰਮਤਿ ਫਿਲਾਸਫੀ ਵਿਚ ਵੀ ਮਾਇਆ ਦਾ ਸਿਧਾਂਤ ਵੇਖਣ ਨੂੰ ਮਿਲਦਾ ਹੈ. ਗੁਰਮਤਿ ਵਿਚ ਜੀਵਾਂ ਨੂੰ ਮੋਹਣ ਵਾਲੀ ਸ਼ਕਤੀ ਨੂੰ ਮਾਇਆ ਕਿਹਾ ਗਿਆ ਹੈ. ਇਸ ਦੀ ਸਿਰਜਣਾ ਵੀ ਬ੍ਰਹਮ ਵੱਲੋਂ ਆਪ ਕੀਤੀ ਗਈ ਹੈ.ਇਸੇ ਕਰਕੇ ਮਾਇਆ ਨੂੰ ਬ੍ਰਹਮ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਜਾਣ ਸਕਦਾ. ਇਸੇ ਕਰਕੇ ਮਾਇਆ ਨੂੰ ਸਾਰੇ ਸੰਸਾਰ ਨੂੰ ਆਪਣੇ ਭਰਮ ਵਿਚ ਪਾਇਆ ਹੋਇਆ ਹੈ. ਮਾਇਆ ਨੂੰ ਇਸ ਕਰਕੇ ਵੀ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਇਸ ਦਾ ਕੋਈ ਇੱਕ ਸਥਿਰ ਰੂਪ ਨਹੀਂ ਹੈ. ਇਹ ਨਿਤ ਰੂਪ ਬਦਲਦੀ ਰਹਿੰਦੀ ਹੈ.ਇਹ ਜੜ੍ਹ ਅਤੇ ਚੇਤਨ ਜਗਤ ਨੂੰ ਪ੍ਰਭਾਵਿਤ ਕਰਦੀ ਹੈ. ਮਨ-ਰੂਪੀ ਹਾਥੀ ਨੂੰ ਭਟਕਾਉਣ ਵਾਲੀ ਮਾਇਆ ਸੰਘਣੇ ਜੰਗਲ ਦਾ ਰੂਪ ਧਾਰਨ ਕਰ ਲੈਂਦੀ ਹੈ. ਗੁਰਮਤਿ ਵਿਚ ਮਾਇਆ ਨੂੰ ਸੱਪਣੀ, ਸੱਸ ਅਤੇ ਭੈੜੀ ਨਾਰ ਦੇ ਪ੍ਰਤੀਕਾਂ ਨਾਲ ਪੇਸ਼ ਕੀਤਾ ਗਿਆ ਹੈ. ਇਸੇ ਸਿਧਾਂਤਕ ਚੌਖਟੇ ਨੂੰ ਪਿਛੋਕੜ ਵਿਚ ਰੱਖ ਕੇ ਪੁਰਾਤਨ ਜਨਮਸਾਖੀ ਦੇ ਲੇਖਕ ਨੇ ਮਾਇਆ ਸਬੰਧੀ ਵਿਚਾਰਾਂ ਨੂੰ ਵੀ ਜਨਮਸਾਖੀਆਂ ਵਿਚ ਪੇਸ਼ ਕੀਤਾ ਹੈ.ਸਾਖੀਕਾਰ ਅਨੁਸਾਰ ਸੰਸਾਰ ਨੂੰ ਪ੍ਰਭਾਵਿਤ ਕਰਨ ਲਈ ਮਾਇਆ ਨੇ ਵਧੇਰੇ ਸਾਧਨ ਅਪਣਾਏ ਹਨ.ਇਨ੍ਹਾਂ ਵਿਚ ਮਨੁੱਖੀ ਮਨ ਸਭ ਤੋਂ ਪਰਮੁੱਖ ਹੈ. ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਹੀ ਅਜਿਹੇ ਗੁਰਮੁਖ ਹਨ ਜੋ ਮਾਇਆ ਦੇ ਪ੍ਰਭਾਵ ਤੋਂ ਬਚੇ ਹੋਏ ਹਨ.ਬਾਕੀ ਕੋਈ ਨਹੀਂ ਬਚ ਸਕਿਆ.ਇਥੋਂ ਤੱਕ ਕਿ ਮਰਦਾਨਾ ਵੀ ਮਾਇਆ ਦੇ ਪ੍ਰਭਾਵ ਵਿਚ ਨਜ਼ਰ ਆਉਂਦਾ ਹੈ.ਕੁੜਮਾਈ ਮਗਰੋਂ ਵਿਆਹ ਹੋਣ ਤੋਂ ਬਾਅਦ ਗੁਰੂ ਨਾਨਕ ਆਪਣੀ ਪਤਨੀ ਨਾਲ ਮੋਹ ਦੇ ਚੱਕਰਾਂ ਵਿਚ ਨਹੀਂ ਪੈਂਦੇ. ਇਸ ਤੋਂ ਮਗਰੋਂ ਉਹ ਖੇਤੀ, ਵਣਜ, ਸੌਦਾਗਰੀ ਅਤੇ ਚਾਕਰੀ ਦੇ ਮਾਇਕ ਚੱਕਰਾਂ ਤੋਂ ਵੀ ਬਚੇ ਰਹਿੰਦੇ ਹਨ.ਮੋਦੀਖਾਨੇ ਦੀ ਨੌਕਰੀ ਦੌਰਾਨ ਉਹ ਧਨ ਅਤੇ ਵਸਤਾਂ ਦੇ ਮਾਇਕ ਪ੍ਰਭਾਵ ਤੋਂ ਵੀ ਬਚ ਕੇ ਨਿਕਲ ਜਾਂਦੇ ਹਨ.ਕਾਜ਼ੀ ਚਰਚਾ ਵਿਚ ਕਾਜ਼ੀ ਦਾ ਧਿਆਨ ਵਛੇਰੀ ਦੀ ਮਾਇਆ ਵਿਚ ਦਰਸਾਇਆ ਗਿਆ ਹੈ. ਮਰਦਾਨੇ ਦੀ ਪੂਜਾ ਕਰਾਈ ਸਾਖੀ ਵਿਚ ਭੁੱਖਾ ਮਰਦਾਨਾ ਜਦੋਂ ਉੱਪਲ ਖੱਤਰੀ ਦੇ ਪਿੰਡ ਜਾਂਦਾ ਹੈ ਉਸ ਨਗਰ ਦੇ ਲੋਕ ਮਰਦਾਨੇ ਨੂੰ ਮਿਲ ਕੇ ਖੁਸ਼ ਹੁੰਦੇ ਹਨ ਅਤੇ ਚੀਜ਼ਾਂ-ਵਸਤਾਂ ਅਤੇ ਰੁਪਈਆਂ ਦੀ ਪੰਡ ਬੰਨ੍ਹ ਦਿੰਦੇ ਹਨ.ਮਰਦਾਨਾ ਇਹ ਸਭ ਵਸਤਾਂ ਲੈ ਕੇ ਗੁਰੂ ਨਾਨਕ ਕੋਲ ਪਹੁੰਚ ਜਾਂਦਾ ਹੈ.ਸਾਖੀਕਾਰ ਲਿਖਦਾ ਹੈ- "ਜਾ ਗਇਆ ਤਾ ਪੰਜੀਹੈ ਕਪੜੈ ਪੰਡਿ ਬੰਨਿਕੈ ਲੈ ਆਇਆ." ਜਦੋਂ ਗੁਰੂ ਨਾਨਕ ਮਰਦਾਨੇ ਨੂੰ ਇਸ ਮੋਹ-ਮਾਇਆ ਵਿਚ ਪਿਆ ਵੇਖਦੇ ਹਨ ਤਾਂ ਆਖਦੇ ਹਨ- "ਬਾਬਾ ਵੇਖੈ, ਤਾ ਬੰਨੀ ਪੰਡਿ ਲਈ ਆਵਦਾ ਹੈ,ਤਬਿ ਬਾਬੇ ਆਖਿਆ ਮਰਦਾਨਿਆ ਕਿਆ ਆਂਦਾ ਈ?" ਤਬਿ ਮਰਦਾਨੇ ਆਖਿਆ ਜੀਉ ਪਾਤਸਾਹ ਮੈ ਆਖਿਆ ਜੋ ਇਹ ਵਸਤੁ ਕਪੜੇ ਬਾਬੇ ਪਾਸਿ ਲੈ ਜਾਵਾਂ.ਤਬਿ ਗੁਰੂ ਬੋੋਲਿਆ ਮਰਦਾਨਿਆ ਆਂਦੋ ਭਲਾ ਕੀਤੋ.ਪਰ ਏਹੋ ਅਸਾਡੇ ਕਿਤੇ ਕੰਮਿ ਨਾਹੀ.ਤਬਿ ਮਰਦਾਨੇ ਆਖਿਆ ਜੀਉ ਪਾਤਿਸਾਹ ਕਿ ਕਰੀ? ਤਬਿ ਬਾਬੇ ਆਖਿਆ ਸੁਟਿ ਘਤੁ." ਵੱਖ-ਵੱਖ ਸਾਖੀਆਂ ਵਿਚ

ਆਉਣ ਵਾਲੇ ਬਹੁਤੇ ਪਾਤਰ ਇਥੋਂ ਤੱਕ ਕਿ ਗੁਰੂ ਨਾਨਕ ਦੀ ਮਾਤਾ, ਪਿਤਾ, ਜੀਜਾ, ਪਤਨੀ ਸਾਰੇ ਮਾਇਆ ਦੇ ਪ੍ਰਭਾਵ ਵਿਚ ਵਿਖਾਏ ਗਏ ਹਨ. ਪਹਿਲੀ ਉਦਾਸੀ ਮਗਰੋਂ ਜਦੋਂ ਗੁਰੂ ਨਾਨਕ ਵਾਪਸ ਆਉਂਦੇ ਹਨ ਤਾਂ ਮਹਿਤਾ ਕਾਲੂ, ਗੁਰੂ ਨਾਨਕ ਨੂੰ ਦੁਨਿਆਵੀ ਮੋਹ-ਮਾਇਆ ਵਿਚ ਪਾਉਣ ਦਾ ਹਰ ਹੀਲਾ ਕਰਦੇ ਹਨ. ਕਦੇ ਉਹ ਉਸ ਨੂੰ ਘੋੜੇ ਚੜ੍ਹ ਕੇ ਘਰੇ ਚੱਲਣ ਦੀ ਗੱਲ ਆਖਦੇ ਹਨ ਅਤੇ ਕਦੇ ਨਵਾਂ ਪਾਇਆ ਘਰ ਵੇਖ ਲੈਣ ਦੀ ਗੱਲ ਕਰਦੇ ਹਨ ਪਰ ਗੁਰੂ ਨਾਨਕ ਇਨ੍ਹਾਂ ਸਭ ਲੋਭ-ਲਾਲਚਾਂ ਵਿਚ ਪੈਣ ਤੋਂ ਇਨਕਾਰ ਕਰ ਦਿੰਦੇ ਹਨ ਤਾਂ ਮਹਿਤਾ ਕਾਲੂ, ਗੁਰੂ ਨਾਨਕ ਨੂੰ ਦੂਜੇ ਵਿਆਹ ਦੀ ਪੇਸ਼ਕਸ਼ ਕਰਦਾ ਹੋਇਆ ਆਖਦਾ ਹੈ-"ਤਬਿ ਫਿਰਿ ਕਾਲੂ ਆਖਿਆ ਬਚਾ, ਤੇਰਾ ਜੀਉ ਕਿਤੁ ਗਲੈ ਖਟਾ ਹੋਆ ਹੈ ਤੂ ਮੈਨੂ ਦਸਿ ਜੋ ਆਖਹਿ ਤਾ ਹੋਰ ਵੀਵਾਹੁ ਕਰੀ,ਭਲੀ ਜੰਞਿ ਚਾੜੀ, ਅਡੰਬਰ ਨਾਲਿ ਵੀਵਾਹੁ ਕਰਾਈ." ਇਹ ਸੁਣ ਕੇ ਗੁਰੂ ਨਾਨਕ ਆਪਣੇ ਮਾਤਾ-ਪਿਤਾ ਨੂੰ ਸੰਬੋਧਿਤ ਹੁੰਦੇ ਹੋਏ ਆਖਦੇ ਹਨ ਕਿ ਵੇਖਣ-ਪਰਖਣ ਵਾਲਾ,ਪਾਲਣ-ਪੋਸ਼ਣ ਵਾਲਾ ਉਹ ਵਿਧਾਤਾ-ਪੁਰਖ ਆਪ ਹੈ.ਉਸ ਨੇ ਜੋ ਸੰਯੋਗ ਕੀਤੇ ਹਨ ਸੋ ਚੰਗੇ ਹੀ ਕੀਤੇ ਹਨ.

ਮਾਇਆ ਦੇ ਪ੍ਰਭਾਵ ਤੋਂ ਬਚਣ ਦੀ ਇਹ ਸੋਝੀ ਕੇਵਲ ਕਿਤਾਬੀ-ਗਿਆਨ ਨਾਲ ਨਹੀਂ ਆ ਜਾਂਦੀ- ਇਸ ਵਿਚਾਰ ਨੂੰ ਸਾਖੀਕਾਰ ਨੇ ਦੋ ਊਠਾਂ ਉੱਤੇ ਪੁਰਾਣ ਲੱਦ ਕੇ ਰੱਖਣ ਵਾਲੇ ਗਿਆਨੀ ਬ੍ਰਹਮ ਦਾਸ ਵਾਲੀ ਸਾਖੀ ਵਿਚ ਦਰਸਾਇਆ ਹੈ. ਮਾਇਆ ਉਸ ਨੂੰ ਲਾਲ ਕੱਪੜੇ ਪਾਉਣ ਵਾਲੀ ਇਸਤਰੀ ਦੇ ਰੂਪ ਵਿਚ ਮਿਲਦੀ ਹੈ ਪਰ ਉਹ ਉਸ ਨੂੰ ਪਛਾਣ ਨਹੀਂ ਸਕਦਾ. ਮਾਰਤੰਡ ਦੇ ਮੰਦਰ ਵਿਚ ਮਾਇਆ ਉਸ ਨੂੰ ਇਸਤਰੀ ਦੇ ਰੂਪ ਵਿਚ ਮਿਲ ਕੇ ਤਾੜਨਾ ਵੀ ਕਰਦੀ ਹੈ. ਬ੍ਰਹਮ ਦਾਸ ਜਿਸ ਨੂੰ ਗੁਰੂ ਸਮਝ ਕੇ ਉਸ ਦੀ ਉਪਾਸਨਾ ਕਰਦਾ ਰਹਿੰਦਾ ਹੈ, ਉਹ ਅਸਲ ਵਿਚ ਮਾਇਆ ਹੈ. ਇਸ ਦਾ ਉਸ ਨੂੰ ਪਤਾ ਵੀ ਨਹੀਂ. ਇਸੇ ਤਰ੍ਹਾਂ ਸਾਖੀਕਾਰ ਅਨੁਸਾਰ ਮਨੁੱਖ ਸਾਰੀ ਉਮਰ ਮਾਇਆ ਦੇ ਪ੍ਰਭਾਵ ਵਿਚ ਰਹਿੰਦਾ ਹੈ ਪਰ ਉਸ ਨੂੰ ਇਸ ਦਾ ਰਤਾ ਵੀ ਪਤਾ ਨਹੀਂ ਲੱਗਦਾ.

**ਮੁਕਤੀ ਦਾ ਸਿਧਾਂਤ**

ਗੁਰਮਤਿ ਫਿਲਾਸਫੀ ਵਿਚ ਇਹ ਸਿਧਾਂਤ ਹੈ ਕਿ ਗੁਰੂ ਦਾ ਸਿੱਖ ਪਰਮਾਤਮਾ ਦਾ ਨਾਮ ਜਪਦਾ ਹੋਇਆ ਸੰਸਾਰਕ ਕੰਮ ਧੰਦੇ ਕਰਦਾ ਹੋਇਆ ਹਸਦਾ-ਖੇਡਦਾ ਹੋਇਆ ਮੁਕਤੀ ਹਾਸਲ ਕਰਦਾ ਹੈ. ਉਹ ਇਸ ਸੰਸਾਰ ਰੂਪੀ ਭਵਸਾਗਰ ਨੂੰ ਖੁਦ ਹੀ ਨਹੀਂ ਤੈਰਦਾ ਸਗੋਂ ਦੂਜਿਆਂ ਨੂੰ ਵੀ ਭਵ-ਸਾਗਰ ਤਰਨ ਵਿਚ ਮਦਦ ਕਰਦਾ ਹੈ- "ਸੁਣਿਐ ਤਰੇ,ਤਾਰੇ ਗੁਰਸਿੱਖ॥" "ਹਰਿ ਕਾ ਨਾਮ ਰਿਦੈ ਨਿਤੁ ਧਿਆਈ/ ਸੰਗੀ-ਸਾਥੀ ਸਗਲ ਤਰਾਈ॥" ਇਸੇ ਸਿਧਾਂਤ ਨੂੰ ਜਨਮਸਾਖੀਆਂ ਵਿਚ ਵੀ ਵੇਖਿਆ ਜਾ ਸਕਦਾ ਹੈ. ਗੁਰੂ ਨਾਨਕ ਦੇਵ ਜੀ ਆਪਣੇ ਸੰਪਰਕ ਵਿਚ ਆਉਣ ਵਾਲੇ ਹਰੇਕ ਸਾਧ,ਸੰਤ,ਪੀਰ,ਫਕੀਰ,ਨਾਥ,ਜੋਗੀ ਅਤੇ ਪਾਖੰਡੀ ਨੂੰ ਆਪਣੇ ਵਿਚਾਰਾਂ ਦੀ ਸੇਧ ਦੇ ਕੇ ਮਨੁੱਖੀ ਕਲਿਆਣ ਵਿਚ ਯੋਗਦਾਨ ਦਿੰਦੇ ਹਨ. ਉਨ੍ਹਾਂ ਦੇ ਸੰਪਰਕ ਵਿਚ ਆ ਕੇ ਵਲੀ ਕੰਧਾਰੀ,ਕੌਡਾ ਰਾਖਸ਼,ਮਲਿਕ ਭਾਗੋ ਅਤੇ ਸੱਜਣ ਠੱਗ ਜਿਹੇ 'ਮਨਮੁਖ' ਵੀ 'ਗੁਰਮੁਖ' ਬਣ ਜਾਂਦੇ ਹਨ ਕਿਉਂਕਿ ਗੁਰਮਤਿ ਦਾ ਮੁਕਤੀ ਦਾ ਸੰਕਲਪ ਸਮੂਹਿਕ ਜਾਂ ਸਮਾਜਿਕ ਹੈ.

## ਅ. ਗੁਰਮਤਿ ਫਿਲਾਸਫੀ ਦੇ ਕੁਝ ਹੋਰ ਸਿਧਾਂਤ

### ਧਰਮ ਬਨਾਮ ਧਾਰਮਿਕਤਾ

ਕਿਸੇ ਵੀ ਧਰਮ ਦੇ ਬੁਨਿਆਦੀ ਸਿਧਾਂਤਾਂ ਨਾਲ ਉਸ ਦੀ ਧਰਮ ਦੀ ਉਸਾਰੀ ਹੁੰਦੀ ਹੈ.ਰਹੁ-ਰੀਤਾਂ ਅਤੇ ਕਰਮ-ਕਾਂਡਾਂ ਨਾਲ ਇਸ ਧਰਮ ਦੀ ਧਾਰਮਿਕਤਾ ਬਣਦੀ ਹੈ. 'ਧਾਰਮਿਕਤਾ' ਧਰਮ ਦੇ ਨਾਲ-ਨਾਲ ਚੱਲੇ ਤਾਂ ਇਸ ਦੀ ਸਾਰਥਿਕਤਾ ਹੁੰਦੀ ਹੈ. ਪਰ ਜੇਕਰ ਧਾਰਮਿਕਤਾ ਤਾਂ ਰਹਿ ਜਾਵੇ ਅਤੇ ਧਰਮ ਖਤਮ ਹੋ ਜਾਵੇ ਤਾਂ ਇਹੋ ਜਿਹੀਆਂ ਰਹੁ-ਰੀਤਾਂ ਕਰਮ-ਕਾਂਡ ਹੀ ਬਣ ਕੇ ਰਹਿ ਜਾਂਦੀਆਂ ਹਨ.ਇਨ੍ਹਾਂ ਦਾ ਮਨੁੱਖ ਨੂੰ ਕੋਈ ਅਧਿਆਤਮਕ ਲਾਹਾ ਨਹੀਂ ਹੁੰਦਾ.ਗੁਰਮਤਿ ਵਿਚ ਇਸ ਨੂੰ 'ਪਾਖੰਡ' ਕਿਹਾ ਜਾਂਦਾ ਹੈ. 'ਵੇਈਂ ਪ੍ਰਵੇਸ਼' ਮਗਰੋਂ ਗਿਆਰਵੀਂ ਸਾਖੀ 'ਕਾਜ਼ੀ ਚਰਚਾ' ਵਿਚ ਜਦੋਂ ਗੁਰੂ ਨਾਨਕ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਦਾ ਸੰਦੇਸ਼ ਦਿੰਦੇ ਹਨ ਤਾਂ ਉਨ੍ਹਾਂ ਦੀ ਸ਼ਿਕਾਇਤ ਦੌਲਤ ਖਾਨ ਕੋਲ ਕਰ ਦਿੱਤੀ ਜਾਂਦੀ ਹੈ.ਕਾਜ਼ੀ ਉਨ੍ਹਾਂ ਨੂੰ ਪੁੱਛਦਾ ਹੈ ਕਿ ਉਨ੍ਹਾਂ ਦੇ ਇਸ ਕਥਨ ਦਾ ਮਤਲਬ ਕੀ ਹੈ? ਗੁਰੂ ਨਾਨਕ ਕਹਿੰਦੇ ਹਨ ਕਿ ਸੱਚਾ ਹਿੰਦੂ ਅਤੇ ਸੱਚਾ ਮੁਸਲਮਾਨ ਬਣਨਾ ਔਖਾ ਹੈ ਕਿਉਂਕਿ ਰੱਬ ਦੀ ਰਜ਼ਾ ਵਿਚ ਰਹਿਣਾ,ਆਪਣੇ ਮਨ ਵਿੱਚੋਂ ਹੰਕਾਰ ਕੱਢ ਕੇ,ਸਭ ਜੀਆਂ ਵਾਸਤੇ ਤਰਸ, ਹਮਦਰਦੀ ਤੇ ਪਿਆਰ ਰੱਖਣਾ ਧਰਮ ਦਾ ਅਸਲ ਰਾਸਤਾ ਹੈ.ਇਸ ਰਸਤੇ ਉੱਤੇ ਕੋਈ ਵਿਰਲਾ ਹੀ ਤੁਰਦਾ ਹੈ. ਕਾਜ਼ੀ ਉਨ੍ਹਾਂ ਨੂੰ ਅਗਲਾ ਸੁਆਲ ਕਰਦਾ ਹੈ ਕਿ ਇੱਕ ਰਾਹ ਹਿੰਦੂਆਂ ਦਾ ਹੈ ਅਤੇ ਇੱਕ ਰਾਹ ਮੁਸਲਮਾਨਾਂ ਦਾ ਹੈ, ਤੁਸੀਂ ਕਿਸ ਰਾਹ 'ਤੇ ਹੋ? ਗੁਰੂ ਜੀ ਕਹਿੰਦੇ ਹਨ-"ਮੈਂ ਖੁਦਾਇ ਦੇ ਰਾਹ ਤੇ ਹਾਂ, ਖੁਦਾ ਨਾ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ ਹੈ." ਧਾਰਮਿਕ ਕਰਮ-ਕਾਂਡ ਕਰਦਿਆਂ ਜੇਕਰ ਇਨ੍ਹਾਂ ਵਿਚ ਮਨੁੱਖ ਦਾ ਮਨ ਸ਼ਾਮਲ ਨਹੀਂ ਤਾਂ ਵੀ ਇਨ੍ਹਾਂ ਨੂੰ ਕਰਨ ਜਾਂ ਨਾ-ਕਰਨ ਦਾ ਕੋਈ ਲਾਭ ਨਹੀਂ.ਕਾਜ਼ੀ ਜਦੋਂ ਪੇਸ਼ੀ ਦੀ ਨਮਾਜ਼ ਪੜ੍ਹਦਾ ਹੈ ਤਾਂ ਉਸ ਦਾ ਮਨ ਅੱਲ੍ਹਾ ਵਿਚ ਨਹੀਂ ਸਗੋਂ ਘਰੇ ਸੂਈ ਹੋਈ ਘੋੜੀ ਵਿਚ ਹੁੰਦਾ ਹੈ. ਗੁਰੂ ਨਾਨਕ ਸਾਹਿਬ ਉਸ ਨੂੰ ਸਮਝਾਉਂਦੇ ਹਨ ਕਿ ਜੇਕਰ ਮਨ ਰੱਬ ਵੱਲ ਨਾ ਹੋ ਕੇ ਘਰ ਵਿਚ ਸੂਈ ਘੋੜੀ ਦੇ ਵਛੇਰੀ ਵਿਚ ਹੋਵੇ ਤਾਂ ਅਜਿਹੀ ਨਮਾਜ਼ ਦਾ ਕੋਈ ਫਾਇਦਾ ਨਹੀਂ.

### ਪਾਖੰਡ ਦੇ ਤਿਆਗ ਦਾ ਸਿਧਾਂਤ

'ਧਾਰਮਿਕਤਾ' ਵਾਂਗ ਹੀ ਗੁਰਮਤਿ ਫਿਲਾਸਫੀ ਵਿਚ 'ਪਾਖੰਡ ਛੱਡ ਕੇ ਪਰਮਾਤਮਾ ਦਾ ਨਾਮ ਲੈ ਕੇ, ਭਵ-ਸਾਗਰ ਤਰਨ' ਦੇ ਸਿਧਾਂਤ ਨੂੰ ਮੰਨਿਆ ਗਿਆ ਹੈ. 'ਜੇਨਊ ਵਾਲੀ ਸਾਖੀ' ਵਿਚ ਵੀ ਉਹ ਜੇਨਊ ਪਾਉਣ ਤੋਂ ਇਸ ਕਰਕੇ ਇਨਕਾਰ ਕਰ ਦਿੰਦੇ ਹਨ ਕਿਉਂਕਿ ਇਸ ਦਾ ਕੋਈ ਅਧਿਆਤਮਕ ਲਾਭ ਨਹੀਂ ਹੈ. 'ਹਰਦੁਆਰ ਜਾਣ ਵਾਲੀ ਸਾਖੀ' ਵਿਚ ਜਦੋਂ ਸਾਰੇ ਪੰਡਤ ਪੂਰਬ ਦਿਸ਼ਾ ਵਿਚ ਪਾਣੀ ਦਿੰਦੇ ਹਨ ਤਾਂ ਗੁਰੂ ਨਾਨਕ ਪੱਛਮ ਵਾਲੇ ਪਾਸੇ ਤਲਵੰਡੀ ਵਿਚ ਆਪਣੇ ਖੇਤਾਂ ਨੂੰ ਪਾਣੀ ਦੇਣ ਦੀ ਗੱਲ ਕਰਕੇ ਤਰਕ ਰਾਹੀਂ ਪਿੱਤਰਾਂ ਨੂੰ ਪਾਣੀ ਦੇਣ ਨੂੰ ਪਾਖੰਡ ਤੋਂ ਅਗਾਂਹ ਹੋਰ ਕੁਝ ਨਹੀਂ ਕਹਿੰਦੇ.

**'ਨਾਮ ਜਪੋ' ਦਾ ਸਿਧਾਂਤ**

ਗੁਰਮਤਿ ਵਿਚ ਨਾਮ ਜਪਣ ਉੱਤੇ ਬਹੁਤ ਜ਼ੋਰ ਦਿੱਤਾ ਗਿਆ. ਇਸ ਦੀ ਫਿਲਾਸਫੀ ਵਿਚ 'ਨਾਮ' ਨੂੰ ਸਾਰੇ ਰੋਗਾਂ ਦੀ ਦਵਾਈ (ਸਰਬ ਰੋਗ ਕਾ ਅਉਖਧ ਨਾਮੁ) ਦੱਸਿਆ ਗਿਆ ਹੈ. ਪੁਰਾਤਨ ਜਨਮਸਾਖੀ ਦੇ ਮੁੱਢ ਤੋਂ ਹੀ ਗੁਰੂ ਨਾਨਕ ਸੰਸਾਰਕ ਕੰਮਾਂ-ਕਾਰਾਂ ਵਿਚ ਘੱਟ ਦਿਲਚਸਪੀ ਰੱਖਦੇ ਹਨ, ਕਿਉਂਕਿ ਉਨ੍ਹਾਂ ਦੀ ਬਿਰਤੀਆਂ ਦਾ ਕੇਂਦਰ-ਬਿੰਦੂ ਪਰਮੇਸ਼ਰ ਅਤੇ ਉਸ ਦਾ ਨਾਮ-ਸਿਮਰਨ ਹੈ. ਸਾਖੀਕਾਰ ਨੇ ਥਾਂ-ਥਾਂ ਗੁਰੂ ਨਾਨਕ ਵੱਲੋਂ ਪਰਮੇਸ਼ਰ ਦੇ ਨਾਮ ਵਿਚ ਧਿਆਨ ਰੱਖਣ ਅਤੇ ਹੋਰਨਾਂ ਤੋਂ ਵੀ ਪਾਰਬ੍ਰਹਮ ਦਾ ਨਾਮ ਜਪਾਉਣ ਦਾ ਜ਼ਿਕਰ ਕੀਤਾ ਹੈ. ਮਿਸਾਲ ਵਜੋਂ 'ਅਵਤਾਰ ਅਤੇ ਬਾਲਪਨ' ਸਾਖੀ ਵਿਚ ਵੀ ਸਾਖੀਕਾਰ ਲਿਖਦਾ ਹੈ- "ਵਡਾ ਹੋਆ ਤਾ ਲਗਾ ਬਾਲਕਾਂ ਨਾਲ ਖੇਡਣ ਪਰ ਬਾਲਕਾਂ ਤੇ ਇਸ ਕੀ ਦ੍ਰਿਸਟਿ ਅਉਰ ਆਵੇ,ਆਤਮੇ ਅਭਿਆਸੁ ਪਰਮੇਸਰ ਕਾ,ਕਰੇ." ਗੁਰੂ ਨਾਨਕ ਜਦੋਂ ਪਾਂਧੇ ਕੋਲ ਪੜ੍ਹਨ ਜਾਂਦੇ ਹਨ ਤਾਂ ਉਸ ਕੋਲ ਵੀ ਆਖਦੇ ਹਨ- "ਪਾਧਾ, ਇਨੀ ਪੜੇ ਗਲ ਫਾਹੇ ਪਾਉਦੇ ਹੈਨ,ਇਹ ਜੋ ਪੜਨਾ ਹੈ ਸਭ ਬਦਾ ਹੈ." ਇਸੇ ਤਰ੍ਹਾਂ ਜਦੋਂ ਬਾਬਾ ਨਾਨਕ ਆਪਣੇ ਪਿਤਾ ਨਾਲ ਖੇਤੀ ਕਰਨ ਦੇ ਮਾਮਲੇ ਬਾਰੇ ਗੱਲ ਕਰਦੇ ਹਨ ਤਾਂ ਉਹ ਆਖਦੇ ਹਨ- "ਜਿਸੁ ਸਾਹਿਬ ਦੀ ਮੈਂ ਕਿਰਸਾਣੀ ਵਾਹੀ ਹੈ, ਸੋ ਮੇਰਾ ਬਹੁਤ ਖਸਮਾਨਾ ਕਰਦਾ ਹੈ." ਵੇਈਂ ਪ੍ਰਵੇਸ਼ ਵਾਲੀ ਸਾਖੀ ਵਿਚ ਤਾਂ ਗੁਰੂ ਨਾਨਕ ਨੂੰ ਸਾਖੀਕਾਰ ਨੂੰ 'ਪਰਮੇਸਰ ਕੀ ਦਰਗਾਹ' ਵਿਚ ਪਰਮੇਸਰ ਨਾਲ ਗੱਲਬਾਤ ਕਰਦਿਆਂ ਵਿਖਾ ਦਿੱਤਾ ਹੈ. ਗੁਰੂ ਨਾਨਕ ਜਿਸ ਕਿਸੇ ਦੇ ਵੀ ਸੰਪਰਕ ਵਿਚ ਆਉਂਦੇ ਹਨ, ਉਸ ਨੂੰ ਰੱਬੀ ਨਾਮ ਨਾਲ ਜੁੜਨ ਦਾ ਸੰਦੇਸ਼ ਦਿੰਦੇ ਜਾਂਦੇ ਹਨ. ਇਉਂ ਸਮੁੱਚੀ 'ਪੁਰਾਤਨ ਜਨਮਸਾਖੀ' ਦੀ ਡੂੰਘ-ਸੰਰਚਨਾ ਵਿਚ ਗੁਰਮਤਿ ਫਿਲਾਸਫੀ ਦਾ 'ਨਾਮ ਜਪੋ' ਸਿਧਾਂਤ ਪਿਆ ਹੈ.

**'ਕਿਰਤ ਕਰੋ' ਦਾ ਸਿਧਾਂਤ**

ਕਿਰਤ ਕਰੋ ਗੁਰਮਤਿ ਦੀ ਫਿਲਸਫੀ ਦਾ ਇੱਕ ਹੋਰ ਅਹਿਮ ਪੱਖ ਹੈ. ਗੁਰਮਤਿ ਵਿਚ ਅਜਿਹੇ 'ਕਰਮਹੀਣ ਜੀਵਨ' ਨੂੰ 'ਵਿਅਰਥ' ਕਿਹਾ ਗਿਆ ਹੈ. ਗੁਰੂ ਨਾਨਕ ਸਾਹਿਬ 'ਪੁਰਾਤਨ ਜਨਮਸਾਖੀ' ਵਿਚ ਮੋਦੀਖਾਨੇ ਦੀ ਨੌਕਰੀ ਕਰਦੇ ਹਨ. ਉਹ ਇਹ ਉਪਦੇਸ਼ ਦਿੰਦੇ ਹਨ ਕਿ ਮਨੁੱਖ ਕਿਸੇ ਵੀ ਕਿਸਮ ਦਾ ਕੰਮ ਕਰਕੇ ਦਸਾਂ-ਨਹੁੰਆਂ ਦਾ ਕਿਰਤ ਕਮਾਈ ਕਰੇ. ਜਨਮਸਾਖੀਆਂ ਵਿਚ ਵੀ ਉਹ ਜਦੋਂ ਉਹ ਭਾਈ ਲਾਲੋ ਦੇ ਘਰ ਜਾਂਦੇ ਹਨ ਪਰ ਮਲਿਕ ਭਾਗੋ ਦੇ ਘਰ ਜਾਣ ਤੋਂ ਇਨਕਾਰ ਕਰ ਦਿੰਦੇ ਹਨ. ਇਸ ਦਾ ਕਾਰਨ ਇਹੋ ਹੈ ਕਿ ਮਲਿਕ ਭਾਗੋ 'ਪਰਾਇਆ ਹੱਕ' ਖਾਂਦਾ ਹੈ ਜਦੋਂਕਿ ਭਾਈ ਲਾਲੋ ਦੀ ਕੋਦਰੇ ਦੀ ਰੋਟੀ ਮਿਹਨਤ ਨਾਲ ਕੀਤੀ ਕਮਾਈ ਦੀ ਹੈ.ਇਸੇ ਕਰਕੇ ਸਾਖੀਕਾਰ ਨੇ ਉਸ ਵਿੱਚੋਂ ਦੁੱਧ ਨਿਕਲਦਾ (ਬਰਕਤ ਪੈਂਦੀ) ਦਿਖਾਈ ਹੈ.ਕਿਰਤ ਕਮਾਈ ਦੀ ਰੋਟੀ ਵਿੱਚੋਂ ਦੁੱਧ ਨਿਕਲਣਾ ਅਤੇ ਪਰਾਏ ਹੱਕ ਦੀ ਰੋਟੀ ਵਿੱਚੋਂ ਲਹੂ ਨਿਕਲਣਾ ਗੁਰਮਤਿ ਦੀ 'ਹੱਕ ਪਰਾਇਆ ਨਾਨਕਾ,ਉਸ ਸੂਅਰ ਉਸ ਗਾਇ' ਦੇ ਵਿਚਾਰ ਦਾ ਹੀ ਪ੍ਰਤੀਬਿੰਬ ਹੈ.ਇਸ ਜਨਮਸਾਖੀ ਵਿਚ ਰਾਜਾ ਸ਼ਿਵਨਾਭੀ ਗੁਰੂ ਨਾਨਕ ਨੂੰ ਹਾਥੀ ਘੋੜੇ ਦੀ ਸਵਾਰੀ ਪੇਸ਼ ਕਰਦਾ ਹੈ. ਰਾਜ ਸਿੰਘਾਸਨ ਉੱਤੇ ਬੈਠਣ ਦੀ ਬੇਨਤੀ ਕਰਦਾ ਹੈ ਪਰ ਗੁਰੂ ਨਾਨਕ ਇਨ੍ਹਾਂ ਸੰਸਾਰਕ ਸਹੂਲਤਾਂ ਨੂੰ ਲੈਣ ਤੋਂ ਇਨਕਾਰ ਕਰ ਦਿੰਦੇ ਹਨ. ਇਸ ਦੇ ਉਲਟ ਜਦੋਂ ਉਹ ਇੱਕ 'ਬਾਢੀ' ਦੇ ਘਰ ਰਾਤ ਰਹਿਣ ਜਾਂਦੇ ਹਨ ਤਾਂ ਉਹ ਉਨ੍ਹਾਂ ਨੂੰ ਆਪਣੀ ਸਾਦੀ ਜਿਹੀ ਝੁੱਗੀ ਵਿਚ ਮੰਜੀ ਡਾਹ ਦਿੰਦਾ ਹੈ.

ਗੁਰੂ ਨਾਨਕ ਉਸ ਉੱਤੇ ਖੁਸ਼ੀ-ਖੁਸ਼ੀ ਸੌਂ ਜਾਂਦੇ ਹਨ.ਸਾਖੀਕਾਰ ਲਿਖਦਾ ਹੈ-"ਏਕਸ ਬਾਢੀ ਕੈ ਆਇ ਰਾਤ ਰਹੈ.ਉਨਿ ਸੇਵਾ ਭਾਉ ਬਹੁਤੁ ਕੀਤਾ.ਮੰਜੀ ਡਾਹਿ ਦਿਤੀ ਅਸੁ.ਬਾਬਾ ਰਾਤਿ ਸੁਤਾ." ਜਦੋਂ ਸੈਦੋ ਗੁਰੂ ਨਾਨਕ ਨੂੰ ਆਪਣਾ ਪ੍ਰਸ਼ਨ ਕਰਦਾ ਹੈ ਤਾਂ ਗੁਰੂ ਨਾਨਕ ਆਖਦੇ ਹਨ-"ਸੈਦੋ, ਉਸ ਕਾ ਭਾਉ (ਪਿਆਰ) ਥਾਇ ਪਾਇਆ ਹੈ." ਆਪਣੀਆਂ ਉਦਾਸੀਆਂ ਤੋਂ ਮਗਰੋਂ ਗੁਰੂ ਨਾਨਕ ਲਗਭਗ ਪੰਦਰਾਂ ਸਾਲ ਕਰਤਾਰਪੁਰ ਵਿਚ ਰਹਿ ਕੇ ਖੇਤੀ ਕਰਦੇ ਹਨ.ਇਸ ਤਰ੍ਹਾਂ ਜਨਮਸਾਖੀਆਂ ਗੁਰੂ ਨਾਨਕ ਦੇ ਕਿਰਤ ਕਰਨ ਦੇ ਸਿਧਾਂਤ ਨੂੰ ਕਈ ਤਰ੍ਹਾਂ ਪੇਸ਼ ਕਰਦੀਆਂ ਹਨ.

**'ਵੰਡ ਛਕੋ' ਦਾ ਸਿਧਾਂਤ**

ਗੁਰਮਤਿ ਫਿਲਾਸਫੀ ਵਿਚ 'ਵੰਡ ਛਕੋ' ਦੇ ਸਿਧਾਂਤ ਨੂੰ 'ਘਾਲ ਖਾਏ ਕਿਛੁ ਹੱਥ ਦੇ' ਦੇ ਵਿਚਾਰ ਰਾਹੀਂ ਪੇਸ਼ ਕੀਤਾ ਗਿਆ ਹੈ.ਗੁਰਮਖ ਕੋਲ ਜੇਕਰ ਥੋੜ੍ਹਾ ਜਿਹਾ ਵੀ ਵੱਧ ਹੈ ਤਾਂ ਉਸ ਨੂੰ ਦੂਜਿਆਂ ਨਾਲ ਵੰਡਣ ਤੋਂ ਸਕੋਚ ਨਹੀਂ ਕਰਨਾ ਚਾਹੀਦਾ. 'ਪੁਰਾਤਨ ਜਨਮਸਾਖੀ' ਦੀ ਸਾਖੀ 'ਮੋਦੀਖਾਨਾ ਸੰਭਾਲਿਆ' ਵਿਚ ਗੁਰੂ ਨਾਨਕ ਸਾਹਿਬ ਆਪਣੇ ਹਿੱਸੇ ਦਾ ਦਸਵੰਧ (ਦਹਿਨੀਮੀ) ਸਾਧਾਂ-ਸੰਤਾਂ ਵਿਚ ਵੰਡ ਦਿੰਦੇ ਹਨ.ਸਾਖੀਕਾਰ ਲਿਖਦਾ ਹੈ-"ਅਰੁ ਜੋ ਕਿਛੁ ਅਲੂਫਾ (ਰੋਜਾਨਾ ਆਪਣੇ ਹਿੱਸੇ ਦਾ ਮਿਲਣ ਵਾਲਾ ਅਨਾਜ) ਗੁਰੂ ਨਾਨਕ ਜੋਗੁ ਮਿਲੇ, ਖਾਵੈ ਸੋ ਖਾਵੈ, ਹੋਰ ਪਰਮੇਸਰ ਕੇ ਅਰਥਿ ਦੇਵੈ... ਅਰੁ ਜੋ ਹੋਰ ਪਿਛੋਂ ਆਵਨਿ, ਤਿਨਾ ਜੋਗੁ ਖਾਣ (ਖਾਨ) ਤਾਈ ਮਿਲਾਇ ਕਰ ਅਲੂਫਾ ਕਰਾਇ ਦੇਵੈ,ਸਭਿ ਰੋਟੀਆਂ ਖਾਵਨਿ." ਇਸੇ ਤਰ੍ਹਾਂ ਜਦੋਂ ਜੋਗੀ ਗੁਰੂ ਜੀ ਨੂੰ ਇੱਕ ਤਿਲ ਕੇ ਵੰਡ ਕੇ ਖਾਣ ਦੀ ਗੱਲ ਆਖਦੇ ਹਨ ਤਾਂ ਗੁਰੂ ਜੀ ਉਸ ਤਿਲ ਨੂੰ ਕੂੰਡੀ ਵਿਚ ਪਾ ਕੇ ਕੁੱਟ ਲੈਂਦੇ ਹਨ ਅਤੇ ਉਸ ਵਿਚ ਪਾਣੀ ਪਾ ਕੇ ਸਭ ਨੂੰ ਵਰਤਾ ਦਿੰਦੇ ਹਨ.ਇਹ ਸਾਖੀ ਗੁਰਮਤਿ ਦੇ ਵੰਡ ਛਕੋ ਦੇ ਸਿਧਾਂਤ ਨੂੰ ਉਜਾਗਰ ਕਰਦੀ ਹੋਈ ਇਹ ਸੰਦੇਸ਼ ਦਿੰਦੀ ਹੈ ਕਿ ਵੰਡ ਛਕਣਾ, ਵਸਤੂ ਦੀ ਮਾਤਰਾ ਉੱਤੇ ਨਹੀਂ ਸਗੋਂ ਮਨੁੱਖ ਦੀ ਨੀਅਤ ਉੱਤੇ ਨਿਰਭਰ ਹੈ.

**ਮੌਤ ਇੱਕ ਅਟੱਲ ਸੱਚਾਈ**

ਗੁਰਮਤਿ ਵਿੱਚ ਮੌਤ ਤ੍ਰੋਂ ਬਚਣ ਲਈ ਕੋਈ ਬਚਾਅ ਨਹੀਂ ਦੱਸਿਆ ਗਿਆ ਕਿਉਂਕਿ ਮੌਤ ਇੱਕ ਅਟੱਲ ਸੱਚਾਈ ਹੈ. ਗੁਰਬਾਣੀ ਮੌਤ ਦੇ ਭੈਅ ਨੂੰ ਨਿਰਮੂਲ ਕਰਾਰ ਦਿੰਦੀ ਹੈ, ਕਿਉਂਕਿ ਮੌਤ ਸਰੀਰਕ ਵਿਕਾਸ ਦੀ ਅੰਤਿਮ ਅਵਸਥਾ ਹੈ . ਗੁਰਮਤਿ ਵਿਚ ਮੌਤ ਤਾਂ 'ਆਨੰਦ ਦੀ ਅਵਸਥਾ' ਹੈ ਕਿਉਂਕਿ ਇਹ ਪਰਮਾਨੰਦ ਨਾਲ ਦੂਰੀ ਘਟਾਉਂਦੀ ਹੈ -

ਜਿਸ ਮਰਣੈ ਤੇ ਜਗੁ ਡਰੈ ਮੇਰੇ ਮਨੁ ਆਨੰਦੁ॥
ਮਰਣੇ ਤੈ ਹੀ ਪਾਈਐ ਪੂਰਣ ਪਰਮਾਨੰਦ॥

ਇਸੇ ਸਿਧਾਂਤ ਦੇ ਅਧਾਰ ਉੱਤੇ ਜਨਮਸਾਖੀਆਂ ਵਿਚ ਸਾਖੀਕਾਰ ਨੇ ਭਾਈ ਮਰਦਾਨੇ ਨੂੰ ਫੌਤ ਹੁੰਦਿਆਂ ਵਿਖਾਉਣ ਦੇ ਨਾਲੋ-ਨਾਲ ਗੁਰੂ ਨਾਨਕ ਨੂੰ ਵੀ ਜੋਤੀ ਜੋਤ ਸਮਾਉਂਦਾ ਦਰਸਾਇਆ ਹੈ.

## 'ਕਿਛੁ ਸੁਣੀਐ, ਕਿਛੁ ਕਹੀਐ' ਦਾ ਸਿਧਾਂਤ

ਗੁਰਮਤਿ ਦੀ ਫਿਲਾਸਫੀ ਇਸ ਗੱਲ ਵਿਚ ਵਿਸ਼ਵਾਸ ਰੱਖਦੀ ਹੈ ਕਿ ਜਦੋਂ ਤੱਕ ਮਨੁੱਖ ਇਸ ਸੰਸਾਰ ਵਿਚ ਰਹੇ,ਉਹ ਸੰਵਾਦੀ-ਸਥਿਤੀ ਵਿਚ ਰਹਿ ਕੇ ਕੁਝ ਨਾ ਕੁਝ ਸਿੱਖਦਾ-ਸਿਖਾਉਂਦਾ ਰਹੇ. ਗੁਰੂ ਨਾਨਕ ਆਪਣੇ ਜੀਵਨ ਦੀ ਮੁੱਢਲੀ ਅਵਸਥਾ ਤੋਂ ਹੀ ਸਾਧੂਆਂ, ਪੀਰਾਂ, ਫਕੀਰਾਂ, ਦਰਵੇਸ਼ਾਂ, ਸਾਧੂਆਂ ਦੇ ਸੰਪਰਕ ਵਿਚ ਰਹਿੰਦੇ ਹਨ. ਉਹ ਜਦੋਂ ਮੋਦੀਖਾਨੇ ਦੀ ਨੌਕਰੀ ਕਰਦੇ ਹਨ ਤਾਂ ਵੀ ਉਨ੍ਹਾਂ ਦੀ ਸਮਾਜ ਦੀ ਇਸ ਵਿਸ਼ੇਸ਼-ਜਮਾਤ ਪ੍ਰਤੀ ਵਿਸ਼ੇਸ਼ ਰੁਚੀ ਰਹਿੰਦੀ ਹੈ. ਉਨ੍ਹਾਂ ਨੂੰ ਇਨ੍ਹਾਂ ਲੋਕਾਂ ਨਾਲ ਗੱਲਬਾਤ ਅਤੇ ਸੰਵਾਦ ਕਰਨਾ ਚੰਗਾ ਲਗਦਾ ਹੈ. ਉਹ ਇਨ੍ਹਾਂ ਤੋਂ ਬਹੁਤ ਕੁਝ ਜਾਣਕਾਰੀ ਇਕੱਠੀ ਕਰਦੇ ਹਨ.ਇਹੋ ਜਾਣਕਾਰੀ ਉਨ੍ਹਾਂ ਦੀਆਂ ਉਦਾਸੀਆਂ ਵੇਲੇ ਉਨ੍ਹਾਂ ਦੇ ਕੰਮ ਆਉਂਦੀ ਹੈ. ਉਹ ਬਚਪਨ ਵਿਚ ਹੀ ਪਾਂਧੇ ਨਾਲ ਸੰਵਾਦ ਰਚਾਉਂਦੇ ਹਨ. ਪੰਡਤ ਨਾਲ ਜਨੇਊ ਪਾਉਣ ਦੀ ਰਸਮ ਦੀ ਸਾਰਥਿਕਤਾ ਬਾਰੇ ਬਹਿਸ ਕਰਦੇ ਹਨ. ਆਪਣੇ ਪਿਤਾ ਨਾਲ ਵੀ ਬਹਿਸ ਕਰਦੇ ਹਨ. ਵੈਦ ਨੂੰ ਆਪਣੀ ਉਪਰਾਮਤਾ ਦਾ ਕਾਰਨ ਦੱਸਦੇ ਹਨ. ਕਾਜ਼ੀ ਨੂੰ ਸੱਚੀ ਨਮਾਜ਼ ਦੀ ਸੋਝੀ ਕਰਵਾਉਂਦੇ ਹਨ.ਪਾਣੀਪਤ ਵਿਚ ਸ਼ੇਖ ਸ਼ਰਫ ਨਾਲ ਗੋਸ਼ਟ ਕਰਦੇ ਹਨ. ਧਾਰਮਿਕ ਯਾਤਰਾਵਾਂ ਵੇਲੇ ਵੀ ਉਹ ਪੰਡਤਾਂ,ਨਾਥਾਂ ਅਤੇ ਸਿੱਧਾਂ ਨਾਲ ਗੋਸ਼ਟਾਂ ਕਰਦੇ ਰਹਿੰਦੇ ਹਨ. ਉਨ੍ਹਾਂ ਦੇ ਕਹਿਣ ਅਤੇ ਸੁਣਨ ਨਾਲ ਹੀ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਮੁਰੀਦ ਬਣ ਕੇ ਸੱਚੇ ਅਧਿਆਤਮਕ ਰਾਹ ਦੀ ਥਾਹ ਪਾਉਂਦੇ ਹਨ. ਇਸ ਦਾ ਪਤਾ ਪੁਰਾਤਨ ਜਨਮਸਾਖੀ ਵਿਚਲੀਆਂ ਸਾਖੀਆਂ ਦੇ ਅੰਤ ਵਿਚ ਆਉਣ ਵਾਲੇ ਇਹ ਵਾਕ ਦੱਸਦੇ ਹਨ:

- ਤਬਿ ਸਿਧਾਂ ਆਦੇਸੁ ਆਦੇਸੁ ਕੀਤਾ.
- ਤਬਿ ਪੰਡਤ ਆਇ ਪੈਰੀ ਪਇਆ.ਨਾਉ ਧਰੀਕ ਹੋਆ.ਗੁਰੂ ਗੁਰੂ ਲਗਾ ਜਪਣਿ.
- ਤਬਿ ਸੇਖ ਸਰਫ ਆਖਿਆ,ਵਾਹੁ ਵਾਹੁ ਖੁਦਾਇ ਦਿਆ.ਤਬਿ ਫਕੀਰਾਂ ਆਇ ਪੈਰ ਚੁਮੈ ਦਸਤ ਪੰਜਾ ਲਿਆ.
- ਜਿਤੁ ਵਲ ਬਾਬਾ ਨਦਰਿ ਕਰੇ ਤਿਤੁ ਵਲਿ ਸਭ ਕੋਈ ਸਲਾਮੁ ਕਰੇ.
- ਕੋਹੜੀ ਫਕੀਰ ਆਇ ਪੈਰੋ ਪਇਆ.ਨਾਉ ਧਰੀਕ ਹੋਆ.ਗੁਰੂ ਗੁਰੂ ਲਗਾ ਜਪਣਿ.
- ਤਬ ਪਠਾਣ ਲੋਕ ਮੁਰੀਦ ਹੋਇ ਲਗੈ, 'ਦਮ ਸ਼ਾਹ ਨਾਨਕ' ਕਰਣਿ.
- ਤਬ ਲੋਕ ਹਿੰਦੂ ਮੁਸਲਮਾਨ ਸਭ ਸਲਾਮਾ ਲਗੇ ਕਰਣਿ.
- ਤਬ ਸੇਖ ਮਿਠੈ ਆਇ ਪੈਰ ਚੁਮੈ.
- ਜਾ ਬਾਬੇ ਏਹੁ ਸਬਦ ਆਖਿਆ ਤਾ ਪਾਤਿਸਾਹਿ ਬਾਬਰ ਆਇ ਪੈਰ ਚੁਮੈ.

## ਸ਼ਬਦ ਦਾ ਸਿਧਾਂਤ

'ਪੁਰਾਤਨ ਜਨਮਸਾਖੀ' ਵਿਚ ਸ਼ਬਦ-ਸਿਧਾਂਤ ਦਾ ਵੇਰਵਾ ਉਦੋਂ ਆਉਂਦਾ ਹੈ ਜਦੋਂ ਗੁਰੂ ਨਾਨਕ ਆਪਣੀ ਉਦਾਸੀ ਵੇਲੇ ਸਿੱਧਾਂ ਨੂੰ ਮਿਲਦੇ ਹਨ ਅਤੇ ਉਨ੍ਹਾਂ ਨਾਲ ਸੰਵਾਦ ਰਚਾਉਂਦੇ ਹਨ. ਸਿਧ ਮਤਿ ਅਤੇ ਗੁਰਮਤਿ ਦੋਵਾਂ ਅਨੁਸਾਰ 'ਮੁਕਤਿ' ਦਾ ਸਾਧਨ 'ਸ਼ਬਦ' ਹੀ

ਹੈ. ਪਰ ਦੋਵਾਂ ਮਤਾਂ ਦੇ ਸ਼ਬਦ ਸੰਕਲਪ ਵਿੱਚ ਅੰਤਰ ਹੈ. ਸਿਧ ਮਤਿ ਵਿਚ ਸ਼ਬਦ ਦੇ ਅਭਿਆਸ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ. ਗੁਰੂ ਨਾਨਕ ਦੀ ਸਿੱਧਾਂ ਨਾਲ ਗੋਸਟਿ ਅਸਲ ਵਿਚ 'ਗੁਰਮਤਿ ਦੇ ਸ਼ਬਦ' ਅਤੇ 'ਸਿਧ ਮਤਿ ਦੇ ਸ਼ਬਦ' ਦੀ ਹੀ ਤੁਲਨਾ ਹੈ. ਸਿੱਧਾਂ ਦਾ ਸ਼ਬਦ ਮਨ, ਪ੍ਰਾਣ, ਗੁਫਾ, ਅਤੇ ਸੁੰਨ ਤੇ ਅਧਾਰਿਤ ਹੈ. ਪਰ ਗੁਰੂ ਨਾਨਕ ਅਨੁਸਾਰ ਸ਼ਬਦ ਦਾ ਅਧਾਰ 'ਬ੍ਰਹਮ' ਹੈ. ਗੁਰੂ ਜੀ 'ਸ਼ਬਦ' ਅਤੇ 'ਬ੍ਰਹਮ' ਨੂੰ ਇੱਕ ਮੰਨਦੇ ਹਨ. ਗੁਰੂ ਨਾਨਕ, ਗੁਰਮਤਿ ਤੇ ਸਿਧਮਤ ਦੇ 'ਸ਼ਬਦ' ਦਾ ਨਿਖੇੜਾ ਇਹ ਕਹਿ ਕੇ ਕਰਦੇ ਹਨ ਕਿ ਅਸਲ ਸ਼ਬਦ (ਸਾਚ ਸ਼ਬਦ) 'ਨਾਮ' ਹੈ. 'ਜੋਗ' ਦਾ ਉਦੇਸ਼ 'ਮੁਕਤਿ' ਹੈ ਜੋ 'ਨਾਮ' ਬਿਨਾਂ ਪ੍ਰਾਪਤ ਨਹੀਂ ਹੋ ਸਕਦੀ. ਇਸੇ ਦੇ ਉਲਟ ਸਿਧ ਮਤ ਵਿਚ 'ਨਾਮ' ਦਾ ਕੋਈ ਸੰਕਲਪ ਹੀ ਨਹੀਂ ਹੈ. ਲਗਭਗ ਹਰੇਕ ਸਾਖੀ ਵਿਚ ਬਾਬਾ ਨਾਨਕ, ਮਰਦਾਨੇ ਨੂੰ 'ਮਰਦਾਨਿਆ ਰਬਾਬ ਵਜਾਇ' ਦੀ ਹਿਦਾਇਤ ਕਰਕੇ ਕੋਈ ਨਾ ਕੋਈ ਸ਼ਬਦ ਉਚਾਰਦੇ ਹਨ.ਗੁਰੂ ਨਾਨਕ ਦੇ ਮੁਖਾਰਬਿੰਦ ਤੋਂ ਉਚਾਰੇ ਇਹ ਸ਼ਬਦ ਸੁਣ ਕੇ, ਸਾਰੇ ਕਾਜ਼ੀ, ਸੱਯਦ, ਸ਼ੇਖਜ਼ਾਦੇ, ਮੁਫਤੀ, ਖਾਨ, ਖਨੀਨ, ਮਹਰ, ਮੁਕੱਦਮ ਪ੍ਰਭਾਵਿਤ ਹੁੰਦੇ ਹਨ.ਸਾਖੀਕਾਰ ਅਨੁਸਾਰ- "ਜਿਤੁ ਵਲਿ ਬਾਬਾ ਨਦਰਿ ਕਰੇ,ਤਿਤੁ ਵਲਿ ਸਭ ਕੋਈ ਸਲਾਮ ਕਰੇ." ਇਸੇ ਤਰ੍ਹਾਂ- " ਜੋ ਲੋਕ ਹਿੰਦੂ ਮੁਸਲਮਾਨ ਜੁ ਕੋਈ ਸਾ, ਸਭ ਸਲਾਮ ਕਰਿ ਪੜਾ ਹੋਆ."

**ਵਿਸਮਾਦੀ ਕੁਦਰਤ**

ਗੁਰਮਤਿ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਕੁਦਰਤ ਦਾ ਵਰਣਨ ਬਹੁਤ ਅਧਿਕ ਮਾਤਰਾ ਵਿਚ ਹੋਇਆ ਹੈ. ਗੁਰੂ ਨਾਨਕ ਦਿਸਦੀ ਕੁਦਰਤ ਵੇਖ ਕੇ ਵਿਸਮਾਦਕ ਮਨੋਭਾਵ ਅਨੁਭਵ ਕਰਨ ਨੂੰ ਮਨ ਦੀ ਇਕਾਗਰਤਾ ਦਾ ਸਹਾਇਕ ਸਾਧਨ ਮੰਨਦੇ ਹਨ.ਇਸੇ ਕਰਕੇ 'ਆਦਿ ਗਰੰਥ' ਵਿਚ ਦੋ 'ਬਾਰਾਮਾਂਹ' ਲਿਖੇ ਹੋਏ ਮਿਲਦੇ ਹਨ. ਇਨ੍ਹਾਂ ਬਾਰਾਮਾਂਹ ਵਿਚ 'ਮੋਰੀ ਰੁਣਝੁਣ ਲਾਇਆ ਭੈਣੇ ਸਾਵਣ ਆਇਆ' ਜਿਹੀਆਂ ਸਤਰਾਂ ਆਉਂਦੀਆਂ ਹਨ. ਇਥੇ ਹੀ ਬਸ ਨਹੀਂ ਗੁਰੂ ਨਾਨਕ ਆਪਣੀ ਬਾਣੀ ਵਿਚ 'ਵਿਸਮਾਦ ਨਾਦੁ,ਵਿਸਮਾਦ ਵੇਦ' ਜਿਹੀਆਂ ਅਲੌਕਿਕ ਸਤਰਾਂ ਲਿਖਦੇ ਹਨ. ਇਸ ਤੋਂ ਇਲਾਵਾ ਗੁਰੂ ਨਾਨਕ ਦੀ ਬਾਣੀ 'ਆਰਤੀ' ਵੀ ਕਾਦਰ ਅਤੇ ਉਸ ਦੀ ਕੁਦਰਤ ਨੂੰ ਵੱਡੇ ਕੈਨਵਸ ਉੱਤੇ ਚਿਤਰਦੀ ਹੈ. ਜੇਕਰ ਗੁਰੂ ਨਾਨਕ ਰੱਬ ਦੇ ਗੁਣਾਂ ਦੀ ਗੱਲ ਕਰਦੇ ਹਨ ਤਾਂ ਉਹ ਧਰਤੀ ਦੇ ਸਾਰੇ ਦਰੱਖਤ ਨੂੰ ਕਲਮ ਬਣਾਉਣ ਅਤੇ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾਉਣ ਦੀ ਉਦਾਹਰਨ ਹੀ ਲੈਂਦੇ ਹਨ. ਗੁਰਮਤਿ ਸਿਧਾਂਤ ਦੀ ਇਹ ਕੁਦਰਤ ਜਨਮਸਾਖੀਆਂ ਵਿਚ ਵੀ ਵੇਖਣ ਨੂੰ ਮਿਲਦੀ ਹੈ. 'ਖੇਤ ਹਰਿਆ', 'ਬ੍ਰਿਛ ਦੀ ਛਾਂ ਫਿਰੀ', 'ਵੇਈਂ ਪਰਵੇਸ਼', 'ਵਣਜਾਰਿਆਂ ਦੇ ਟਾਂਡੇ', 'ਮਰਦਾਨੇ ਦੀ ਭੁੱਖ ਗਵਾਈ' ਆਦਿ ਸਾਖੀਆਂ ਵਿਚ ਸਾਖੀਕਾਰ ਨੂੰ ਗੁਰੂ ਨਾਨਕ ਦੇ ਨਾਲੋ-ਨਾਲੋ ਕੁਦਰਤ ਦੀ ਵੀ ਖੂਬਸੂਰਤ ਪੇਸ਼ਕਾਰੀ ਕੀਤੀ ਹੈ.ਇਨ੍ਹਾਂ ਸਾਖੀਆਂ ਵਿਚ ਕੁਦਰਤ 'ਇੱਕ ਪਾਤਰ ਵਾਂਗ' ਪੇਸ਼ ਹੁੰਦੀ ਹੈ.

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ 'ਪੁਰਾਤਨ ਜਨਮਸਾਖੀ' ਕਰਾਮਾਤ ਨੂੰ ਛੱਡ ਕੇ ਬਹੁਤੇ ਥਾਂਈਂ ਗੁਰਮਤਿ ਫਿਲਾਸਫੀ ਦੇ ਅਨੁਸਾਰ ਨੂੰ ਆਪਣਾ ਉਸਾਰ, ਉਸਾਰਦੀ ਹੈ.

***

# ਨਾਨਕ ਬਾਣੀ ਵਿਚ ਦਰਜ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਵਿਚ ਮਹੱਤਤਾ

ਵੀਰਪਾਲ ਕੌਰ

ਸੰਪਰਕ: 8569001590

ਭਾਰਤ ਨੂੰ ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ. ਇਹਨਾਂ ਗੁਰੂ-ਪੀਰਾਂ ਵਿੱਚੋਂ ਹੀ ਬਹੁਤ ਸਾਰੇ ਮਹਾਨ ਲੇਖਕ ਹੋਏ ਹਨ. ਜਿਨ੍ਹਾਂ ਨੇ ਆਪਣੇ ਸਮੇਂ ਦੀਆਂ ਪ੍ਰਸਿਥਤੀਆਂ ਦਾ ਵਰਨਣ ਕੀਤਾ ਹੈ. ਇਹਨਾਂ ਵਿੱਚੋਂ ਹੀ ਇਕ ਸਨ, ਸ਼੍ਰੀ ਗੁਰੂ ਨਾਨਕ ਦੇਵ, ਜਿਹੜੇ ਕਿ "ਮੱਧ ਯੁੱਗ" ਦੇ ਸਿਰਮੌਰ ਲੇਖਕ ਹੋਏ ਹਨ. ਉਨ੍ਹਾਂ ਨੇ ਆਪਣੇ ਸਮਾਜਿਕ, ਰਾਜਨੀਤਿਕ, ਨੈਤਿਕ, ਧਾਰਮਿਕ ਦਰਸ਼ਨਾਂ ਨਾਲ ਭਾਰਤ ਦੀ ਭੂਮੀ ਨੂੰ ਸੰਪੂਰਨ ਕੀਤਾ. ਗੁਰੂ ਨਾਨਕ ਦੇਵ ਜੀ ਨੇ ਜਿੱਥੇ ਪੂਰੀ ਦੁਨੀਆਂ ਲਈ ਰੱਬੀ ਦਰਸ਼ਨ ਪੇਸ਼ ਕੀਤਾ, ਉੱਥੇ ਦੁਨੀਆਂ ਨੂੰ ਜੀਵਣ ਜਿਊਣ ਲਈ ਸਰਬ-ਸ਼੍ਰੇਸ਼ਟ ਕਦਰਾਂ-ਕੀਮਤਾਂ ਅਜਿਹੇ ਨਿਯਮ, ਆਦਰਸ਼ ਜਾਂ ਵਿਸ਼ਵਾਸ਼ ਹੁੰਦੇ ਹਨ, ਜਿਨ੍ਹਾਂ ਨੂੰ ਸਮਾਜ ਦੇ ਮੈਂਬਰ ਵੱਧ ਤੋਂ ਵੱਧ ਅਪਣਾਉਦੇ ਹਨ. ਇਸ ਲਈ ਮਨੁੱਖ ਦੀਆਂ ਇੱਛਾਵਾਂ ਦੀ ਪੁਰਤੀ ਲਈ ਜੋ ਕੁੱਝ ਜਿੰਨ੍ਹਾਂ ਸਮਰੱਥ ਹੁੰਦਾ ਹੈ, ਓਨੀ ਹੀ ਉਸ ਦੀ ਕਮਿਤ ਹੁੰਦੀ ਹੈ ਅਤੇ ਉਸ ਪ੍ਰਤੀ ਮਨੁੱਖੀ ਵਿਹਾਰ ਕਦਰ ਵਾਲਾ ਹੁੰਦਾ ਹੈ. ਨੈਤਿਕ ਗੁਣ, ਵਿਸ਼ਵਾਸ਼, ਭਾਵਨਾ, ਸੱਚ, ਨਿਆਂ, ਇਮਾਨ, ਏਕਤਾ, ਸਾਂਝੀਵਾਲਤਾ ਆਦਿ ਮਾਨਵੀ ਕਦਰਾਂ-ਕੀਮਤਾਂ ਮੰਨੀਆਂ ਗਈਆਂ ਹਨ. ਸਿਧਾਂਤ ਵੀ ਦਿੱਤੇ. ਸੰਸਾਰ ਨੂੰ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਕੀਤਾ. ਉਨ੍ਹਾਂ ਨੇ ਜੋ ਸਿਧਾਂਤ ਦਿੱਤੇ, ਉਹ ਉਦੋਂ ਵੀ ਸੱਚ ਸਨ, ਜਦ ਉਹਨਾ ਨੇ ਰੱਬੀ ਬਾਣੀ ਰਚੀ ਸੀ, ਅੱਜ ਸਦੀਆਂ ਬਾਅਦ ਵੀ ਉਨ੍ਹੀ ਹੀ ਸਾਰਥਕਤਾ ਰੱਖਦੇ ਹਨ, ਸਗੋਂ ਅਜੋਕੇ ਸਮੇਂ ਵਿਚ ਉਨ੍ਹਾਂ ਦੀ ਸਾਰਥਕਤਾ ਹੋਰ ਵੀ ਵੱਧ ਜਾਂਦੀ ਹੈ, ਜਦੋਂ ਨੈਤਿਕਤਾ ਦਾ ਪਤਨ ਹੋ ਰਿਹਾ ਹੈ. ਗੁਰੂ ਨਾਨਕ ਬਾਣੀ ਦਾ ਸਮਾਜਿਕ ਅਧਿਐਨ ਅਜੋਕੇ ਸਮਾਜ ਦਾ ਪੂਰਨ ਰੂਪ ਵਿਚ ਮਾਰਗ ਦਰਸ਼ਨ ਕਰ ਸਕਦਾ ਹੈ. ਗੁਰੂ ਜੀ ਨੈਤਿਕ ਵਿਚਾਰਾਂ ਦੇ ਦਰਸ਼ਨ ਉਨ੍ਹਾਂ ਦੀ ਬਾਣੀ ਹੀ ਨਹੀਂ, ਉਨ੍ਹਾਂ ਦੇ ਜੀਵਨ ਵਿੱਚੋਂ ਵੀ ਹੁੰਦੇ ਹਨ. ਗੁਰੂ ਜੀ ਇਕ ਮਹਾਨ ਅਧਿਆਤਮਕ ਪੁਰਖ ਸਨ. ਗੁਰੂ ਜੀ ਸਮੱਚੀ ਮਾਨਵਤਾ ਦੀ ਭਲਾਈ ਲੋੜਦੇ ਸਨ. ਉਹ ਮਾਨਵਤਾ ਲਈ ਸੱਚਾ-ਸੁੱਚਾ ਜੀਵਨ ਬਤੀਤ ਕਰਨ ਦੀ ਕਾਮਨਾ ਕਰਦੇ ਸਨ.

**ਕਦਰਾਂ-ਕੀਮਤਾਂ ਦਾ ਅਰਥ:** ਕਦਰਾਂ-ਕੀਮਤਾਂ ਅਜਿਹੇ ਨਿਯਮ, ਆਦਰਸ਼ ਜਾਂ ਵਿਸ਼ਵਾਸ਼ ਹੁੰਦੇ ਹਨ, ਜਿਨ੍ਹਾਂ ਨੂੰ ਸਮਾਜ ਦੇ ਮੈਂਬਰ ਵੱਧ ਤੋਂ ਵੱਧ ਅਪਣਾਉਦੇ ਹਨ. ਇਸ ਲਈ ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਲਈ ਜੋ ਕੁੱਝ ਜਿੰਨ੍ਹਾਂ ਸਮਰੱਥ ਹੁੰਦਾ ਹੈ ਉਹਨੀ ਹੀ ਉਸ ਦੀ ਕਮਿਤ ਹੁੰਦੀ ਹੈ ਅਤੇ ਉਸ ਪ੍ਰਤੀ ਮਨੁੱਖੀ ਵਿਹਾਰ ਕਦਰ ਵਾਲਾ ਹੁੰਦਾ ਹੈ. ਨੈਤਿਕ ਗੁਣ, ਵਿਸ਼ਵਾਸ਼, ਭਾਵਨਾ, ਸੱਚ, ਨਿਆਂ, ਇਮਾਨ,ਏਕਤਾ, ਸਾਂਝੀਵਾਲਤਾ ਆਦਿ ਮਾਨਵੀ ਕਦਰਾਂ-ਕੀਮਤਾਂ ਮੰਨੀਆਂ ਗਈਆਂ ਹਨ.

**ਮਨੁੱਖੀ ਕਦਰਾਂ–ਕੀਮਤਾਂ:** ਮਨੁੱਖੀ ਕਦਰਾਂ-ਕੀਮਤਾਂ ਉਨ੍ਹਾਂ ਜੀਵਾਂ, ਵਿਚਾਰਾਂ, ਵਿਹਾਰਾਂ ਅਤੇ ਵਸਤੂਆਂ ਨਾਲ ਸੰਬੰਧਿਤ ਹੁੰਦੀਆਂ ਹਨ, ਜੋ ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਕਰਦੀਆਂ ਹਨ. ਉਨ੍ਹਾਂ ਪ੍ਰਤੀ ਮਨੁੱਖੀ ਵਿਹਾਰ ਵਿੱਚੋਂ ਕਦਰ ਝਲਕਦੀ ਹੈ ਅਤੇ ਉਸ ਵਿਹਾਰ ਵਿੱਚੋਂ ਇੱਛਾ ਪੂਰਨ ਹੁੰਦੀ ਹੈ, ਉਸ ਦੀ ਮਨੁੱਖੀ ਜੀਵਨ ਵਿਚ ਕੀ ਦੇਣ (ਕੀਮਤ) ਹੈ, ਇਸ ਤ੍ਰਿਪਤੀ ਵਿਚ ਹੀ ਕੀਮਤ ਹੁੰਦੀ ਹੈ. ਪੰਜਾਬੀ ਸ਼ਬਦ ਲਈ ਅੰਗਰੇਜੀ ਸ਼ਬਦ (Value) ਵਰਤਿਆ ਜਾਂਦਾ ਹੈ, ਪਰ ਜਦੋਂ ਵੀ ਕਿਸੇ ਕੀਮਤ ਨਾਲ ਭਾਵ ਸ਼ਬਦ ਜੁੜ ਜਾਂਦਾ ਹੈ ਤਾਂ ਕਿਸੇ ਚੰਗੇ ਭਾਵ ਨਾਲ ਉਸਦੀ ਕੀਮਤ ਨਿਰਧਾਰਤ ਹੁੰਦੀ ਹੈ, ਇਸ ਦੇ ਅਧਾਰ ਰੂਪ ਵਿਚ ਮਨੁੱਖ ਦੀ ਇੱਛਾ ਕੰਮ ਕਰ ਰਹੀ ਹੁੰਦੀ ਹੈ. ਇੱਛਾ ਅਧੀਨ ਵਿਅਕਤੀ ਕਿਸੇ ਲਈ ਤਾਂਘ ਕਰਦਾ ਹੈ, ਜਿਸ ਨਾਲ ਕਦਰ ਅਤੇ ਕੀਮਤ ਸੰਬੰਧਿਤ ਹੈ, ਕਿਉਂਕਿ ਇੱਥੇ ਵਿਅਕਤੀ ਨੂੰ ਜੋ ਚੰਗਾ ਲੱਗਦਾ ਹੈ, ਉਸ ਦੀ ਕਦਰ ਅਤੇ ਪ੍ਰਸ਼ੰਸਾ ਕਰਦਾ ਹੈ. ਇਸ ਵਿੱਚੋਂ ਹੀ ਕੀਮਤ ਪੈਦਾ ਹੁੰਦੀ ਹੈ. ਜਿਸ ਰਾਹੀਂ ਇੱਛਾ ਦੀ ਪੂਰਤੀ ਹੁੰਦੀ ਹੈ. ਉਹੀ ਸਾਧਨ ਹੁੰਦਾ ਹੈ, ਭਾਵ ਜੋ ਗੁਣ ਹੈ; ਉਹੀ ਕੀਮਤ ਹੈ. ਕੀਮਤਾਂ ਉਨ੍ਹਾਂ ਗੁਣਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਕਿਸੇ ਵਿਚਾਰ, ਕੰਮਾਂ, ਯੋਗਤਾ , ਵਿਚਾਰ ਨੂੰ ਨਿਰਧਾਰਤ ਕਰਦੇ ਹਨ. ਜਿਹੜੇ ਮਿਆਰ ਕਿਸੇ ਵਸਤੂ ਦੇ ਸਮਝਣ ਦਾ ਅਧਾਰ ਬਣਦੇ ਹਨ.

**ਗੁਰੂ ਨਾਨਕ ਦੇਵ ਜੀ ਅਨੁਸਾਰ ਸਿੱਖਿਆ ਦਾ ਅਰਥ:** ਗੁਰੂ ਨਾਨਕ ਦੇਵ ਜੀ ਸਿੱਖਿਆ ਲਈ 'ਵਿੱਦਿਆ' ਸ਼ਬਦ ਦੀ ਵਰਤੋਂ ਕਰਦੇ ਹਨ. ਇਸ ਦੀ ਵਰਤੋਂ ਗੁਰੂ ਜੀ ਨੇ ਵਿਆਪਕ, ਅਧਿਆਤਮਕ ਸਰੂਪ ਵਿਚ ਕੀਤੀ ਹੈ. ਗੁਰੂ ਜੀ ਕਹਿੰਦੇ ਹਨ ਕਿ ਅਸਲੀ ਸਿੱਖਿਆ ਤਾਂ ਬੁੱਧੀਮਤਾ, ਸੱਚਾਈ, ਨਾਮ ਅਤੇ ਰੱਬੀ ਬਾਣੀ ਦੇ ਸ਼ਬਦ ਗਾਉਣ ਵਿਚ ਵਿਹਾਰਕ ਸਿਖਲਾਈ ਲੈਣਾ ਹੀ ਹੈ. ਸਿੱਖਿਆ ਸੰਬੰਧੀ ਗੁਰੂ ਜੀ ਫਰਮਾਉਦੇ ਹਨ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਗੁਰੂ ਜੀ ਇਸ ਸ਼ਬਦ ਦਾ ਉਚਾਰਣ ਸਿਰਫ ਅਧਿਆਤਮਕਤਾ ਲਈ ਹੀ ਨਹੀਂ, ਸਗੋਂ ਬਹੁਪੱਖੀ ਮੰਤਵ ਤੋਂ ਕਰਦੇ ਹਨ. ਗੁਰੂ ਨਾਨਕ ਦੇਵ ਜੀ ਅਨੁਸਾਰ ਸਿਰਫ ਰੱਬੀ ਗੁਣਗਾਣ ਹੀ ਨਹੀਂ, ਵਿਹਾਰਕ ਜੀਵਨ ਦੀ ਸਿੱਖਿਆ ਹੀ ਅਸਲ ਸਿੱਖਿਆ ਹੈ. ਅਸਲ ਅਰਥਾਂ ਵਿਚ ਸਿੱਖਿਆ ਪੂਰੀ ਦੁਨੀਆਂ ਨਾਲ ਪਿਆਰ, ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨਾ ਹੈ.

**ਗੁਰੂ ਨਾਨਕ ਦੇਵ ਜੀ ਦਾ ਸਿੱਖਿਆ ਦਰਸ਼ਨ:** ਗੁਰੂ ਜੀ ਦੇ ਸੰਪੂਰਨ ਜੀਵਨ ਦਰਸ਼ਨ ਬਾਰੇ ਗਿਆਨ, ਸਮਾਜਿਕ ਦਰਸ਼ਨ, ਨੈਤਿਕ ਜੀਵਨ ਦਰਸ਼ਨ ਸਾਨੂੰ ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਜੀਵਨ ਬ੍ਰਿਤਾਂਤ ਤੋਂ ਮਿਲਦਾ ਹੈ. ਗੁਰੂ ਜੀ ਮਹਾਂ ਅਧਿਅਤਮਕ ਪੁਰਖ ਸਨ. ਉਨ੍ਹਾਂ ਨੇ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਦੀ ਕਾਮਨਾਂ ਕੀਤੀ ਅਤੇ ਮਨੁੱਖ ਨੂੰ ਸੱਚਾ-ਸੁੱਚਾ ਸਮਾਜਿਕ ਜੀਵਨ ਬਤੀਤ ਕਰਨ ਦਾ ਦਰਸ਼ਨ ਦਿੱਤਾ. ਇਸ ਦਰਸ਼ਨ ਦੇ ਅਧਾਰ ਉੱਤੇ ਚੱਲਣ ਲਈ ਮਾਰਗ ਦਰਸ਼ਨ ਵੀ ਕੀਤਾ. ਗੁਰੂ ਜੀ ਸੰਪੂਰਨ ਮਨੁੱਖਤਾ ਦੀ ਭਲਾਈ ਲਈ ਉਚੇਚੇ ਰੂਪ ਵਿਚ ਪ੍ਰੇਰਿਤ ਸਨ. ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਜੋ ਨੈਤਿਕ ਸਿਧਾਂਤ ਦਿੱਤੇ ਹਨ ,ਉਹਨਾ ਸਿਧਾਤਾਂ ਦੀ ਸਿੱਖਿਆ ਪ੍ਰਣਾਲੀ ਵਿਚ ਵਿਸ਼ੇਸ਼ ਥਾਂ ਹੈ. ਗੁਰੂ ਜੀ

ਦੇ ਮਾਨਵੀ ਕੀਮਤਾਂ ਦੇ ਸਿਧਾਂਤ ਦੀ ਅਜੋਕੀ ਸਿੱਖਿਆ ਪ੍ਰਣਾਲੀ ਵਿਚ ਲੋੜ ਵੀ ਹੈ.

**ਗੁਰੂ ਜੀ ਬਾਣੀ ਵਿਚ ਸਿੱਖਿਆ ਅਤੇ ਨੈਤਿਕ ਕਦਰਾਂ–ਕੀਮਤਾਂ:** ਗੁਰੂ ਜੀ ਨੇ ਰਾਮ ਨਾਮ ਨੂੰ ਵਿਦਿਆ ਨਾਲ ਜੋੜਿਆ ਅਤੇ ਇਸ ਤੋਂ ਅਰਥ ਸਿੱਖਿਆ ਵਿਚ ਨੈਤਿਕਤਾ ਦੀ ਗੱਲ ਕਰਦੇ ਗੁਰੂ ਜੀ ਕਹਿੰਦੇ ਹਨ: ਸਿੱਖਿਆ ਉਹੀ ਹੈ ਜੋ ਮਨੁੱਖ ਦੇ ਚਰਿੱਤਰ ਦਾ ਵਿਕਾਸ ਕਰ ਸਕੇ. ਗੁਰੂ ਜੀ ਕਹਿੰਦੇ ਹਨ ਕਿ ਗੁਰੂ ਅਤੇ ਵਿਦਿਆਰਥੀ ਦੋਵੇਂ ਹੀ ਨੈਤਿਕਤਾ ਭਰਪੂਰ ਹੋਣੇ ਚਾਹੀਦੇ ਹਨ. ਸਿੱਖਿਅਤ ਵਿਅਕਤੀ ਉਹੀ ਹੈ ਜੋ ਸੱਚਾ, ਇਮਾਨਦਾਰ, ਜਿੰਮੇਵਾਰ, ਸਾਦਾ ਜੀਵਨ ਬਤੀਤ ਕਰਨ ਵਾਲਾ, ਭਰਿਸ਼ਟਾਚਾਰ ਰਹਿਤ, ਜਾਤ-ਪਾਤ ਤੋਂ ਦੂਰ ਧਾਰਮਿਕ, ਉੱਚਾ-ਸੁੱਚਾ ਜੀਵਨ ਅਪਣਾ ਕੇ ਸਮਾਜ ਦਾ ਕਲਿਆਣ ਕਰ ਸਕੇ. ਇਕ ਨਰੋਏ ਸਮਾਜ ਦੀ ਸਿਰਜਣਾ ਕਰ ਸਕੇ. ਗੁਰੂ ਜੀ ਫਰਮਾਉਂਦੇ ਹਨ ਕਿ ਉਹ ਵਿਅਕਤੀ ਹੀ ਵਿਚਾਰਵਾਨ ਮਨੁੱਖ ਹੈ ਜੋ ਵਿੱਦਿਆ ਪ੍ਰਾਪਤ ਕਰ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਵਾਲਾ ਹੋਵੇ. ਗੁਰੂ ਜੀ ਅਨੁਸਾਰ ਸਿੱਖਿਅਤ ਮਨੁੱਖ ਉਹੀ ਹੈ ਜੋ ਨੈਤਿਕ ਸਿਧਾਂਤਾਂ ਦੀ ਰਹਿਨੁਮਾਈ ਕਰਦਾ ਹੈ. ਉਨ੍ਹਾਂ ਨੇ ਸਿੱਖਿਆ ਦਾ ਅਰਥ ਉਨ੍ਹਾਂ ਸਿਧਾਂਤਾਂ ਤੋਂ ਲਿਆ ਹੈ ਜੋ ਰਾਮ-ਨਾਮ ਦੀ ਭਗਤੀ ਕਰਦੇ ਹੋਏ ਸਾਰੀ ਦੁਨੀਆਂ ਪ੍ਰਤੀ ਪਿਆਰ ਅਤੇ ਸਨਮਾਨ ਜਿਹੀਆਂ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰ ਕੇ ਰੱਖਣਾ ਹੈ. ਗੁਰੂ ਜੀ ਸਿੱਖਿਅਤ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਦਾ ਜਿਕਰ ਕਰਦੇ ਕਹਿੰਦੇ ਹਨ ਕਿ ਸਿੱਖਿਅਤ ਵਿਅਕਤੀ ਗੁਰਮੁਖ ਭਾਵ ਪ੍ਰਮਾਤਮਾਂ ਨਾਲ ਜੁੜਿਆ ਹੋਇਆਂ, ਨਾਮ ਸਿਮਰਨ ਵਿਚ ਲੀਨ ਹੁੰਦਾ ਹੈ. ਉਸ ਦੇ ਗਲ ਵਿਚ ਹਮੇਸ਼ਾ ਰਾਮ ਨਾਮ ਦੀ ਮਾਲਾ ਰਹਿੰਦੀ ਹੈ. ਉਹ ਪ੍ਰਮਾਤਮਾ ਦੀ ਸ਼ਾਸ਼ਨ ਵਿਵਸਥਾ ਨੂੰ ਗ੍ਰਹਿਣ ਕਰਦਾ ਹੈ. ਉਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਜਿਹੇ ਪੰਜ ਦੁਸ਼ਮਣਾ ਤੇ ਕਾਬੂ ਪਾ ਕੇ ਰੱਖਦਾ ਹੈ. ਉਹ ਪ੍ਰਭੂ-ਭਗਤੀ ਨਾਲ ਇਹਨਾਂ ਨੂੰ ਮਿੱਤਰ ਬਣਾ ਲੈਂਦਾ ਹੈ. ਉਹ ਅਨੁਸ਼ਾਸ਼ਨ ਵਿਚ ਰਹਿ ਕਿ ਸਾਦਾ ਅਤੇ ਪਵਿੱਤਰ ਜੀਵਨ ਬਤੀਤ ਕਰਦਾ ਹੈ. ਉਹ ਆਸ਼ਾਵਾਦੀ, ਨਿਆਂ ਪ੍ਰਤੀ ਸੁਚੇਤ ਅਤੇ ਦਿਆਲਤਾਪੂਰਨ ਵਿਵਹਾਰ ਕਰਦਾ ਹੈ. ਨਾਮ ਸਿਮਰਨ ਵਿਚ ਵਿਸ਼ਵਾਸ਼ ਕਰਦਾ ਹੋਇਆ ਅਜਿਹਾ ਪ੍ਰਾਣੀ ਸੰਤ ਸਿਪਾਹੀ ਦੀ ਤਰ੍ਹਾਂ ਵਿਹਾਰ ਕਰਦਾ ਹੈ. ਉਸ ਦੀ ਸ਼ਖਸ਼ੀਅਤ ਭਾਵ ਉਸ ਦਾ ਸਰੀਰ ਆਤਮਾ ਅਤੇ ਭਾਵਨਾਵਾਂ ਉਸ ਦੇ ਕਾਬੂ ਵਿਚ, ਭਾਵ ਮਜ਼ਬੂਤ ਹੁੰਦੀਆਂ ਹਨ. ਸ਼ਬਦ ਚਰਿੱਤਰ ਦਾ ਸੁਆਮੀ ਮਨੁੱਖ ਦੀਆਂ ਇੰਦਰੀਆਂ ਪ੍ਰਮਾਤਮਾਂ ਨਾਲ ਜੁੜੀਆਂ ਹੁੰਦੀਆਂ ਹਨ. ਉਹ ਕਰਮਯੋਗੀ, ਵਫਾਦਾਰ ਅਤੇ ਦਸਾਂ ਨੌਂਹਾਂ ਦੀ ਕਿਰਤ ਕਰਨ ਵਾਲਾ ਹੁੰਦਾਹੈ.

ਗੁਰੂ ਜੀ ਨੇ ਵਾਰ-ਵਾਰ ਇਹੀ ਕਿਹਾ ਹੈ ਕਿ ਅਸਲੀ ਸਿੱਖਿਆ ਉਹੀ ਹੈ ਜੋ ਗੁਰੂ ਦੇ ਦਰਸ਼ਨ ਕਰਵਾਏ, ਸ਼ਬਦ-ਚਰਿੱਤਰ ਦਾ ਵਿਕਾਸ ਵਿਅਕਤੀਗਤ ਰੂਪ ਵਿਚ ਅਤੇ ਸਮੂਹਿਕ ਰੂਪ ਵਿਚ ਕਰਵਾਏ. ਗੁਰੂ ਜੀ ਨੇ ਸਿੱਖਿਆ ਦਾ ਮੰਤਵ ਅਧਿਆਤਮਕ ਜਾਗਰੂਕਤਾ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਹੈ. ਉਹਨਾ ਦੇ ਅਨੁਸਾਰ ਵਿੱਦਿਆ ਦੁਆਰਾ ਪ੍ਰਾਪਤ ਗਿਆਨ ਦੀ ਮਨੁੱਖਤਾ ਦੇ ਭਲੇ ਹਿੱਤ ਵਰਤੋਂ ਕਰਨੀ ਚਾਹੀਦੀ ਹੈ.

## ਸਹਾਇਕ ਕਿਤਾਬਾਂ


1. ਆਸਾ ਮਹਲਾ, 1, 356
2. ਅੰਗਰੇਜੀ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-185
3. ਗੁਰਬਾਣੀ ਅਤੇ ਇਤਿਹਾਸ ਦਾ ਸੁਮੇਲ, ਸੁਖਜੀਤ ਸਿੰਘ ਕਪੂਰਥਲਾ, ਪੰਨਾ-41
4. ਗੁਰਬਾਣੀ ਅਤੇ ਇਤਿਹਾਸ ਦਾ ਸੁਮੇਲ, ਸੁਖਜੀਤ ਸਿੰਘ ਕਪੂਰਥਲਾ, ਪੰਨਾ-42
5. ਗੁਰਬਾਣੀ ਅਤੇ ਇਤਿਹਾਸ ਦਾ ਸੁਮੇਲ, ਸੁਖਜੀਤ ਸਿੰਘ ਕਪੂਰਥਲਾ, ਪੰਨਾ-48
6. ਸਮਾਜ ਵਿਗਿਆਨ ਪੱਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-128
7. www.wikipidia.education
8. www.philosophy.com
9. www.sociologyguide.com

# ਓਅੰਕਾਰੀ ਸਨਾਤਨ ਵਿਧਾਨ ਸਨਮੁੱਖ ਗੁਰਮਤਿ

ਸ਼ਮਸ਼ੇਰ ਸਿੰਘ

ਸੰਪਰਕ: 88722-50416

ਸਨਾਤਨ ਭਾਰਤੀ ਫਲਸਫਾ ਵਿਸ਼ਵ ਸਾਹਿਤ 'ਚ ਇਕ ਆਪਣਾ ਖਾਸ ਮੁਕਾਮ ਰੱਖਦਾ ਹੈ, ਜਿਸ ਅੰਦਰ ਸ਼੍ਰੁੱਤ ਅਨੁਭਵ ਦੇ ਵਿਭੇਦ ਤੋਂ ਵਿਗਿਤ ਪੱਧਤੀਆਂ ਮਤ ਸੰਪ੍ਰਦਾਇ ਪੰਥ ਵਿਧਾਨ ਹਨ, ਜੋ ਆਪਸੀ ਵਾਦ-ਸੰਵਾਦ ਰਾਹੀਂ ਇਕ ਦੂਸਰੇ ਦੇ ਰਾਹੀਂ ਪੂਰਕ ਹਨ, ਪਰ ਆਪਣੀ ਮੌਲਿਕਤਾ ਵਿਸ਼ੇਸ਼ਤਾ ਵੀ ਕਾਇਮ ਰੱਖਦੇ ਹਨ. ਸਤਿਗੁਰੂ ਗੁਰੂ ਨਾਨਕ ਦੇਵ ਏਸ ਬੌਧਿਕ ਅਨੁਭਵਿਕ ਧਰਾਤਲ ਤੇ ਸੂਰਜ ਵਤ ਸਨ, ਜਿਨ੍ਹਾਂ ਆਪਣੇ ਨਿਰੰਕਾਰੀ ਸਰੂਪ ਚ ਸ਼ਬਦ ਰਿਦੈ ਦੇ ਪ੍ਰਕਾਸ਼ ਨਾਲ ਸੰਪੂਰਨ ਜਗਤ ਨੂੰ ਰਹਿਨੁਮਾਈ ਦਿਖਾਈ ਅਤੇ ਜਗਤਿ ਗੁਰੂ ਹੋਣ ਦੇ ਅਧਿਕਾਰ ਨੂੰ ਸੰਪਾਦਿਤ ਕੀਤਾ. ਗੁਰੂ ਜੀ ਨੇ ਵਿਸ਼ਵ ਦਾਰਸ਼ਨਿਕ ਪਰਿਪੇਖਾਂ ਨਾਲ ਜਿਥੇ ਸੰਵਾਦ ਸਥਾਪਿਤ ਕੀਤਾ ਅਤੇ ਸਤਿ ਨਾਮੁ ਦਾ ਪਸਾਰਾ ਕੀਤਾ. ਓਥੇ ਜਗਤ ਲੁਕਾਈ ਨੂੰ ਮਨੁੱਖੀ ਅਨੁਭਵ ਦੇ ਉਚੇਰੇ ਮੰਡਲਾਂ ਦੀ ਪਰਵਾਜ ਦੁਆਰਾ ਪ੍ਰਤੱਖ ਗੁਰ-ਸ਼ਬਦ ਰੂਪ ਸੁਰਤਿ-ਸਥਿਰ ਕੀਤਾ. ਸਰਬ ਸਨਾਤਨ ਪੱਧਤੀਆਂ/ਅਨੁਭਵਾਂ/ਮਤਾ ਅੰਦਰ ਸਤਿਗੁਰੂ ਜੀ ਇਕ ਸਿੰਘ ਗਰਜ ਦ੍ਰਿਸ਼ਟਾਂਤ ਵਾਂਙ ਸ਼੍ਰੋਮਣੀ ਦਿਖਾਈ ਦਿੰਦੇ ਹਨ, ਜਿਸ ਨੂੰ ਸਾਖੀ-ਜੁਗਤ ਦੁੱਧ ਭਰੇ ਭਾਂਡੇ 'ਚ ਚਮੇਲੀ ਉਪਮਾਨ ਨਾਲ ਚਿਤਵਦੀ ਹੈ. ਗੁਰੂ ਵਿਧਾਨ ਗੁਰਮਤਿ ਹੈ.

ਗੁਰਮਤਿ ਦਾ ਆਰੰਭ ਬੀਜ-ਮੰਤਰ ਦੇ ਰੂਪ ਅੰਦਰ ੧ਓ ਅਤੇ ਮੂਲ-ਮੰਤਰ ਰੂਪ ਚ ਦਿਖਾਈ ਦਿੰਦਾ ਹੈ. ਜਿਸ ਨੂੰ ਸਿਖ ਵਿਦਵਾਨ ਓਅੰਕਾਰੀ-ਵਿਧਾਨ ਦੇ ਪਦ (Term) ਰਾਂਹੀ ਪਰਿਪੇਖ ਕਰ ਕੇ ਵਿਧਾਨੀ ਸਿਰਜਣਾ ਕਰਦੇ ਹਨ. ਸਨਾਤਨ ਭਾਰਤੀ ਦਾਰਸ਼ਨਿਕ ਪ੍ਰਣਾਲੀਆਂ ਅੰਦਰ ਓਅੰਕਾਰ ਇਕ ਵਿਸ਼ੇਸ਼ ਤੇ ਸੰਵਾਦੀ ਕੇਂਦਰ ਰਿਹਾ ਹੈ, ਜਿਸ ਦੀਆਂ ਵਿਭਿੰਨ ਵਿਆਖਿਆਵਾਂ ਸਿਰਜੀਆਂ ਗਈਆਂ ਤੇ ਲੌਕਿਕ-ਵੈਦਿਕ

ਪਰਿਛੇਦ ਕਰ ਕੇ ਅਨੁਭਵਿਕ ਸੰਪ੍ਰਦਾਇ-ਭੇਦ ਪ੍ਰਗਟੇ ਹੁੰਦੇ ਗਏ. ਓਨਮ ਦੇ ॐ/□□□□/□□□□□ ਕੁਝ ਸਨਾਤਨ ਰੂਪਗਤ ਭੇਦ ਹਨ, ਜੋ ਵਿਸ਼ੇਸ਼ਾਭਾਵ ਵਿਚਾਰਾਂ ਦੇ ਵਾਚਕ ਹਨ.

ਸਨਾਤਨ ਵਿਚਾਰਕ-ਢਾਂਚਿਆਂ ਅੰਦਰ ਓਅੰਕਰ ਦਾ ਇਕ ਮੁੱਢਲਾ ਤੱਤ ਹੈ, ਜਿਸ 'ਇਕ ਅੱਖਰ ਦਾ ਹੀ ਸਭ ਵਿਸਤਾਰ ਹੈ ਜੋ ਕੁਝ ਤੱਤ, ਮੰਤਰ, ਵਰਣ, ਦੇਵਤਾ, ਛੰਦ, ਰਿਕ, ਕਲਾ, ਸ਼ਕਤੀ, ਸ੍ਰਿਸ਼ਟੀ ਆਦਿ ਸਭ ਓਅੰਕਾਰ ਦਾ ਹੀ ਵਿਸਥਾਰ ਹੈ.[1] ਦੇਵ (ਚੇਤਨਾ) ਸ੍ਵਰ (ਭਾਸ਼ਾ) ਤੇ ਅਸਥਾਵਰ-ਜੰਗਮ (ਚੇਤਨ/ਜੜ੍ਹ) ਸਭ ਓਅੰਕਾਰ ਤੋਂ ਹੀ ਉਤਪਤਿ ਹਨ.[2] ਨਿਰਣਾ-ਰੂਪ ਸ੍ਰਿਸ਼ਟੀ ਦਾ ਤਤਵ ਸਭ ਓਅੰਕਾਰ ਹੀ ਹੈ. ਪਾਰਬ੍ਰਹਮ (□□□□□□□□□) ਤੇ ਚਿਦਨੂ ਦੇ ਰੂਪ ਵਿਚ ਇਹ ਪ੍ਰਤਿਬਿੰਬ/ਅਭਾਸ ਆਦਿ ਪਦਾ ਰਾਹੀਂ ਵਖੋ ਵਖਰੇ ਢਾਂਚੇ ਖੜ੍ਹੇ ਕਰ ਕੇ ਉਸ ਦੇ ਅਭਿਆਸਾ ਦੀਆਂ ਚਿਤਭੂਮੀਆਂ/ਉਚੇਰੇ ਅਨੁਭਵਾਂ ਦੇ ਪੜ੍ਹਾਵਾਂ (ਕਲਾ, ਅਨੰਤ-ਸ਼ੂਨਯ, ਨਿਰਵਿਕਲਪ, ਬ੍ਰਹਮ) ਵਿਚ ਦੀ ਵਹਾਣ ਹੈ, ਕਿਉਂਕਿ ਰਸਾਤਲ ਨਤੀਜਨ ਮੌਤ ਹੈ, ਪ੍ਰੰਤੂ ਚੜ੍ਹਦੀ-ਕਲਾ ਦੈਵੀਪੁਣਾ ਜਿਸ ਦੇ ਸਨਾਤਨ ਪਰਿਪੇਖ ਨੂੰ ਸਤਿਗੁਰੂ ਜੀ ਨਾਨਕੁ-ਨੀਸਾਣੁ ਨਾਮੁ ਜੁਗਤਿ ਦੀ ਛਾਯਾ ਹੇਠ ਚਿੰਨ੍ਹਾਤਮ ਰੇਖਕਿਤ ਵਿਸਾਮਦੀ-ਜੁਗਤਿ ਹੇਠ ਮੌਲਦਾ ਅਨੁਸਰਣ ਬਖਸ਼ਦੇ ਹਨ. ਵੱਖਰੇ-ਵੱਖਰੇ ਸਰੂਪ ਇਸਦੇ ਅਨੁਸਰਣੀ ਵਿਗਸਦੇ/ਪ੍ਰਗਾਸਦੇ ਸੰਭਾਨਾਵੀ ਬਹੁਪਰਤੀ ਆਕਾਰ ਪੈਦਾ ਕਰਦੇ ਹਨ. ਜੋ ਭਾਸ਼ਾ (ਲੌਕਿਕ) ਦੀ ਸੀਮਤਾਈ ਨੂੰ ਬੁਲੰਧੀ ਬਖਸ਼ਦੇ ਹਨ. ਇਹ ਬੁਲੰਧੀ ਵੱਖਰੇਵੇਂ ਨੂੰ ਵੱਖਰਾ ਜਾਂ ਵਾਫਰ ਨਹੀਂ ਦੇਖਦੀ, ਬਲਕਿ ਆਪਣੀ ਸ਼ਰਣਗਤਿ ਕਰਦੀ ਹੈ. ਜਿਥੇ ਦੂਸਰਧਾਰਾ ਜਬਤ ਨ ਹੋਕੇ ਆਪਣੀ ਵਿਸ਼ੇਸ਼ਣਤਾ ਸਣੇ ਛੱਤਰ ਆਨੰਦ ਦਾ ਹਿੱਸਾ ਬਣਦੀ ਹੈ. ਜਦਕਿ ਸਨਾਤਨ ਓਅੰ ਵਿਧਾਨ ਸਕੁੰਚਵੇ ਰੂਪ ਅਪ੍ਰਵਾਣਗੀ ਦਾ ਲਖਾਇਕ ਰੂਪ ਹੈ, ਜੋ ਸਵੈ ਦੀ ਸਵਿਕ੍ਰਿਤੀ ਨੂੰ ਪਹਿਲ-ਗਤਿ ਨੂੰ ਮੂਲ ਭਾਵ 'ਚ ਰੱਖਦਾ ਹੈ. ਓਅੰਕਾਰ ਸਭ-ਕਾਸੇ ਚ ਇਕ ਰਾਹੁ (ਪੰਥ) ਜਿਸਦੀਆਂ ਰੂਪਕਾਵਾਂ ਅਨੇਕਾਂ ਹਨ ਦਾ ਇਕ ਬਹੁਪਰਤੀ ਗੁਰਿਲਾ ਬ੍ਰਹਿਮੰਡੀ-ਪਿੰਡੀ ਦਾ ਪਰਸਪਰ ਤਾਦਾਤਮਯ ਹੈ. ਜਿਸਦੀਆਂ ਹੁਣ ਤੱਕ ਹਰੇਕ ਸੰਪ੍ਰਦਾਇ/ਫਿਰਕੇ ਦੁਆਰਾ ਵਿਆਖਿਆਵਾਂ ਸਿਰਜੀਆਂ ਗਈਆਂ ਪਰ ਵਿਸਮਾਦੁ/ਮੌਜ ਇਹ ਸਿਖੀ ਦੀ ਮੌਲਿਕਤਾ ਹੈ. ਜਿਥੇ ਕਰਤਾ ਮਹਾਕਾਲ ਹੈ, ਪਰ ਓਅੰਕਾਰ+ਏਕੰਕਾਰੁ ਵਿਧਾਨ ਵਿਚ ਸਥਾਪਿਤ ਹੈ ਤ੍ਰਿਭਵਣ ਸਾਰੁ ਹੈ.[3] ਇਥੇ ਓਅੰਕਾਰ ਵਾਚਯ ਤੇ ਵਾਚੀ ਵਿਚਲੀ ਵਿਚਲਾ ਪਰਿਸਪਰ ਵਹਿਣ ਹੈ ਜੋ ਲੌਕਿਕ ਭਾਸ਼ਾਈ ਵ੍ਰਿਤੀ ਸ਼ਕਤੀਆਂ ਦਾ ਬੋਧਕ ਨਹੀਂ ਬਲਕਿ ਬੁੱਝਣ ਦੀ ਰਮਜ ਲਖਣ ਅਨੁਮਾਨ ਹੈ. ਇਹ ਏਕੰਕਾਰੁ ਤੇ ਸਤਿ ਮੱਧ ਅਦੁੱਤੀਅਤ ਦਾ ਜਲੌਅ ਹੈ. ਇਸ ਪੇਪਰ ਆਧੀਨ ਓਅੰਕਾਰ ਦੀ ਪ੍ਰਵਣ ਪਦ ਵਜੋਂ ਭੂਮਿਕਾ ਤੇ ਪਾਸਾਰ ਦਾ ਵਿਧਾਨ ਵਿਚਾਰਾਂਗੇ:

**ਪ੍ਰਣਵੋਆਦਿਏਕੰਕਾਰਾ (ਪ੍ਰਣਵੋ ਰੂਪ):**

ਓਅੰਕਾਰ ਦਾ ਬੀਜ-ਮੰਤਰ ਵਿਧਾ ਰੂਪਗਤਿ ਪਰਣਾਮ ਪ੍ਰਣਵ (□□□□□□)[4] ਬੋਧ ਹੁੰਦਾ ਹੈ. ਪ੍ਰਣਵ ਸ਼ਬਦ ਵਿਓਂਤਪੱਖ ਤੋਂ ਅਰਥਿਕ ਮਹੱਤਵ ਨਹੀਂ ਰੱਖਦਾ, ਕਿਓਂਕਿ ਇਹ ਮੰਤ੍ਰ ਸੰਗਠਿਤ ਲੈਅਬੰਧ ਖਾਸ ਸ਼ਬਦ ਸਮੂਹ ਹੁੰਦਾ ਹੈ, ਜੋ ਧੁਨੀ ਕੇਂਦਰਤ ਹੁੰਦਾ ਹੈ. ਜਿਸ ਦਾ ਅਰਥ ਅਭਿਆਸ ਦੇ ਖੇਤਰ ਦੀ ਪਹੁੰਚ ਅੰਦਰ ਸਥਿਤ ਹੁੰਦਾ ਹੈ, ਨਾ ਕਿ ਲੌਕਿਕ ਵਿਵਹਾਰ ਦੀ ਫਿਰ ਵੀ ਪ੍ਰਣਵ ਦਾ ਅਰਥ ਵਿਵਾਹਰ ਅਰਥ, ਭਾਵ ਜਾਂ

ਸ਼ਕਤੀ ਤੋਂ ਲਏ ਜਾਂਦੇ ਹਨ. ਵਿਆਕਰਣਿਕ ਪੱਖ (ਅਮਰਕੋਸ਼ 1.6.4.1.3) ਇਸ ਨੂੰ ਪੁਲਿੰਗ ਗਿਣਕੇ ਇਸ ਨੂੰ □□□□□□ ਸਮਾਨਾਰਥਕ ਹੀ ਮੰਨਦਾ ਹੈ (□□□□□□□□□□□: 1). ਇਹ ਹੀ ਆਦਿ ਧੁਨਿ ਦਾ ਫੈਲਾਵ ਹੈ. ਇਹ ਬ੍ਰਹਿਮੰਡੀ ਭਾਸ਼ਾ ਜੋ ਕੁਦਰਤਿ ਦੇ ਫੈਲਾਅ 'ਚ ਖਿੰਡੀ ਹੈ, ਦਾ ਪ੍ਰਕਾਸ਼ ਹੈ. ਇਸ ਲਈ ਇਸ ਨੂੰ ਬੀਜ ਜਾਂ ਪਿੰਡ ਮੰਤਰ ਵੀ ਆਖਿਆ ਜਾਂਦਾ ਹੈ. ਸਾਰੇ ਵਰਣਾਂ ਦੀ ਇਸੇ ਅੰਦਰ (ਬੀਜ ਵਾਂਙ) ਸਥਿਤੀ ਰਹਿੰਦੀ ਹੈ.[5] ਇਸ ਦੇ ਅੰਦਰ ਹੀ ਮੂਲ ਧੁਨੀਆਂ ਸਥਿਤ ਹੁੰਦੀਆਂ ਹਨ ਤੇ ਆਮੀਨ/ਅਮੀਨ ਇਸੇ ਭਗੋਲਿਕ ਭੇਦ ਹਨ.[6] ਬੋਧ ਦਲਾਈਲਾਮਾ ਇਸ ਨੂੰ ਸਰੀਰ, ਮਨ, ਬਾਣੀ ਦਾ ਸਾਰ ਆਖਦੇ ਹਨ.[7] ਇਹ ਨਿਰੰਕਾਰ ਤੇ ਪ੍ਰਕਿਤੀ ਦਰਮਿਆਨ ਆਦਿ ਦੀ ਸਕਾਰਤਾ ਨੂੰ ਸੰਬੋਧਿਤਾ ਹੈ. ਇਸ ਲਈ ਇਸ ਨੂੰ ਸਾਰੇ ਮੰਤ੍ਰਾਂ ਦੇ ਆਦਿ ਵਿਚ ਸਥਾਪਿਤ ਕਰਨ ਦਾ ਸ਼ਾਸ਼ਤਰੀ-ਵਿਧਾਨ ਹੈ. ਮਨੂੰ ਸਿਮ੍ਰਤੀ ਅਨੁਸਾਰ, "ਐ ਬ੍ਰਾਹਮਣ ਆਦਿ ਤੇ ਅੰਤ ਤੇ ਪ੍ਰਣਵ ਦਾ ਜਾਪ ਕਰ, ਕਿਉਂਕਿ ਜੋ ਅਜਿਹਾ ਨਹੀਂ ਕਰਦਾ, ਉਸ ਦਾ ਸਰਵਨਾਸ਼ ਹੁੰਦਾ ਹੈ."[8] ਇਸੇ ਆਧਾਰਿਤ ਬਿਸਮਿਲਾ ਰਾਹਮਾਨਿ ਰਾਹੀਮ (بِسْمِ ٱللَّٰهِ ٱلرَّحْمَٰنِ ٱلرَّحِيمِ) ਦੀ ਸਥਾਪਤੀ ਮੋਮਨ ਦੁਆਰਾ ਕੀਤੀ ਜਾਂਦੀ ਹੈ.

ਇਸੇ ਨੁਕਤੇ ਤੋਂ ੴ ਸਤਿਗੁਰਪ੍ਰਸਾਦਿ ਪ੍ਰਣਵ ਸਿਖ ਰਚਨਾਵਾਂ ਦੇ ਆਦਿ ਵਿਚ ਸਥਾਪਿਤ ਦਿਖਾਈ ਦਿੰਦਾ ਹੈ. ਸਿੱਖ ਵਿਧਾਨ ਦੀ ਪ੍ਰਣਵ ਸਥਾਪਤੀ ਦੀ ਮੌਲਿਕਤਾ ਇਥੇ ਪ੍ਰਣਵ ਅਤੇ ਏਕੰਕਾਰੁ ਚ ਇਕਮਾਰਤਾ ਹੈ.[9] ਸਨਾਤਨ ਤੇ ਸਿਖ ਗ੍ਰੰਥਾਂ ਅੰਦਰ ਇਹ ਪ੍ਰਣਵ ਨਾਸਾਗਰ-ਧਿਆਨੀ (ਮੰਗਲਕਾਰਤਾ) ਦਾ ਬੋਧਕ ਬਣਦਾ ਹੈ ਤੇ ਕਿਤੇ-ਕਿਤੇ ਅਧਿਕਾਰ ਸੰਯੁਕਤ 'ਅਥ-ਇਤਿ' ਬੋਧਕ. ਸਨਾਤਨ ਪ੍ਰਣਾਲੀਆਂ ਅੰਦਰ ਸ਼੍ਰੋਮਣੀ ੳੰ ਪ੍ਰਣਵ ਦੇ ਨਾਲ ਵਾਗਬੀਜ– □□,ਕਾਮਬੀਜ-□□□□, ਸ਼ਕਤੀਬੀਜ-□□□□□, ਸ਼੍ਰੀਬੀਜ-□□□□ ਹਸ੍ਵ (ਲਘੁ) ਪ੍ਰਣਵ ਮਿਲਦੇ ਹਨ.[10] ਜੋ ਆਦਿ ਪੁਰਖ ਦੇ ਪ੍ਰਕਿਤੀ ਭੇਦ ਸੰਚਾਲਿਕ ਦੇਵਗਣ ਅਤੇ ਈਸ਼ਵਰ ਦੇ ਬੋਧਕ ਹਨ.

ਸਥਾਪਤੀ ਦੇ ਪੱਖ ਤੋਂ □□□□ ਪ੍ਰਣਵ ਗ੍ਰਹਿਸਤੀ ਲਈ ਹੈ, ਜਦਕਿ ਵਾਨਪ੍ਰਸਥ ਤੇ ਸੰਨਿਆਸੀ ਲਈ ਇਕੱਲੇ ੳੰ ਦਾ ਵਿਧਾਨ ਹੈ. ਇਸੇ ਤਰ੍ਹਾਂ ਵੈਸ਼ਨਵ ਸੰਪ੍ਰਦਾਇ ੳੰ ਇਕੱਲੇ ਦਾ ਪ੍ਰਣਵ ਸਥਾਪਿਤ ਕਰਦੇ ਹਨ, ਜਦਕਿ ਆਰੀਆ ਸਮਾਜੀ □□□□ ਦਾ ਪ੍ਰਣਵ ਸਥਾਪਿਤ ਕਰਦੇ ਹਨ.[11]

ਓਨਮ ਦੇ ਨਾਲ ਨਾਦ/ਬਿੰਦੂ/ਕਲਾ ਜੁੜ੍ਹਨ ਨਾਲ ਓਅੰਕਾਰ ਬੋਧਕ ਹੁੰਦਾ ਹੈ. ਸਰਦਾਰਾ ਸਿੰਘ ਇਸੇ ਭਾਵ ਤੋਂ ਓਨਮ ਨੂੰ ਓਅੰਕਾਰ ਦਾ ਸੰਖੇਪ ਆਖਦੇ ਹਨ. ਗੁਰਬਾਣੀ ਅੰਦਰ ਪ੍ਰਣਵ ਪੰਚ-ਭੇਦੀ ਰੂਪ ਅੰਦਰ ਸਥਾਪਿਤ ਹੈ, ਜਿਸ ਦੀ ਸਥਾਪਤੀ ਯੁਕਤ ਸੱਜੇ ਪਾਸੇ ਹੈ.[12]

1. ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
2. ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥
3. ੴ ਸਤਿ ਨਾਮੁ ਗੁਰ ਪ੍ਰਸਾਦਿ॥
4. ੴ ਸਤਿ ਗੁਰ ਪ੍ਰਸਾਦਿ ॥

ਪੰਜਵਾਂ ਰੂਪ ੴ ਬੀਜ-ਮੰਤ੍ਰ (ਸਮਾਨ ਪ੍ਰਣਵ) ਰੂਪ ਹੈ. ਸੰਪ੍ਰਦਾਇ-ਗਿਆਨੀਆਂ (ਦਮਦਮੀ-ਟਕਸਾਲ) ਅੰਦਰ ਪ੍ਰਣਵ (ਬੀਜ) ਮੂਲ ਮੰਤਰ ਅਭੇਦ ਕਰ ਕੇ 5/7/12/16/24 ਅੱਖਰੀਂ ਮੰਤ੍ਰ ਆਖਿਆ ਗਿਆ ਹੈ.[13] ਗੁਰਮਤਿ ਅੰਦਰ ੴ

ਮੁੱਖ (ਸਥੂਲ/ਸਮਾਨ) ਤੇ ਬਾਕਿ ਚਾਰ ਰੂਪ ਉਪ ਪ੍ਰਣਵ (ਹਸ੍ਵ) ਰੂਪ ਹਨ, ਜੋ ਬੀਜ (ਮੰਤ੍ਰ) ਤੇ ਮੂਲ (ਮੰਤ੍ਰ) ਦੇ ਭੇਦਕ ਹਨ.

ਗੁਰੂ ਗੋਬਿੰਦ ਸਿੰਘ ਪ੍ਰਣਵੋਆਦਿਏਕੰਕਾਰਾ (ਅਕਾਲ ਉਸਤਤਿ)[14] ਕਹਿ ਕੇ ਓਅੰਕਾਰ ਨੂੰ ਪ੍ਰਣਵ ਰੂਪ 'ਚ ਲੱਖਦੇ ਏਕੰਕਾਰ ਦੇ ਆਦਿ ਸਥਾਪਿਤ ਕਰਦੇ ਹਨ, ਇਵੇਂ ਹੀ ਗਿਆਨ ਰਤਨਾਵਲੀ (ਮਨੀ ਸਿੰਘ,ਭਾਈ) ਵੀ 'ਤਾਂਤੇ ਸਤਿਨਾਮੁ ਕਾ ਮੰਗਲ ਆਦਿ ਰਖਾ ਗਿਆ ਹੈ' ਮੰਲਾਚਰਣ ਨੂੰ ਸਤਿਨਾਮੁ ਤੋਂ ਆਦਿ (ਸ਼ੁਰੂ) ਹੋਇਆ ਆਖਦੀ ਹੈ.[15] ਇਵੇਂ ਹੀ ਸਿੱਖ ਲਿਖਤਾਂ ਅੰਦਰ ੧ਓਸਿਤਿਗੁਰਪ੍ਰਸਾਦਿ ਪ੍ਰਣਵ ਰੂਪ ਵਿਚ ਲਿਖਤ ਤੇ ਸਥਾਪਿਤ ਕਰਨ ਦੀ ਪਰੰਪਰਾ ਰਹੀ ਹੈ.

ਪ੍ਰਣਵ ਰੂਪ ਅੰਦਰ ਓਅੰਕਾਰ ਸਤਿ ਦੀ ਜੁਗਤਿ ਨਾਮੁ ਆਧਾਰ ਸੰਮਲਿਤ ਹੋਕੇ ਪਰਸਪਰ ਅਕਾਰ/ਓਕਾਰ/ਮਕਾਰ ਦੀ ਯੁਕਤ ਦੇ ਆਸਰੇ ਦੀ ਜਗ੍ਹਾ ਨਾਮੁ (ਆਤਮ-ਸਰੂਪ/ਨਾਵੈ) ਜੋ ਸਤਿ ਕਰ ਕੇ ਅੱਦੁਤੀ ਏਕੰਕਾਰੀ ਅੰਕ-ਬ੍ਰਹਮ ਲਖਾਇਕ ਹੈ, ਜੋ ਸਤਿ ਨੂੰ ਨਾਮੁ (ਨਾਉ) ਅੰਦਰ ਸਥਿਤ ਕਰਦੀ ਹੈ. ਇਵੇਂ ਹੀ ਉਸ ਦੀ ਅਨੁਗ੍ਰਹਿ ਭਗਵਤੀ ਜਾਂ ਈਸ਼ਵਰੀ ਨਹੀਂ ਬਲਕਿ ਗੁਰ-ਕ੍ਰਿਪਾ ਹੈ, ਜਿਸ ਦੇ ਪਿਛੇ ਗੁਰ-ਪ੍ਰਸਾਦਿ ਹੈ, ਇਸ ਲਈ ਇਸ ਨੂੰ ਆਦਿ 'ਚ ਸਥਾਪਿਤ ਕਰਨ ਦੀ ਸਿੱਖ ਮਰਿਆਦਾ ਰਹੀ ਹੈ. ਏਕੰਕਾਰ/ਓਅੰਕਾਰ ਪ੍ਰਣਵ ਦੀ ਸਿੱਖ ਮੌਲਿਕਤਾ ਦਾ ਇਹ ਵਡਮੁੱਲਾ ਤੱਤ ਹੈ ਕੇ ਇਹ ਅਧਿਕਾਰ ਦਾਅਵੇ ਨੂੰ ਨਾ ਮਨਜੂਰ ਕਰ ਕੇ ਏਕੀਭਾਵ ਨੂੰ ਨਾਨਾਭਾਵ ਅੰਦਰ ਸਥਾਪਿਤ ਕਰਦੀ ਹੈ. ਮੰਤਰ ਦੇ ਤਿੰਨੇ ਵਿਧਾਨ (ਮੂਲ, ਮਾਲਾ, ਗੁਰ) ਪ੍ਰਣਵ ਸਹਿਜ-ਮਰਿਯਾਦ ਵਿਚ ਆ ਬਿਰਾਜਦੇ ਹਨ. ਪ੍ਰਣਵ ਧਿਆਨ ਹੀ ਸਹਿਜਯੋਗ ਬਣ ਕੇ ਪਿੰਡੀ-ਬ੍ਰਹਿਮੰਡੀ-ਅਨੰਤ-ਸ਼ੂਨਯ ਦੇ ਸਫਰ ਨੂੰ ਨਿਰੰਕਾਰ-ਦੇਸ਼ ਅੰਦਰ ਮੁਰਗਾਬੀ ਟੋਬਾ ਲਗਾਉਂਦਾ ਹੈ.

**ਪ੍ਰਣਵਾਰਥ (ਓਅੰਕਾਰਉਤਪਾਤੀ):** ਓਅੰਕਾਰ ਦੀ ਪ੍ਰਸੰਗਤਾ ਜਗਤ ਉਤਪਤੀ ਦੇ ਲਖਇਕ ਵਜੋਂ ਵੀ ਹੈ ਨਿਰੰਕਾਰ ਤੇ ਚਿਤਾਕਾਸ਼ ਮੱਧ ਇਸਦਾ ਪਸਾਰ ਹੈ. ਇਹ ਪ੍ਰਗਟਾਅ (ਨਾਦ/ਜੋਤਿ) ਦੀ ਲੀਲ੍ਹਾ ਦਾ ਵਿਸਥਾਰ ਹੈ. ਇਹ ਨਾਉ/ਨਾਮੁ ਦੀ ਵਿਸਮਾਦੀ ਯੁਕਤੀ ਜੋ ਲੌਕਿਕ ਵਿਵਹਾਰਕ ਭਾਸ਼ਾ ਵਿਸਥਾਰ ਦੀ ਪਹੁੰਚ ਤੋਂ ਦੂਰ ਕਰਤਾ ਦੀ ਆਪੇ ਜਾਣੈ ਸੋਈ ਦੀ ਸਿੰਬੌਲਿਕ ਯੁਕਤਿ ਹੈ. ਇਹ ਦੈਵੀਪਣ (ਰਸਾਤਲ/ਮੌਤ ਮੰਡਲ ਤੋਂ ਉਥਾਨ) ਦਾ ਫੈਲਾਅ ਹੈ. ਵ੍ਰਿਤੀਆਂ ਇਸੇ ਫੈਲਾਅ ਨੂੰ ਮਾਨਦੀਆਂ ਉੱਚੇ-ਅਨੁਭਵ ਇਸ ਦੀ ਛਾਂ ਹੇਠ ਵਿਗਸਾਉਂਦੀਆਂ/ਪ੍ਰਗਾਸਦੀਆਂ ਹਨ. ਓਅੰਕਾਰ ਦੇ ਸਫੋਟ ਨੂੰ ਸਵੈ-ਚਿਤ ਦੇ ਸਰੂਪ ਅਨੁਸਾਰੀ ਹਰੇਕ ਧਾਰਾ/ਸੰਪ੍ਰਦਾਇ ਨੇ ਵੱਖਰੋ-ਵੱਖਰੇ ਵਖਿਆਨ ਦਿਤੇ ਹਨ, ਜੋ ਸੁਰਤ-ਮੰਡਲ ਦੀ ਸੋਝੀ (ਆਪੁਆਪੁਨੀਬੁੱਧ) ਦਾ ਪ੍ਰਕਾਸ਼ ਹੈ.

ਜਗਤ ਪ੍ਰਗਾਸਿ ਦੇ ਆਰੰਭ ਵਿਚ ਅਕ੍ਰਮਿਕ ਨਾਮੁ (ਨਾਉ) ਨਿਰੰਕਾਰੀ ਅਵਸਥਾ ਜਿਸਦਾ ਪਦ/ਅਰਥ ਕਰ ਭੇਦ ਨਹੀਂ ਸਿਰਜਿਆ ਜਾ ਸਕਦਾ ਹੁਕਮ ਦੀ ਗਤਿ ਨੂੰ ਧਾਰੀ ਹੋਕੇ ਆਪਣੇ ਸੈਭੰ (ਆਪੀਨੈ੍ਰਚਿਓਨਾਉ) "ਆਕਾਰਹੋਏਨਿਰਾਕਾਰਹੋਸ਼ੇ" ਵਾਂਙਰ ਸਿਰਜਣਾ ਦਾ ਆਰੰਭ ਕੀਤਾ ਜਿਸਦਾ ਆਦਿ-ਭਾਵ ਅੰਕ-ਬ੍ਰਹਮ (ਏਕੰਕਾਰ) ਰੂਪ ਬਣਿਆ ਜੋ ਸਾਕਾਰ ਭੇਦ ਤੋਂ ਭਾਈ ਗੁਰਦਾਸ ਜੀ ਅਨੁਸਾਰ ਕਰਤਾਰ ਬਿਰਦ (ਸਚੁਨਾਉਕਰਤਾਰੁਬਿਰਦੁਸਦਾਇਆ,

ਵਾਰ22/1) ਬਣਦਾ ਹੈ...ਨਾਉ ਤੋਂ ਆਦਿ-ਪੁਰਖ ਨੇ ਆਪਣੇ ਤੇ ਪਦਾਰਥ ਵਿਚਕਾਰ ਸ੍ਰੀ ਦੇਵੀ/ਕੁਦਰਤਿ/ਆਦਿ-ਭਵਾਨੀ ਦੀ ਸਿਰਜਣਾ ਕੀਤੀ. ਜੋ ਪਰਾ ਪ੍ਰਕਿਰਤੀ(ਆਦਿਭਵਾਨੀ) ਅਖਵਾਈ,[16] ਜੋ ਪ੍ਰਮੇਯ-ਵਰਗ (ਸ਼ਿਵ+ਸ਼ਕਤੀ/ਮੰਤਰ/ਅਣੂ) ਤੇ ਹੇਯ ਵਰਗ (ਮਲ (ਅਗਿਆਨ)/ਕਰਮ/ਮਾਯਾ)[17] ਦਾ ਕਾਰਣ ਹੈ. ਏਹੀ ਏਕਾਮਾਈ ਜਾਂ ਆਦਿ ਕੁਆਰੀ[18] ਵੀ ਅਖਵਾਉਂਦੀ ਹੈ, ਪਰ ਇਸ ਦੀ ਮੰਨਣ ਦੀ ਜਰੂਰਤ ਦੀ ਜਰੂਰਤ ਪੁਰਖ+ਪ੍ਰਕਿਤੀ ਦਰਮਿਆਨ ਇਕ ਸੰਜੋਯਕ ਵਜੋਂ ਸੰਯੋਗ ਨਿਭਾਉਣਾ ਹੈ.[19] ਇਹ ਦੋਹਾਂ ਵਿਪਰੀਤ ਧਰਮੀ ਪ੍ਰਵ੍ਰਿਤੀਆਂ ਨੂੰ ਤਾਦਾਤਮਯ ਸਬੰਧ ਕਰਦੀ ਹੈ . ਇਸ ਲਈ ਪਤੰਜਲੀ (ਮਹਾਂਰਿਸ਼ੀ) ਨਿਤਯ ਗੁਰੂ ਈਸ਼ਵਰ ਪਦ (ਯੋਗਸੂਤਰ: 24) ਦੀ ਵਰਤੋਂ ਕਰਦਾ ਹੈ, ਪਰ ਗੁਰਬਾਣੀ ਇਸ ਲਈ ਕੁਦਰਤਿ(ਦੁਯੀਕੁਦਰਤਿਸਾਜੀਐ) ਪਦ ਵਰਤਦੀ ਹੈ .ਕੁਦਰਤਿ ਦੀ ਮੌਲਿਕਤਾ ਇਸ ਦਾ ਮਉਲਣਾ ਹੈ ਜੋ ਵਿਵਹਾਰ ਅੰਦਰ ਆਨੰਦ ਹੈ (ਜਦਕਿ ਸਨਾਤਨ ਫਲਸਫਾ ਇਸਨੂੰ ਸੰਘਰਸ਼ ਵਜੋਂ ਦੇਖਦਾ ਹੈ). ਕੁਦਰਤ ਆਪਣੇ ਆਪ ਨੂੰ ਬਿੰਦੂ ਵਿਭਾਜਿਤ ਕਰਦੀ ਹੈ, ਜਿਸ ਦਾ ਫਲ ਸ਼ਕਤੀ/ਮਾਯਾ/ਮਹਾਂਮਾਯਾ ਅਖਵਾਉਂਦਾ ਹੈ. ਇਸ ਛਿਣ ਨੂੰ ਪਾਦੁਕਾ ਟਰਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਜਿਸ ਦਾ ਪ੍ਰਤੀਕ ਖੜ੍ਹਗ (ਤਿੰਨ ਧਾਰੀ) ਪਰ ਇਸ ਦੇ ਨਾਲ ਆਦਿ-ਪੁਰਖ (ਵਿਸ਼ੁੱਧ ਚੇਤਨ) ਵੀ ਨਾਲ ਹੀ ਵਿਗਸਦਾ ਹੈ. ਸ਼ਕਤੀ ਵਿਕਲਪ ਤੋਂ ਆਦਿ ਪੁਰਖ  ਸ਼ਬਦ ਤੇ ਅਰਥ ਦਾ ਸ਼ੁੱਧ ਰੂਪ ਪੈਦਾ ਕਰਦਾ ਹੈ, ਇਹੀ ਸ਼ੁੱਧ ਬਿੰਦੂ ਦਾ ਪੜ੍ਹਾਅ ਹੈ, ਜੋ ਬੁੱਧ ਤਾਂਤ੍ਰਿਕ ਵਰਤਾਰੇ ਅੰਦਰ ਬੋਧ-ਚਿਤ ਕਰ ਕੇ ਪ੍ਰਸਿੱਧ ਹੈ.[20] ਇਹ ਬਿੰਦੂ ਹੀ ਪਰਾ ਵਾਕ(ਬਾਣੀ) ਵੀ ਅਖਵਾਉਂਦਾ ਹੈ. ਸ਼ਬਦ ਦੇ ਸਫੋਟ ਤੋਂ ਚਾਰ ਬਾਣੀਆਂ(ਸ਼ਿਵ ਤੰਤਰ ਅਨੁਸਾਰ, ਜਦਕਿ ਵਿਆਕਰਣਿਕ ਤਿੰਨ ਮੰਨਦੇ ਹਨ,[21] ਚੌਥੀ ਵਿਆਕਰਣ ਅਨੁਸਾਰ ਪਰਾ/ਨਾਦ ਰੂਪ ਹੈ) ਪਰਿਣਾਮ ਰੂਪ (ਵਿਵਰਤ ਨਹੀਂ) ਪੈਦਾ ਹੁੰਦੀਆਂ ਹਨ, ਪਰ ਇਹ ਬਾਣੀ ਇਸ ਰੂਪਗਤਿ ਭੇਦ ਅੰਦਰ ਜੜ੍ਹ ਹੁੰਦੀ ਹੈ. ਪਰਾ ਤੋਂ ਪੈਦਾ ਪਸ਼ਿਅੰਤੀ(ਅਸ਼ੇਸ਼ ਵਿਸ਼ਵ ਨੂੰ ਅਭਿਵਿਅਕਤ ਅੰਦਰ ਦਰਸ਼ਨ ਕਰਨ ਵਾਲੀ ਜਾਂ ਦੂਸਰੇ ਅਰਥਾਂ ਚ ਬੋਲਣ ਦੀ ਇਛਾ ਪਨਪਣੀ) ਦੀ ਅਵਸਥਾ ਭਰਥਰੀ ਅਨੁਸਾਰ ਸ਼ਬਦ 'ਬ੍ਰਹਮ' ਹੈ ਜਦਕਿ ਤੰਤਰ ਇਸ ਨੂੰ ਬੀਜ-ਬਿੰਦੂ ਅਤੇ (ਨਾਦ/ਪਰਾ) ਨੂੰ ਸ਼ਬਦ-ਬ੍ਰਹਮ ਉਪਾਧੀ ਦਿੰਦਾ ਹੈ.[22] ਜੋ ਸ਼ਬਦ ਤੋਂ ਪਾਰ ਵਰਤਦੀ ਹੈ.[23] ਇਸ ਲਈ ਤੰਤਰ ਅਨਿਕ੍ਰਮ ਤੇ ਵਿਆਕਰਣ ਸ਼ਬਦ ਤਾਦਾਤਮਯ ਸਬੰਧ ਵਿਚ ਮੋਕਸ਼ ਮੰਨਦਾ ਹੈ. ਇਸ ਤੋਂ ਅਗੇ ਨਾਦ ਧੁਨੀ ਅੰਦਰ ਪ੍ਰਵੇਸ਼ ਕਰਦਾ ਹੈ ਜੋ ਪ੍ਰਾਣ (ਵਾਯੂ) ਦੇ ਪਰਿਣਾਮ ਰੂਪ ਹਨ. ਪ੍ਰਾਣ ਲਈ ਰੁਦਰ ਪਦ ਹੈ.[25] ਇਹੀ ਰੁਦਰ ਨਾਦ ਨੂੰ ਧੁਨਿ ਅੰਦਰ ਪ੍ਰਵੇਸ਼ ਕਰਦਾ ਹੈ. ਗੁਰਮਤਿ ਇਸ ਨੂੰ ਪਉਣ ਕੀ ਬਾਣੀ ਆਖਦੀ ਹੈ, ਪਰ ਤਾਰਸਾਰ ਉਪਨਿਖਦ ਪ੍ਰਾਣ-ਬ੍ਰਹਮ ਨਾਲ ਸੰਬੰਧਿਤ ਹੁੰਦਾ ਹੈ.[26] ਇਥੇ ਕੋਸ਼ ਪ੍ਰਾਣਮਈ ਹੁੰਦਾ ਹੈ, ਪਰ ਅਨੰਮਈ ਕੋਸ਼ (ਸਥੂਲ ਤੱਤਾਂ) ਨਾਲ ਮਨ ਸੰਯੋਜਕ (ਮਨੋਮਈ ਕੋਸ਼) ਨਾਲ ਮਿਲ ਕੇ ਬੈਖਰੀ ਪ੍ਰਗਟ ਹੁੰਦੀ ਹੈ, ਜਿਸ ਦਾ ਪਸ਼ੰਅਤੀਂ ਨਾਲ ਰਿਸ਼ਤਾ ਮੱਧਪਾ ਸਥਾਪਿਤ ਕਰਦੀ ਹੈ, ਪਰ ਇਨ੍ਹਾਂ ਸਾਰੀਆਂ ਧੁਨੀਆਂ/ਸ੍ਵਰਾਂ ਦੀ ਜਮੀਨ ਵਜੋਂ ਸ਼ਬਦ ਬ੍ਰਹਮ ਹੀ ਆਪਣੇ ਆਪ ਨੂੰ ਵੰਡਦਾ ਹੈ,[27] ਪਰ ਇਥੇ ਧੁਨੀ (ਚੇਲੀ) ਪ੍ਰਾਣਾਂ ਦੀ ਚੇਤਨਾ ਨਾਲ ਸ਼ਬਦ ਬ੍ਰਹਮ (ਗੁਰੂ) ਤੱਕ ਪਹੁੰਚ ਕਰਦੀ ਹੈ.

ਬੈਖਰੀ ਅਗੇ ਵਰਣ (ਅੱਖਰ) ਰਾਂਹੀ ਰੇਖਾਕ੍ਰਿਤ (ਮਾਤ੍ਰਿਕ) ਰੂਪ ਧਾਰਨ ਕਰਦੀ ਹੈ ਅਤੇ ਓਮ ਅੱਖਰ-ਬ੍ਰਹਮ ਬਣਦਾ ਹੈ, ਜਿਸਦਾ ਸੁਭਾਅ ਅਧਿਆਤਮ ਹੈ.[28] ਇਬਨ ਅਰਬੀ (ਫਸੂਸਲਹਿਕਮ/1) ਦਾ ਸ਼ਬਦ ਵੀ ਇਸੇ ਪਦ ਦੇ ਨੇੜ੍ਹੇ ਦਾ ਸਕੰਲਪ ਹੈ, ਪਰ ਅੱਖਰ-ਬ੍ਰਹਮ[29] ਹੀ ਸ਼ਬਦ-ਬ੍ਰਹਮ, ਜਿਸ ਨੂੰ ਨਾਦ (ਪਰਾ) ਅਵਰਣ-ਪਦ (ਮਾਂਡੂਕਯ/12) ਪਰਮ-ਪਦ (ਗੀਤਾ/8:21) ਤੱਕ ਲਿਜਾਣ ਵਾਲਾ ਹੈ. ਜਦਕਿ ਗੁਰਮਤਿ ਇਹਨਾਂ ਅੱਖਰਾਂ ਨੂੰ ਖਿੰਡਣ ਵਾਲੇ (ਏਅਖਰਖਿਰਿਜਾਹਿਗੇਓਇਅਖਰਇਨਮਹਿਨਾਹਿ) ਜਾਣਕੇ ਬੋਲ/ਅਬੋਲ ਦੋਹਾਂ ਭੇਦਾਂ 'ਚ ਵਿਆਪਕ ਮੰਨਦੇ ਹਨ. ਅੱਖਰ ਜਦੋਂ ਪਦਾ-ਪਦ ਵਾਕ ਸਮੂਹ ਤੋਂ ਮੁੜ ਸ਼ਬਦ ਬਣਦਾ ਹੈ, ਇਉਂ ਗੁਲਜਾਰ ਸਿੰਘ ਕੰਗ ਅਨੁਸਾਰ ਇਥੇ ਪਾਰਬ੍ਰਹਮ 'ਸ਼ਬਦ-ਬ੍ਰਹਮ' ਹੋ ਕੇ ਪ੍ਰਗਟ ਹੁੰਦਾ ਹੈ. ਇਸ ਲਈ ਸਾਰਾ ਓਅੰਕਾਰੀ ਵਿਸਥਾਰ ਬਾਣੀ-ਨਮਿਤ ਸ਼ਬਦ-ਬ੍ਰਹਮ (ਅਕ੍ਰਮ ਸਫੋਟ) ਤੋਂ ਸ਼ਬਦ (ਸਕ੍ਰਮ ਬੈਖਰੀ) ਦਾ ਵਿਸਥਾਰ ਹੈ ਏਹੀ ਸ਼ਬਦ ਦੀ ਅੰਤਰ/ਬਾਹਰ ਫੈਲਾਅ ਦੀ ਜੁਗਤਿ (ਅੰਤਰਿਬਾਹਰਿਸਬਦਿਸੁਜੁਗਤਾ-ਸਿਧਗੋਸਟਿ:13) ਹੈ, ਇਹੀ ਜੁਗਤਿ ਸਾਰੁ (ਅਨਾਦਿ ਤੋਂ ਸ਼ਬਦ ਮਾਰਗ) ਹੈ.

**ਪਰਾਮਰਸ਼:** ਆਦਿ ਕੁਦਰਤਿ ਹੀ ਪਰਮ ਸ਼ਕਤੀ ਹੈ, ਜਿਸ ਅੰਦਰ ਸਾਰੇ ਆਕਾਰ ਨਿਰਾਕਾਰ ਰੂਪ ਅੰਦਰ ਸਮਾਏ ਰਹਿੰਦੇ ਹਨ (ਪਰਮਾਤਮ ਰੂਪ) ਜਿਥੇ ਸ਼ਿਵ+ਸ਼ਕਤੀ 'ਚ ਕੋਈ ਭੇਦੀ ਨਹੀਂ, ਉਸ ਦਾ ਛੋਭ ਸਾਰੇ ਫੈਲਾਅ ਦਾ ਨਿਮਿਤ ਬਣਦਾ ਹੈ. ਯਾਮਲ ਅਵਸਥਾ 'ਚੋਂ ਇੱਛਾ ਜਨਮ ਲੈਂਦੀ ਹੈ ਤੇ ਆਦਿ ਭਵਾਨੀ (ਜੁਗਤਿ ਵਿਆਈ) ਸਤਿ/ਚਿਤ/ਆਨੰਦ/ਇਛਾ/ਗਿਆਨ/ਕ੍ਰਿਯਾ/ਅਨੁਗ੍ਰਹਿ ਤੋਂ ਤਿਰੋਧਾਨੀ ਬਣਦੀ ਹੈ, ਜੋ ਆਦਿ-ਪੁਰਖ ਦੀ ਅਰਧਾਂਗਨੀ ਸ਼ਕਤੀ ਅਖਵਾਉਂਦੀ ਹੈ, ਜਿਸ ਨੂੰ ਚੈਤਨਯ ਚਿਤਬਿੰਦੂ ਕਰ ਕੇ ਜਾਣਿਆਂ ਜਾਂਦਾ ਹੈ. ਇਸਨੂੰ ਹੀ ਪਰਮ-ਜਯੋਤੀ, ਆਦਿਤਯ (ਮਹਾਂਵਾਕ ਉਪਨਿਖਦ/11) ਜਾਂ ਭੂਤ ਦੇਵ-ਮਾਤਾ (ਰਿਗਵੇਦ) ਵੀ ਆਖਿਆ ਜਾਂਦਾ ਹੈ, ਇਸ ਦੇ ਤ੍ਰੈ ਪਹਿਲੂ ਸੰਘਾਰ/ਪਾਲਣ/ਜਨਮ ਦੇ ਨਾਲ ਤਿਰੋਧਾਨੀ (ਅਗਿਆਨ) ਤੇ ਅਨੁਗ੍ਰਹਿ ਧਾਰੀ ਹੋਕੇ ਚੇਲੇ ਬਣਦੇ ਹਨ. ਦੇਵਦੱਤ ਪਟਨਾਇਕ (ਸ਼ਿਵ ਤੋਂ ਸ਼ੰਕਰ ਤੱਕ/69) ਅਨੁਸਾਰ ਦੇਵੀ ਈਸ਼ਵਰ (ਤ੍ਰੈ ਚੇਲੇ) ਨੂੰ ਉਸ ਦੇ ਈਸ਼ਵਰਪੁਣੇ ਦਾ ਬੋਧ ਕਰਵਾਉਂਦੀ ਹੈ ਇਵੇਂ ਉਹ ਉਸਦੇ ਅੰਦਰੋਂ ਜਨਮ ਲੈਂਦਾ ਹੈ. ਏਹੀ ਏਕਾਮਾਈ ਦਾ ਯੁਗਤੀ ਪੂਰਣ ਵਿਵਾਹ ਹੁੰਦਾ ਹੈ. ਇਸੇ ਪਰਮ-ਜਯੋਤੀ ਨੂੰ ਅਭਿਨਵ ਗੁਪਤਾ ਪਰਾਮਰਸ਼ ਨਾਮ ਨਾਲ ਸੰਬੋਧਿਤ ਕਰਦਾ ਹੈ, ਪਰ ਆਦਿ ਸ਼ੰਕਰਾਚਾਰੀਆ ਆਦਿ-ਪੁਰਖ(ਸਦਾਸ਼ਿਵ)[30] ਨੂੰ ਸਵੈ ਪ੍ਰਕਾਸ਼ਿਤ ਮੰਨਦਾ ਹੈ, ਜਿਸ ਕਾਰਣ ਪਰਾਮਰਸ਼ ਨੂੰ ਮੰਨਣ ਦੀ ਜਰੂਰਤ ਨਹੀਂ ਰਹਿੰਦੀ, ਇਸ ਲਈ ਆਦਿ ਪੁਰਖ ਸ਼ਕਤੀ ਅਭਿੰਨ ਅਦਵੈਤ ਨਾ ਹੋ ਕੇ ਸਵੈ-ਸਰੂਪ ਅਦਵੈਤ ਹੈ, ਜਦਕਿ ਪਰਾਪਰਸ਼ ਨੂੰ ਉਹ ਮਾਯਾ ਸ਼ਬਦ ਦੀ ਨਵੀਨ ਵਿਆਖਿਆ ਦੇਕੇ ਇਸਨੂੰ ਅਧਿਆਸ ਰੂਪ ਵਿਚ ਸਵਿਕਾਰਦਾ ਹੈ. ਇਸੇ ਸੀਮਾ ਤੋਂ ਉਹ ਮਿਥਿਆ ਪਦ ਦੀ ਵਰਤੋਂ ਕਰਦਾ ਹੈ, ਜਦਕਿ 'ਸ਼ਿਵਪੁਰਾਣ' ਓਅੰਕੇਸ਼ਵਰ(ਸ਼ਿਵ+ਸ਼ਕਤੀ ਅਦਵੈਤ) ਨੂੰ ਅਦਵੈਤ ਚਿਤਵਦਾ ਹੈ, ਜਿਸ ਦੀ ਓਅੰਕੇਸ਼ਵਰ ਮੰਦਿਰ (ਨਰਮਦਾ ਕਿਨਾਰੇ) ਮੰਦਿਰ ਹੈ. ਗੁਰਮਤਿ ਦਾ ਓਅੰਕਾਰੀ ਵਿਧਾਨ ਇਹਨਾਂ ਦੋਹਾਂ ਅਦਵੈਤੀ ਵਿਧਾਨਾਂ ਦਾ ਸਮਰਥਨ ਨਹੀਂ ਕਰਦਾ

(ਜਸਵੀਰ ਸਿੰਘ ਆਹਲੂਵਾਲੀਆ ਅਨੁਸਾਰ ਅਦਵੈਤ ਪਦ ਹੀ ਸੀਮਾ ਹੈ). ਜਪੁ ਜੀ ਅਨੁਸਾਰ ਇਹ ਗਿਆਨ ਖੰਡ (ਦੂਸਰ ਖੰਡ) ਦਾ ਵਿਗਾਸ ਹੈ ਇਸ ਅੰਦਰ ਆਦਿ ਸ਼ਿਵ ਦੀ ਪ੍ਰਧਾਨਤਾ (ਸ਼ਕਤੀ ਸ਼ਿਵ ਅਗੇ ਝੁਕੇ ਤਾਂ ਸਾਧਕ ਸਿੱਧ ਬਣਦਾ ਹੈ) ਹੈ, ਜਿਸ ਕਾਰਣ ਮਨੋਉਚ ਭਾਵ ਪ੍ਰਧਾਨ ਰਹਿੰਦਾ ਹੈ (ਸਿਵਆਗੈਸਭਕਰੈਸਲਾਮਤਬਮਨੁਹੋਇਰਹੌਪ੍ਰਧਾਨ ਪ੍ਰਾਣਸੰਗਲੀ/15). ਇਹ ਸਥਿਤੀ ਪਰਲੋ (ਗਣ ਸਾਮਾਨਯ ਭਾਵ) ਤੱਕ ਸੀ, ਪਰ ਇਸੇ ਲਈ ਆਦਿ ਸ਼ੰਕਰਾਚਾਰੀਆ ਦਾ ਨਿਰਗੁਣ ਬ੍ਰਹਮ ਪ੍ਰਕਿਤੀ ਗੁਣਾਤੀਤ ਹੋਕੇ ਵੀ ਗੁਣ ਅਭਾਵ (ਅਨੁਉਪਲਬਧੀ ਪ੍ਰਮਾਣ) ਗੁਣ ਵਿਚ ਵਿਚਰਦਾ ਹੈ . ਏਸੇ ਲਈ ਗੁਰਬਾਣੀ ਬ੍ਰਹਮ ਦੇ ਦੋਹਾਂ ਭੇਦਾਂ (ਸਰਗੁਣ/ਨਿਰਗੁਣ) ਨੂੰ ਨਾਉ ਤੋਂ ਪੈਦਾ ਹੋਏ ਆਖਦੀ ਹੈ (ਸਰਗੁਣਨਿਰਗੁਣਥਾਪੈਨਾਉ: 387). ਅਗਾਂਹ ਮਹਾਂਪਰਲੋ/ਸ਼ਾਕਤਾਵਰਣ(ਧਵੰਸ ਨਹੀਂ ਉਪਸੰਹਾਰ) ਚਲਦਾ ਹੈ. ਜਿਥੇ ਪ੍ਰਕਿਤੀ ਪਿੰਡ/ਮਾਯਾਦੰਡ/ਕਾਲ/ਮਨ ਆਹੋਰਾਤਰ ਭੇਦ ਚੋਂ ਮਹਾਂਸ਼ੂਨਯ/ਵਿਆਪਨੀ ਅੰਦਰ ਅਨੰਤ ਬ੍ਰਹਿਮੰਡ ਰਾਹੀਂ ਪ੍ਰਵੇਸ਼ ਕਰਦੇ ਹਨ, ਪਰ ਸ਼ੂਨਯ ਦੀ ਸਮੱਸਿਆ ਹੈ ਕਿ ਇਹ ਸ਼ਾਂਤ ਕੈਦ ਹੈ ਜਿਥੇ ਕੁੰਡਲਨੀ ਤੱਕ ਕੈਦ ਹੋ ਜਾਂਦੀ ਹੈ (ਸੁੰਨਨਿਰੰਤਰਿਦੀਜੈਬੰਧੁ:ਸਿਧਗੋਸਟਿ/16). ਦੂਸਰਾ ਇਹ ਵਿਕਲਪੀ (ਸ) ਹੁੰਦੀ ਹੈ. ਇਥੇ ਖੰਡ ਅੰਦਰ ਸਿੱਧ/ਬੁੱਧ/ਨਾਥ (ਜਪੁ 35) ਦੇਵ/ਮੁਨਿ/ਦਾਨਵ ਹੁੰਦੇ ਹਨ ਇਥੋਂ ਤੱਕ ਨਾਦ/ਅਨੰਦ/ਬਿਨੋਦ (ਇੱਛਾ-ਸੰਸਕਾਰ) ਭਾਵ ਅਨੁਭਤੀ ਬਣੀ ਰਹਿੰਦੀ ਹੈ. ਇਥੇ ਬ੍ਰਹੰਮਰੰਦਰ (ਬ੍ਰਹਮ term ਅਰਥ ਫੈਲਾਅ ਸੰਪਾਦਕ ਸੰਭਾਵਨਾ ਬੋਧਕ ਹੈ) ਰਾਹੀਂ ਸਰਮ ਖੰਡ (ਤੀਸਰ-ਖੰਡ) ਅੰਦਰ ਪ੍ਰਵੇਸ਼ ਕਰਦੀ ਹੈ, ਜਿਸ ਦੇ ਲਈ ਭਾਰਤੀ ਫਲਸਫਾ ਸਮਨਾ ਪਦ ਵਰਤਦਾ ਹੈ.[31] ਇਥੇ ਵਿਸ਼ਾ ਰੂਪ ਹੈ ਤੇ ਵਿਸ਼ੇ ਦੇ ਧਰਮ(ਸ਼ਪਰਸ਼/ਕਲਾ)ਅਨੁਭੂਤੀ ਇਥੇ ਤੀਵਰ ਹੁੰਦੀ ਹੈ ਇਥੇ ਸੁਰਤ ਸੁਹਜ ਦਾ ਆਨੰਦ ਮਾਣਦੀ ਹੈ, ਕਿਓਕਿ ਕਾਲ/ਮਨ(ਨਿਰਵਿਕਲਪ) ਦਾ ਇਥੇ ਤਿਆਗ ਹੋ ਜਾਂਦਾ ਹੈ. ਇਸ ਸ਼ੁੱਧ ਗਿਆਤਾ ਦੇ ਰੂਪ ਵਿਚ ਸਥਿਤੀ ਗ੍ਰਹਿਣ ਹੋਣ ਕਰ ਕੇ ਸਮਾਧੀ (ਨਿਰਵਿਕਲਪ) ਪ੍ਰਾਪਤ ਹੁੰਦੀ ਹੈ. ਇਹ ਅਫੁਰ ਵੀ ਆਖਿਆ ਜਾਂਦਾ ਹੈ. ਸ਼ਾਖਯ ਨਾਲੋਂ ਸਿੱਧ ਪਰਪੰਰਾ ਦਾ ਫਰਕ ਏਹੀ ਹੈ ਕਿ ਇਥੇ ਜਗਤ ਗੇਯ (object) ਰੂਪ ਅੰਦਰ ਵਿਰਾਜਮਾਨ ਨਹੀਂ ਹੁੰਦਾ. ਇਥੇ ਮਹਾਂਮਾਯਾ ਦੀ ਜਰੂਰਤ ਪੈਂਦੀ ਹੈ, ਕਿਓਂਕਿ ਅਜਿਹੀ ਅਵਸਥਾ-ਧਾਰੀ ਗਾਡੀਰਾਹ ਨਹੀਂ ਚਲ ਸਕਦਾ. ਇਸ ਲਈ ਇਥੇ ਕਰਮ-ਖੰਡ (ਚੌਥਾ-ਖੰਡ) ਦਵੈਤ ਦਾ ਪੜ੍ਹਾਅ ਹੈ, ਇਹ ਨਕਸ਼ਬੰਦੀ ਵਹਿਤਲ ਸ਼ਬੂਦ ਜਾਂ ਵਿਸ਼ਸ਼ਟਿ-ਅਦਵੈਤ ਦੇ ਨੇੜੇ ਹੈ. ਇਸੇ ਪਹੁੰਚ ਨੂੰ ਭਾਈ ਵੀਰ ਸਿੰਘ ਰਚਿਤ ਪਿਆਰੇ ਦੇ ਪਿਆਰਾ ਸਾਖੀ ਦੀ ਜੁਗਤਿ (ਅਹੰ ਬ੍ਰਹਮ ਤੋਂ ਗੁਰ-ਚੇਲਾ ਭਾਵ) ਨਾਲ ਜਾਣਿਆਂ ਜਾ ਸਕਦਾ ਹੈ. ਇਥੇ ਸ਼ਹੀਦ/ਗਾਜੀ/ਭਗਤ/ਸੂਰਬੀਰ ਦਾ ਸ਼ੁੱਧ ਸਰੂਪ ਸਫਰ ਕਰਦਾ ਹੈ. ਅਹੰ (ਮਹੀਤੱਤ) ਦੇ ਦੋਵੇਂ ਰੂਪ (ਵਿਰਕਤ/ਸ਼ਕਤੀ) ਹੋਣ ਕਰ ਕੇ ਸੁਰਤਿ ਅਵਸਥਾ ਜਰਨੈਲੀ ਹੁੰਦੀ ਹੈ. ਇਥੋਂ ਪਰਾਮਰਸ਼ (ਚਿਦਾਚੇਥਨ) ਮੁੜ੍ਹ ਪਰਮ-ਚੇਤਨ ਦਾ ਭਾਗ ਬਣ ਜਾਂਦਾ ਹੈ. ਇਹੀ ਸੱਚਖੰਡਿ ਅਵਸਥਾ ਹੈ. ਨਿਰੰਕਾਰ ਕਾ ਦੇਸ਼ ਹੈ.

## ਸੰਦਰਭ ਸੂਚੀ


1. ਕਾਲਾਸਾਰ ਉਪਨਿਸ਼ਦ, ਪਾਦ: 2
2. ਬ੍ਰਹਮਬਿੰਦੂ ਉਪਨਿਸ਼ਦ, 16
3. ਓਨਮਅਖਰਤ੍ਰਿਭਵਣਸਾਰੁ, ਦਖਣੀ ਓਅੰਕਾਰ, 1
4. □□□□ □□□□: □□□□□: 1/28 ਯੋਗ ਦਰਸ਼ਨ
5. ਵਿਗਿਆਨਭੈਰਵ: 54
6. HTTPS://YouTube.be/QPHVI8pKExl
7. HTTPS://YouTube.be/4QQKDP85QZg
8. ਮਨੂੰ ਸਿਮ੍ਰਿਤੀ, ਸਲੋਕ/74
9. ਖੋਜ ਪ੍ਰਤਿਕਾ,ਪਬਲੀਕੇਸ਼ਨਬਿਓਰੋ, 2000, ਪੰਨਾ-523
10. ਮੰਤਰ ਰੱਹਸਯ, ਦੱਤ ਸ਼੍ਰੀਮਾਲੀ, ਨਾਰਾਇਣ (ਡਾ), ਹਿੰਦ ਪੁਸਤਕ ਭੰਡਾਰ, ਦਿੱਲੀ, 198
11. ਓਹੀ, ਪੰਨਾ-215
12. https:/gurpasad.com/ਹਰਿਭਜਨ ਸਿੰਘ (ਪ੍ਰਿੰ.) ਦੀ ਗੁਰਬਾਣੀ ਵਿਆਖਿਆਕਾਰੀ
13. ਸ਼੍ਰੋਮਣੀ ਦਮਦਮੀ ਸਟੀਕ, ਪਹਿਲੀ ਪੋਥੀ, 2019, ਪੰਨਾ-108/113
14. ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ
15. ਗਿਆਨ ਰਤਨਾਵਲੀ, ਮਨੀ ਸਿੰਘ (ਭਾਈ), ਪੰਨਾ-1
16. ਆਦਿਭਵਾਨੀਈਸ਼ਰੀਮਾਯਾਜਾਕੋਨਾਮੁ, ਸਰਬਲੋਹ, 66
17. ਮਾਲਾਨਾਵਿਜਯ ਤੰਤਰ, ਉਦਰਿਤ: ਤੰਤਰਮੋਦ ਤੇ ਸ਼ਿਵ ਤਾਂਡਵ, ਗੋਸਵਾਮੀ ਲਾਲ (ਮਹਾਂਪ੍ਰਭੂ), ਚੌਖੰਭਾ ਸੰਸਕ੍ਰਿਤ ਭਵਨ, ਪੰਨਾ-115
18. ਬਾਲ ਗੁੰਦਾਈ ਕੀ ਸਬਦੀ, ਨਾਥ ਸਿੱਧਾਂ ਕੀਆਂ ਬਾਣੀਆਂ, ਸੰਪਾਦਕ ਰੁਦਰ ਕਾਮੀਦੇਵ, ਕਾਸ਼ੀ ਨਾਗਰੀ ਪ੍ਰਚਾਰਣੀ, ਬਨਾਰਸ, ਪੰਨਾ-59
19. ਤ੍ਰਿਪੁਰ ਉਪਨਿਸ਼ਦ, 14/15
20. ਤਾਂਤਰਿਕ ਬੋਧ ਸਾਧਨਾ ਤੇ ਸਾਹਿਤ, ਨਾਂਗੇਦਰ ਨਾਥ (ਉਪਾਧਿਆਏ), ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, ਪੰਨਾ-10

21. ਵਾਕੋਪਾਦਿਯ, ਭਰਥਰੀ ਹਰੀ, 17

22. ਦੇਵੀ ਉਪਨਿਸ਼ਦ, 20/21

23. ਸ਼ਬਦਅਤੀਤਅਨਾਹਦਰਾਤਾ, ਕਬੀਰ (ਭਗਤ), ਆਦਿ ਗੁਰੂ ਗ੍ਰੰਥ ਸਾਹਿਬ.

24. ਬ੍ਰਹਮਬਿੰਦੂ ਉਪਨਿਸ਼ਦ, 23

25. ਬ੍ਰਿਹਦਾਰਣਿਕ ਉਪਨਿਸ਼ਦ 3.9.4

26. ਤਾਰਾਸਾਰ ਉਪਨਿਸ਼ਦ, 5

27. ਵਿਸ਼ਵਚਿੰਤਨ ਤੇ ਪੰਜਾਬੀ ਸਾਹਿਤ, ਗੁਰਭਗਤ ਸਿੰਘ (ਡਾ.), ਪੰਨਾ-75

28. ਤੈਤਰੀਯ ਉਪਨਿਸ਼ਦ, ਤੀਜਾ ਅਨੁਵਾਕ

29. ਸ਼੍ਰੀਮਦਭਗਵਦਗੀਤਾ, 8.3

30. ਅਪਰੋਕਸ਼ਅਨੁਭੂਤੀ, ਸ਼ੰਕਰਾਚਾਰੀਆ (ਸ੍ਰੀਆਦਿ), ਵਿਕਟੇਸ਼ਵਰ ਪ੍ਰੈਸ, ਮੁੰਬਈ, ਪੰਨਾ-137

31. ਤਾਂਤਰਿਕ ਵਾਂਡਗਯ ਮੇਂ ਸ਼ਾਕਤ ਦ੍ਰਿਸ਼ਟੀ, ਗੋਪੀਨਾਥ ਕਵੀਰਾਜ (ਡਾ.), ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ, ਪਟਨਾ, ਪੰਨਾ-9

***

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਗਾਮੀ ਪ੍ਰਭਾਵ: ਇਕ ਅਧਿਐਨ

ਸਿਮਰਜੀਤ ਕੌਰ,

ਰਿਸਰਚ ਸਕਾਲਰ,

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਕਿ 'ਹਿੰਦ ਦੀ ਚਾਦਰ' ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ, ਦੀ ਅਦੁੱਤੀ ਸ਼ਹੀਦੀ ਦੀ ਮਿਸਾਲ ਪੂਰੇ ਜਗਤ ਦੇ ਕਿਸੇ ਵੀ ਧਰਮ ਵਿਚ ਮਿਲਣੀ ਬਹੁਤ ਮੁਸ਼ਕਿਲ ਹੈ. ਅੱਜ ਤੱਕ ਅਜਿਹੇ ਕਿਸੇ ਹੋਰ ਇਨਸਾਨ ਜਾਂ ਪੀਰ ਪੈਗ਼ੰਬਰ ਦਾ ਇਤਿਹਾਸ ਵਿਚ ਜ਼ਿਕਰ ਹੀ ਨਹੀਂ ਆਇਆ, ਜਿਸ ਨੇ ਦੂਜੇ ਧਰਮ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੋਵੇ. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਮਾਜ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਦਿੱਤੀ. ਇਸ ਸ਼ਹੀਦੀ ਨੇ ਜਿੱਥੇ ਹਿੰਦੂ ਧਰਮ ਦੇ ਤਿਲਕ ਜੰਞੂ ਦੀ ਰੱਖਿਆ ਕੀਤੀ, ਨਾਲ ਹੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅਤੇ ਮੁਗ਼ਲੀਆ ਸਲਤਨਤ ਵੱਲੋਂ ਪੂਰੇ ਹਿੰਦੁਸਤਾਨ ਨੂੰ ਇਸਲਾਮ ਵਿਚ ਤਬਦੀਲ ਕਰਨ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ. ਇਹ ਵੀ ਇਸ ਅਦੁੱਤੀ ਸ਼ਹੀਦੀ ਦਾ ਹੀ ਪ੍ਰਭਾਵ ਸੀ, ਜੋ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਯੋਜਨਾਬੱਧ ਤਰੀਕੇ ਨਾਲ ਸਮਾਜਿਕ ਏਕਤਾ ਦੀ ਨੀਂਹ ਰੱਖਦੇ ਹੋਇਆਂ ਦੱਬੇ ਕੁਚਲੇ ਲੋਕਾਂ ਵਿਚ ਨਵੀਂ ਰੂਹ ਫੂਕੀ. ਜਿਸ ਦੀ ਬਦੌਲਤ ਉਹ ਆਪਣੇ ਤੋਂ ਕਿਤੇ ਜ਼ਿਆਦਾ ਤਾਕਤਵਰ ਮੁਗਲੀਆ ਹਕੂਮਤ ਨਾਲ ਮੱਥਾ ਲਾਉਣ ਦੇ ਸਮਰੱਥ ਹੋਏ.

ਜਿੱਥੇ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਰੂ ਕੀਤੀ ਸ਼ਹੀਦੀ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਸਿੱਖਾਂ ਵਿਚ ਅਥਾਹ ਜੋਸ਼, ਜਜ਼ਬਾ, ਸਿਦਕ, ਸਿਰੜ, ਸਹਿਣਸ਼ੀਲਤਾ ਆਦਿ ਕਈ ਗੁਣ ਪੈਦਾ ਕੀਤੇ, ਨਾਲ ਹੀ ਸਿੱਖਾਂ ਨੂੰ ਪੂਰਨ ਤੌਰ 'ਤੇ ਸੰਗਠਿਤ ਇਕ ਵੱਖਰੇ ਧਰਮ ਵਜੋਂ ਪਹਿਚਾਣ ਦਿਵਾਉਣ ਵਿਚ ਮਹੱਤਵਪੂਰਨ ਰੋਲ ਵੀ ਅਦਾ ਕੀਤਾ. ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪ੍ਰਭਾਵ ਸਦਕਾ ਸਦੀਆਂ ਤੋਂ ਸ਼ੋਸ਼ਿਤ ਹੋ ਰਹੇ ਸਮਾਜ ਦੇ ਅਨੇਕਾਂ ਹੀ ਤਬਕੇ ਸੰਗਠਿਤ ਹੋ ਕੇ ਖ਼ਾਲਸੇ ਦੇ ਰੂਪ ਇਕ

ਨਵੀਂ ਕੌਮ ਦਾ ਰੂਪ ਲੈਂਦਿਆਂ ਮੁਗਲ ਸਲਤਨਤ ਦੇ ਵਿਰੁੱਧ ਉੱਠ ਖੜ੍ਹੇ ਹੋਏ ਅਤੇ ਆਉਂਦੇ ਪੰਜ-ਛੇ ਦਹਾਕਿਆਂ ਬਾਅਦ ਹੀ ਮੁਗਲਾਂ ਅਤੇ ਅਫ਼ਗਾਨਾਂ ਨੂੰ ਖਦੇੜ ਕੇ ਦਰਿਆ ਜਮੁਨਾ ਪਾਰ ਤੋਂ ਲੈ ਕੇ ਕਾਬਲ ਕੰਧਾਰ ਦੀਆਂ ਬਰੂਹਾਂ ਤੱਕ ਦੇ ਵੱਡੇ ਖਿੱਤੇ ਦੇ ਮਾਲਕ ਬਣ ਗਏ ਅਤੇ ਅੰਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਆਪਣਾ ਸੁਤੰਤਰ ਰਾਜ ਸਥਾਪਿਤ ਕਰਨ ਵਿਚ ਸਫ਼ਲ ਹੋਏ.

ਦੂਜੇ ਧਰਮਾਂ ਦੇ ਖਿਲਾਫ ਔਰੰਗਜ਼ੇਬ ਦੇ ਕੱਟੜ ਮਨਸੂਬਿਆਂ ਦਾ ਪਤਾ ਉਸ ਵੱਲੋਂ ਜਾਰੀ ਕੀਤੇ ਇਕ ਫ਼ੁਰਮਾਨ ਤੋਂ ਲੱਗਦਾ ਹੈ, ਜੋ ਉਸ ਨੇ 1669 ਈ. ਵਿਚ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੇ ਗਵਰਨਰਾਂ ਨੂੰ ਜਾਰੀ ਕੀਤਾ ਸੀ. ਜਿਸ ਇਹ ਵਿਚ ਗਵਰਨਰਾਂ ਨੂੰ ਇਹ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਹਿੰਦੂਆਂ ਦੇ ਮੰਦਰ ਅਤੇ ਸਕੂਲਾਂ ਨੂੰ ਸਖ਼ਤੀ ਨਾਲ ਤਬਾਹ ਕੀਤਾ ਜਾਵੇ ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਹਰ ਤਰ੍ਹਾਂ ਦੀਆਂ ਧਾਰਮਿਕ ਗਤੀਵਿਧੀਆਂ ਅਤੇ ਪ੍ਰਚਾਰ ਉੱਤੇ ਰੋਕ ਲਾਈ ਜਾਵੇ.[1] ਇੱਥੋਂ ਤੱਕ ਕਿ ਔਰੰਗਜ਼ੇਬ ਨੇ ਸ਼ਾਂਤੀ ਦੇ ਸਮੇਂ ਵਿਚ ਵੀ ਕਈ ਹਿੰਦੂ ਮੰਦਰ ਤੋੜੇ. 1670 ਈ. ਵਿਚ ਉਸ ਨੇ ਗ਼ੈਰ ਮੁਸਲਮਾਨਾਂ ਤੋਂ ਮਾਲੀਆ ਮੁਕਤ ਜ਼ਮੀਨਾਂ ਵਾਪਸ ਲੈਣ ਦੇ ਹੁਕਮ ਵੀ ਜਾਰੀ ਕਰ ਦਿੱਤੇ. 1679 ਈ. ਤੱਕ ਆਉਂਦਿਆਂ ਉਸ ਨੇ ਹਿੰਦੂਆਂ ਤੋਂ ਮੁਗਲ ਬਾਦਸ਼ਾਹ ਅਕਬਰ ਵੱਲੋਂ ਬੰਦ ਕੀਤਾ ਗਿਆ ਜ਼ਜ਼ੀਆ ਮੁੜ ਉਗਰ੍ਹਾਉਣਾ ਸ਼ੁਰੂ ਕਰ ਦਿੱਤਾ.[2]

ਔਰੰਗਜ਼ੇਬ ਦਾ ਮਨਸੂਬਾ ਪੂਰੇ ਭਾਰਤੀ ਉਪ ਮਹਾਂਦੀਪ ਨੂੰ ਪੂਰਨ ਤੌਰ 'ਤੇ ਇਸਲਾਮੀ ਰਾਜ ਵਿਚ ਬਦਲਣ ਦਾ ਸੀ. ਇਸ ਮਕਸਦ ਨੂੰ ਪੂਰਾ ਕਰਨ ਦੇ ਲਈ ਉਸ ਨੇ ਕਸ਼ਮੀਰ ਦੇ ਗਵਰਨਰ ਇਫ਼ਤਖ਼ਾਰ ਖਾਂ ਦੀ ਮਦਦ ਨਾਲ ਹਿੰਦੂਆਂ ਵਿਚ ਸਭ ਤੋਂ ਉੱਚ ਸ਼੍ਰੇਣੀ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਦੇ ਦਾਇਰੇ ਹੇਠ ਲਿਆਉਣ ਦੇ ਯਤਨ 1671 ਈ. ਤੋਂ ਹੀ ਆਰੰਭ ਕਰ ਦਿੱਤੇ ਸਨ. ਖ਼ਾਸ ਕਰ ਕਸ਼ਮੀਰੀ ਪੰਡਤਾਂ ਦਾ ਹਿੰਦੂ ਧਰਮ ਵਿਚ ਕਾਫ਼ੀ ਦਬਦਬਾ ਸੀ. ਇਸ ਲਈ ਔਰੰਗਜ਼ੇਬ ਨੂੰ ਲੱਗਦਾ ਕਿ ਜੇ ਪੰਡਤਾਂ ਨੇ ਇਸਲਾਮ ਕਬੂਲ ਕਰ ਲਿਆ ਤਾਂ ਹਿੰਦੂਆਂ ਵਿਚ ਉਨ੍ਹਾਂ ਦਾ ਸਥਾਨ ਸਰਵਉੱਚ ਹੋਣ ਕਾਰਨ ਬਾਕੀ ਸਾਰੇ ਹਿੰਦੂ ਵੀ ਉਨ੍ਹਾਂ ਦੇ ਪਿੱਛੇ ਇਸਲਾਮ ਵਿਚ ਆਸਾਨੀ ਨਾਲ ਸ਼ਾਮਿਲ ਹੋ ਜਾਣਗੇ. ਇਫ਼ਤਖ਼ਾਰ ਖਾਂ ਨੇ ਤਲਵਾਰ ਦੇ ਜ਼ੋਰ ਨਾਲ ਹਰ ਰੋਜ਼ ਹਜ਼ਾਰਾਂ ਕਸ਼ਮੀਰੀ ਪੰਡਤਾਂ ਦਾ

---

[1] Harbans Singh, *The Heritage of the Sikhs,* Manohar Publishers and Distributors, New Delhi, 1994, 2nd Edition, p. 70.

[2] Irfan Habeeb, *Agrarian System of Mughal India (1526-1707),* Asia Publishing House, Bombay ,1973, p. 119-20; also quoted by J. S. Grewal, *Sikhs of Punjab (The New Cambridge History of India-II.3),* Cambridge Univesity Press, 1994, p. 67.

ਧਰਮ ਪਰਿਵਰਤਨ ਕਰਨਾ ਸ਼ੁਰੂ ਕਰ ਦਿੱਤਾ. ਕੋਇਰ ਸਿੰਘ ਲਿਖਦਾ ਹੈ ਕਿ ਇੱਥੋਂ ਤੱਕ ਕਿ ਪੰਡਤਾਂ ਦੇ ਮੁਸਲਮਾਨ ਬਣ ਜਾਣ ਦੇ ਸਬੂਤ ਵਜੋਂ ਔਰੰਗਜ਼ੇਬ ਨੂੰ ਪੰਡਤਾਂ ਦੇ ਸਵਾ ਮਣ ਜਨੇਊ ਉਤਾਰ ਕੇ ਹਰ ਰੋਜ਼ ਭੇਜੇ ਜਾਣ ਲੱਗੇ.[3] ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵੀ ਪੁਸ਼ਟੀ ਕਰਦੇ ਹਨ ਕਿ ਔਰੰਗਜ਼ੇਬ ਨੇ ਸਾਰੇ ਮੁਲਖ਼ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਪ੍ਰਣ ਕੀਤਾ ਸੀ.[4]

ਹਿੰਦੂਆਂ ਵਿਚ ਪੰਡਤ ਜਾਤੀ, ਜੋ ਕਿ ਹੁਣ ਤੱਕ ਸਦੀਆਂ ਤੋਂ ਆਮ ਲੋਕਾਂ ਨੂੰ ਮਿਥਿਹਾਸ, ਦੈਵੀ ਸ਼ਕਤੀਆਂ, ਬੁੱਤ ਪੂਜਾ ਅਤੇ ਜਾਦੂ ਮੰਤਰਾਂ ਦੇ ਸਹਾਰੇ ਮੂਰਖ ਬਣਾਉਂਦੀ ਆ ਰਹੀ ਸੀ, ਦੀ ਔਰੰਗਜ਼ੇਬ ਅਤੇ ਮੁਗਲਾਂ ਦੇ ਜ਼ੁਲਮਾਂ ਸਾਹਮਣੇ ਕੋਈ ਵੀ ਕਰਾਮਾਤ, ਪਾਠ ਪੂਜਾ, ਯੱਗ ਆਦਿ ਉਪਾਅ ਕੋਈ ਕੰਮ ਨਹੀਂ ਸਨ ਕਰ ਰਹੇ. ਜਦੋਂ ਪੰਡਤਾਂ ਦੇ ਹਜ਼ਾਰਾਂ ਦੇਵੀ ਦੇਵਤੇ ਵੀ ਉਨ੍ਹਾਂ ਦੀ ਮਦਦ ਲਈ ਨਾ ਬਹੁੜੇ ਤਾਂ ਇਕ ਪੰਡਤ ਆਗੂ ਨੇ ਇਹ ਗੱਲ ਫ਼ੈਲਾਈ ਕਿ ਉਸ ਨੂੰ ਸ਼ਿਵ ਜੀ ਨੇ ਰਾਤੀਂ ਸੁਪਨੇ ਵਿਚ ਆ ਕੇ ਦੱਸਿਆ ਹੈ ਕਿ ਗੁਰੂ ਨਾਨਕ ਦੀ ਗੁਰਗੱਦੀ ‘ਤੇ ਬਿਰਾਜਮਾਨ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਕੋਲ ਆਪਣੀ ਸੁਰੱਖਿਆ ਲਈ ਜਾਓ.[5] ਇਹ ਸੁਣਦਿਆਂ ਹੀ ਪੰਜ ਸੌ ਕਸ਼ਮੀਰੀ ਪੰਡਤ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ, ਜਿਸ ਦੀ ਪੁਸ਼ਟੀ ਭੱਟ ਵਹੀਆਂ ਵੀ ਕਰਦੀਆਂ ਹਨ ਕਿ ਕਸ਼ਮੀਰੀ ਪੰਡਤ, ਪੰਡਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਅਨੰਦਪੁਰ ਪਹੁੰਚੇ.[6]

ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਦੀ ਧਾਰਮਿਕ ਕੱਟੜ ਨੀਤੀ ਬਾਰੇ ਪਹਿਲਾਂ ਤੋਂ ਹੀ ਜਾਗਰੂਕ ਸਨ. ਇਸ ਲਈ ਉਨ੍ਹਾਂ ਨੇ ਗੁਰਿਆਈ ਦਾ ਕਾਰਜ ਭਾਰ ਸੰਭਾਲਦਿਆਂ ਹੀ ਧਰਮ ਦੇ ਪ੍ਰਚਾਰ, ਸਰਬ ਸਾਂਝੀਵਾਲਤਾ, ਬਰਾਬਰਤਾ ਤੇ ਨਿਆਂ ਦਾ ਸੰਦੇਸ਼ ਦੇਸ਼ ਭਰ ਵਿਚ ਫ਼ੈਲਾਉਣ ਲਈ ਯਾਤਰਾਵਾਂ ਆਰੰਭ ਕਰ ਦਿੱਤੀਆਂ ਸਨ. ਇਨ੍ਹਾਂ ਯਾਤਰਾਵਾਂ ਦੀ ਅਸਲ ਸਫ਼ਲਤਾ ਦਾ ਪਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਚੱਲਦਾ ਹੈ, ਜਦੋਂ ਹਜ਼ਾਰਾਂ ਦੀ ਗਿਣਤੀ

---

[3] ਕੋਇਰ ਸਿੰਘ, *ਗੁਰਬਿਲਾਸ ਪਾਤਿਸ਼ਾਹੀ ਦਸਵੀਂ,* (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 48.

[4] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 169; ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ. ਬਲਵੰਤ ਸਿੰਘ ਢਿੱਲੋਂ) ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 24.

[5] Harbans Singh, *The Heritage of the Sikhs,* p. 71, quoted from P. N. K. Bamzai, *A History of Kashmir: Political, Social, Cultural, From the Earliest Times to the Present Day,* Metropolitan Book, New Delhi, 1973.

[6] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 78.

ਵਿਚ ਦੇਸ਼ ਦੇ ਕੋਨੇ ਕੋਨੇ ਵਿੱਚੋਂ ਇਕੱਤਰ ਹੋਏ ਲੋਕ ਖ਼ਾਲਸੇ ਦੇ ਰੂਪ ਵਿਚ ਇਕਮੁੱਠ ਹੋ ਕੇ ਦਸਮੇਸ਼ ਪਾਤਿਸ਼ਾਹ ਦੀ ਛੱਤਰ ਛਾਇਆ ਹੇਠ ਜ਼ੁਲਮਾਂ ਦੇ ਵਿਰੁੱਧ ਉੱਠ ਖੜ੍ਹੇ ਹੋਏ. ਗੁਰੂ ਤੇਗ ਬਹਾਦਰ ਜੀ ਜਦੋਂ ਉਹ ਉੱਤਰ ਪੂਰਬ ਭਾਰਤ ਦੀਆਂ ਯਾਤਰਾਵਾਂ 'ਤੇ ਸਨ ਉਹ ਮੁਗਲਾਂ ਦੇ ਮਨਸੂਬਿਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ. ਮੁਗਲ ਹੁਕਮਰਾਨਾਂ ਵੱਲੋਂ ਛੇਵੇਂ ਪਾਤਿਸ਼ਾਹ ਨਾਲ ਲੜੀਆਂ ਲੜਾਈਆਂ ਵੀ ਉਨ੍ਹਾਂ ਦੇ ਸਾਹਮਣੇ ਸਨ. ਔਰੰਗਜ਼ੇਬ ਦੁਆਰਾ ਉਨ੍ਹਾਂ ਨੂੰ ਧਰਮ ਪ੍ਰਚਾਰ ਦੀਆਂ ਯਾਤਰਾਵਾਂ ਦੌਰਾਨ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਦਾ ਜ਼ਾਲਮ ਸਲਤਨਤ ਨਾਲ ਭਵਿੱਖ ਵਿਚ ਟਕਰਾਅ ਹੋਣਾ ਲਾਜ਼ਮੀ ਹੈ. ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਨੂੰ ਬਚਾਉਣ ਲਈ ਮੁਗਲ ਹਕੂਮਤ ਦੇ ਵਿਰੁੱਧ ਖੜ੍ਹਾ ਹੋਣ ਦੇ ਪ੍ਰਣ ਲਿਆ. ਰਤਨ ਸਿੰਘ ਭੰਗੂ ਬਿਆਨਦਾ ਹੈ ਕਿ ਇਸ ਨਾਲ ਬਾਬਰਕਿਆਂ ਅਤੇ ਬਾਬੇਕਿਆਂ ਦੇ ਵਿਚਕਾਰ ਟਕਰਾਅ ਹੋਣਾ ਨਿਸ਼ਚਿਤ ਹੋ ਗਿਆ.[7]

ਸੰਗਤ ਸਿੰਘ ਦੇ ਅਨੁਸਾਰ ਜਦੋਂ ਔਰੰਗਜ਼ੇਬ ਨੂੰ ਨੌਵੇਂ ਪਾਤਿਸ਼ਾਹ ਦੇ ਧਾਰਮਿਕ ਸੁਤੰਤਰਤਾ ਲਈ ਖੜ੍ਹੇ ਹੋਣ ਬਾਰੇ ਪਤਾ ਲੱਗਿਆ ਤਾਂ ਉਸ ਨੇ ਆਪਣੇ ਸੂਹੀਆਂ ਰਾਹੀਂ ਅਨੰਦਪੁਰ ਤੋਂ ਗੁਰੂ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ. ਉਹ ਗੁਰੂ ਜੀ ਦੀਆਂ ਧਰਮ ਪ੍ਰਚਾਰ ਯਾਤਰਾਵਾਂ ਬਾਰੇ ਵੀ ਚੇਤੰਨ ਹੋ ਗਿਆ. ਉਸ ਨੇ ਗੁਰੂ ਜੀ ਦੁਆਰਾ ਫ਼ੈਲਾਈ ਜਾ ਰਹੀ ਸਮਾਜਿਕ-ਧਾਰਮਿਕ ਚੇਤਨਤਾ ਨੂੰ ਆਪਣੀ ਹਕੂਮਤ ਲਈ ਖ਼ਤਰਾ ਸਮਝਿਆ.[8] ਸਿਆਰੁਲ ਮੁਤਾਖ਼ਰੀਨ ਦਾ ਰਚੇਤਾ ਸਈਦ ਗੁਲਾਮ ਹੁਸੈਨ ਲਿਖਦਾ ਹੈ ਕਿ ਜਦੋਂ ਔਰੰਗਜ਼ੇਬ ਨੂੰ ਇਹ ਪਤਾ ਲੱਗਿਆ ਕਿ ਗੁਰੂ ਜੀ ਸੰਗਤਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਅਤੇ ਸੰਗਤਾਂ ਵੱਲੋਂ ਦਸਵੰਧ ਦੇ ਰੂਪ ਵਿਚ ਦਿੱਤੀ ਜਾ ਰਹੀ ਮਾਇਆ ਜਾਂ ਹੋਰ ਸਾਧਨਾਂ ਵਿਚ ਵੀ ਭਾਰੀ ਵਾਧਾ ਹੋ ਰਿਹਾ ਹੈ ਤਾਂ ਗੁਰੂ ਜੀ ਉਸ ਨੂੰ ਆਪਣੇ ਸਾਮਰਾਜ ਲਈ ਭਾਰੀ ਖਤਰਾ ਜਾਪਣ ਲੱਗੇ.[9]

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਕਸ਼ਮੀਰੀ ਪੰਡਤਾਂ ਨੇ ਔਰੰਗਜ਼ੇਬ ਨੂੰ ਜਾ ਦੱਸਿਆ ਕਿ ਉਹ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਦੇ ਮਗਰ ਹਨ, ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਵੀ ਮੁਸਲਮਾਨ

---

[7] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 29.

[8] Sangat Singh, *The Sikh History,* Published by author, 1995, p. 61. Also published by Singh Brothers Amritsar in 2002.

[9] Sangat Singh, *Ibid,* p. 61.

ਬਣਨ ਲਈ ਤਿਆਰ ਹਾਂ. ਔਰੰਗਜ਼ੇਬ ਨੇ ਗੁਰੂ ਜੀ ਨੂੰ ਹਿਰਾਸਤ ਵਿਚ ਲੈਣ ਲਈ ਹਰਕਾਰੇ ਭੇਜ ਦਿੱਤੇ.[10] ਭੱਟ ਵਹੀਆਂ ਦੇ ਅਨੁਸਾਰ ਓਧਰ ਨੌਵੇਂ ਗੁਰੂ ਸਾਹਿਬ ਵੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਨਾਲ ਔਰੰਗਜ਼ੇਬ ਨੂੰ ਮਿਲਣ ਲਈ 10 ਜੁਲਾਈ 1675 ਈ. ਨੂੰ ਅਨੰਦਪੁਰ ਤੋਂ ਦਿੱਲੀ ਵੱਲ ਨੂੰ ਚੱਲ ਪਏ.[11] 05 ਨਵੰਬਰ 1675 ਈ. ਨੂੰ ਗੁਰੂ ਸਾਹਿਬ ਨੂੰ ਸਾਥੀ ਸਿੰਘਾਂ ਸਮੇਤ ਆਗਰੇ ਤੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ.[12]

ਔਰੰਗਜ਼ੇਬ ਨੂੰ ਹੁਣ ਵੀ ਲੱਗਦਾ ਸੀ ਕਿ ਗੁਰੂ ਜੀ ਆਸਾਨੀ ਨਾਲ ਇਸਲਾਮ ਕਬੂਲ ਕਰ ਲੈਣਗੇ ਅਤੇ ਸਾਰਾ ਹਿੰਦੁਸਤਾਨ ਉਨ੍ਹਾਂ ਦੇ ਪਿੱਛੇ ਆਸਾਨੀ ਨਾਲ ਮੁਸਲਮਾਨ ਹੋ ਜਾਵੇਗਾ, ਪਰ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਰਾਦਿਆਂ ਦਾ ਔਰੰਗਜ਼ੇਬ ਕੋਲ ਕੋਈ ਤੋੜ ਨਹੀਂ ਸੀ. ਉਸ ਵੱਲੋਂ ਦੌਲਤਾਂ-ਸ਼ੋਹਰਤਾਂ, ਐਸ਼ੋ-ਇਸ਼ਰਤ, ਪਦਵੀਆਂ, ਜਾਗੀਰਾਂ, ਇੱਥੋਂ ਤੱਕ ਕਿ ਡਰਾਉਣ ਧਮਕਾਉਣ ਲਈ ਵਰਤੇ ਸਾਰੇ ਹਰਬੇ ਅਸਫ਼ਲ ਹੋ ਗਏ. ਸ਼ਾਹੀ ਕਾਜ਼ੀ ਅਬਦੁੱਲ ਵਹਾਬ ਬੋਰਾ ਨੇ ਬਾਦਸ਼ਾਹ ਦੇ ਹੁਕਮ ਅਨੁਸਾਰ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ:

1. ਆਪਣੀ ਤਾਕਤ ਦਿਖਾਉਣ ਲਈ ਕਰਾਮਾਤ ਦਿਖਾਉਣੀ
2. ਇਸਲਾਮ ਕਬੂਲ ਕਰਨਾ
3. ਮਰਨ ਲਈ ਤਿਆਰ ਹੋਣਾ

ਗੁਰੂ ਜੀ ਨੇ ਇਨ੍ਹਾਂ ਵਿੱਚੋਂ ਤੀਸਰੀ ਸ਼ਰਤ ਹੱਸਦੇ ਹੋਏ ਕਬੂਲ ਕੀਤੀ. ਗੁਰੂ ਜੀ ਨੇ ਫਰਮਾਇਆ ਕਿ ਕਰਾਮਾਤ ਦਿਖਾਉਣੀ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਹੈ. ਦੂਜਾ ਧਾਰਮਿਕ ਆਜ਼ਾਦੀ ਹਰ ਵਿਅਕਤੀ ਦਾ ਮਨੁੱਖੀ ਹੱਕ ਹੈ ਇਸ ਲਈ ਉਹ ਆਪਣੇ ਹੱਕ ਦੀ ਰੱਖਿਆ ਕਰਨ ਲਈ ਜ਼ਿੰਦਗੀ ਕੁਰਬਾਨ ਕਰਨ ਲਈ ਤਿਆਰ ਹਨ.[13]

ਗੁਰੂ ਸਾਹਿਬ ਨਾਲ ਗਏ ਸਿੱਖਾਂ ਵਿੱਚੋਂ ਸਭ ਤੋਂ ਪਹਿਲਾਂ ਭਾਈ ਦਿਆਲਾ ਜੀ ਨੇ ਹੱਸਦੇ ਹੋਏ ਦੇਗ ਵਿਚ ਉੱਬਲਦਿਆਂ ਸ਼ਹਾਦਤ ਪ੍ਰਾਪਤ ਕੀਤੀ. ਉਸ ਤੋਂ ਬਾਅਦ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ

---

[10] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 26.

[11] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ,* ਪੰਨਾ 78.

[12] Sirdar Kapur Singh, *Sikhism and the Sikhs,* Singh Brothers, Amritsar, 2011, p. 290-306.

[13] ਕ੍ਰਿਪਾਲ ਸਿੰਘ ਚੰਦਨ ਅਤੇ ਸਤਬੀਰ ਸਿੰਘ ਕੁਰਾਲੀ, *ਜੀਵਨ ਗਾਥਾ ਤੇ ਉਪਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ,* ਸਿੱਖ ਮਿਸਨਰੀ ਕਾਲਜ, ਲੁਧਿਆਣਾ, ਮਿਤੀ ਰਹਿਤ, p. 58.

ਗਿਆ. ਫ਼ੇਰ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟਕੇ ਜਿਉਂਦਿਆਂ ਸਾੜ ਕੇ ਸ਼ਹੀਦ ਕੀਤਾ ਗਿਆ.[14] ਅੰਤ ਔਰੰਗਜ਼ੇਬ ਦੇ ਮਨਸੂਬੇ ਗੁਰੂ ਸਾਹਿਬ ਅੱਗੇ ਬੁਰੀ ਤਰ੍ਹਾਂ ਅਸਫ਼ਲ ਹੋ ਗਏ ਅਤੇ ਕਾਜ਼ੀ ਦੇ ਹੁਕਮ 'ਤੇ ਸਮਾਣਾ ਦੇ ਜਲਾਦ ਜਲਾਲਦੀਨ ਦੁਆਰਾ ਗੁਰੂ ਸਾਹਿਬ ਦਾ ਸਿਰ ਤਲਵਾਰ ਨਾਲ ਕਲਮ ਕਰ ਕੇ ਸ਼ਹੀਦ ਕਰ ਦਿੱਤਾ ਗਿਆ.[15] ਸਿਰਦਾਰ ਕਪੂਰ ਸਿੰਘ ਬੜੇ ਹੀ ਖ਼ੂਬਸੂਰਤ ਤਰੀਕੇ ਨਾਲ ਬਿਆਨਦੇ ਹਨ ਕਿ ਇਹ ਮਹਾਨ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ ਚਿੰਨ੍ਹ ਰਕਸ਼ਾ ਲਈ ਦਿੱਤੀ, ਮਜ਼ਹਬ ਦੀ ਅਜ਼ਾਦੀ ਲਈ ਦਿੱਤੀ ਅਤੇ ਪੁਰਸ਼ੋਤਮ ਪੁਰਸ਼ ਦੇ ਆਤਮ-ਗੌਰਵ ਦੀ ਰਖਸ਼ਾ ਹਿੱਤ ਦਿੱਤੀ. ਇਨ੍ਹਾਂ ਤਿੰਨ ਮਹਾਨ ਆਦਰਸ਼ਾਂ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਨੇ ਆਪਣਾ ਬਲਿਦਾਨ ਦਿੱਤਾ: -

1. ਧਾਰਮਿਕ ਸੁਤੰਤਰਤਾ: "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ."
2. ਧਰਮ ਦੀ ਰੱਖਿਆ: "ਧਰਮ ਹੇਤ ਸਾਕਾ ਜਿਨ ਕੀਆ." ਅਤੇ
3. ਪੁਰਸ਼ੋਤਮ ਪੁਰਸ਼ ਦੇ ਆਤਮ ਗੌਰਵ ਦੀ ਰੱਖਿਆ: "ਸੀਸ ਦੀਆ ਪਰ ਸਿਰਰ ਨ ਦੀਆ."[16]

ਗੁਰੂ ਤੇਗ਼ ਬਹਾਦਰ ਜੀ ਪਰਉਪਕਾਰ ਦੀ ਅਜਿਹੀ ਮੂਰਤ ਸਨ, ਜਿਨ੍ਹਾਂ ਨੇ ਸਰਵ ਕਲਿਆਣ ਸਬੰਧੀ ਧਾਰਨਾ ਨਾਲ ਜੁੜ ਕੇ ਸ਼ਹਾਦਤ ਦੀ ਅਦੁੱਤੀ ਮਿਸਾਲ ਪੇਸ਼ ਕੀਤੀ, ਜਿਸ ਸਬੰਧੀ ਕਵੀ ਸੈਨਾਪਤਿ ਲਿਖਦੇ ਹਨ: -

ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ॥
ਧਰਮ ਕਰਮ ਕੀ ਜਿਨਿ ਪਤਿ ਰਾਖੀ, ਅਟਲ ਕਰੀ ਕਲਜੁਗ ਮੇਂ ਰਾਖੀ॥

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੁਨੀਆਂ ਵਿਚ ਇਕ ਅਜਿਹਾ ਸਾਕਾ ਹੋ ਨਿੱਬੜੀ, ਜਿਸ ਦੀ ਮਿਸਾਲ ਰਹਿੰਦੀ ਦੁਨੀਆਂ ਤੱਕ ਵੀ ਕਿਸੇ ਵੀ ਫ਼ਿਰਕੇ ਵਿਚ ਨਹੀਂ ਮਿਲਣੀ.[17]

ਗੁਰੂ ਤੇਗ ਬਹਾਦਰ ਜੀ ਦੇ ਹਾਲਾਂਕਿ ਗੁਰੂ ਤੇਗ ਬਹਾਦਰ ਦੀ ਪਾਵਨ ਦੇਹ ਨੂੰ ਟੁਕੜਿਆਂ ਵਿਚ ਕੱਟ ਕੇ ਦਿੱਲੀ ਦੇ ਦਰਵਾਜ਼ਿਆਂ ਤੇ ਲਟਕਾਉਣ ਦਾ ਸ਼ਾਹੀ ਪ੍ਰਵਾਨ ਜਾਰੀ ਹੋ ਚੁੱਕਿਆ ਸੀ ਪਰ ਦਿੱਲੀ ਦੇ ਸਿੰਘਾਂ ਦੇ ਸਿਦਕ ਬਹਾਦਰੀ ਅਤੇ ਜਜ਼ਬੇ ਸਦਕਾ ਨਾ ਮੁਗ਼ਲਾਂ ਹੱਥ ਸੀਸ ਲੱਗਿਆ ਨਾ ਧੜ ਲੱਗੀ ਭਾਈ ਲੱਖੀ ਸ਼ਾਹ ਵਣਜਾਰਾ ਨੇ

---

[14] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀ ਸਾਖੀਆਂ,* ਪੰਨਾ 83.

[15] ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 281.

[16] ਸਿਰਦਾਰ ਕਪੂਰ ਸਿੰਘ, *ਰਾਜ ਕਰੇਗਾ ਖ਼ਾਲਸਾ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2013, ਪੰਨਾ 60.

[17] ਕਵੀ ਸੈਨਾਪਤਿ, *ਗੁਰਸੋਭਾ,* (ਸੰਪਾ. ਡਾ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 65.

ਗੁਰੂ ਜੀ ਦੀ ਪਾਵਨ ਦੇਹ ਨੂੰ ਆਪਣੇ ਘਰ ਲਿਜਾ ਕੇ ਆਪਣੇ ਘਰ ਨੂੰ ਅਗਨ ਭੇਟ ਕਰ ਕੇ ਗੁਰੂ ਸਾਹਿਬ ਦਾ ਸਸਕਾਰ ਕੀਤਾ ਅਤੇ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਆਨੰਦਪੁਰ ਲੈ ਜਾਣ ਵਿਚ ਸਫ਼ਲ ਹੋ ਗਏ.[18]

ਉਪਰੋਕਤ ਅਧਿਐਨ ਤੋਂ ਇਹ ਜਾਣਕਾਰੀ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਇਤਿਹਾਸ ਦੇ ਨਾਲ ਨਾਲ ਸਮਾਜ ਦੀ ਸੰਪੂਰਨ ਦਸ਼ਾ ਤੇ ਦਿਸ਼ਾ ਹੀ ਤਬਦੀਲ ਕਰ ਦਿੱਤੀ. ਉਨ੍ਹਾਂ ਦੀ ਲਾਸਾਨੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹੀਦ ਹੋਣ ਵਾਲਿਆਂ ਦੀ ਸੂਚੀ ਵਿਚ ਸਰਵਉੱਚ ਹੋ ਨਿੱਬੜੀ ਅਤੇ ਕਿਸੇ ਦੂਜੇ ਧਰਮ ਦੀ ਰੱਖਿਆ ਲਈ ਆਪਣੇ ਤੋਂ ਪਹਿਲਾਂ ਅਤੇ ਅਜੋਕੇ ਵੇਲੇ ਤੱਕ ਵੀ ਉਨ੍ਹਾਂ ਦੀ ਸ਼ਹਾਦਤ ਦਾ ਕੋਈ ਤੋੜ ਪੈਦਾ ਨਹੀਂ ਹੋਇਆ.

ਇਸ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਤਤਕਾਲ ਪ੍ਰਭਾਵ ਇਹ ਪਿਆ ਕਿ ਔਰੰਗਜ਼ੇਬ ਦਾ ਪੂਰੇ ਹਿੰਦੁਸਤਾਨ ਨੂੰ ਇਸਲਾਮੀ ਰਾਜ 'ਚ ਬਦਲਣ ਦਾ ਮਨਸੂਬਾ ਚੂਰ-ਚੂਰ ਹੋ ਗਿਆ. ਉਸ ਦੁਆਰਾ ਪੂਰੇ ਹਿੰਦੁਸਤਾਨ ਦੀ ਜਨਤਾ ਨੂੰ ਇਸਲਾਮ ਦੇ ਦਾਇਰੇ ਅੰਦਰ ਲਿਆਉਣ ਦੀ ਵਿਉਂਤਬੰਦੀ ਨੂੰ ਪੂਰੀ ਤਰ੍ਹਾਂ ਅਸਫ਼ਲ ਹੋ ਗਈ.

ਹਾਲਾਂਕਿ ਗੁਰੂ ਜੀ ਨੇ ਸ਼ਹਾਦਤ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀ ਸੀ, ਪਰ ਫ਼ੇਰ ਵੀ ਉੱਚ ਤਬਕੇ ਨਾਲ ਸੰਬੰਧਿਤ ਹਿੰਦੂ ਅਗਾਊਂ ਭਵਿੱਖ ਵਿਚ ਵੀ ਸਿੱਖ ਧਰਮ ਨਾਲ ਖਾਰ ਖਾਂਦੇ ਰਹੇ. ਸੰਤੋਖ ਸਿੰਘ ਦੇ ਲਿਖਣ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਫਿੱਕਾ ਕਰਨ ਲਈ ਕਸ਼ਮੀਰੀ ਪੰਡਤਾਂ 'ਚੋਂ ਕਿਸੇ ਇਕ ਨੇ ਇਹ ਕਾਰਜ ਸ਼ਿਵਜੀ ਵੱਲੋਂ ਪੂਰਵ ਨਿਰਧਾਰਿਤ ਕੀਤਾ ਦੱਸਿਆ. ਦੂਸਰਾ ਉਸ ਸਮੇਂ ਦੌਰਾਨ ਸੁੱਚਾ ਨੰਦ ਵਰਗੇ ਕਿੰਨੇ ਹੀ ਹੋਰ ਹਿੰਦੂ ਵਜ਼ੀਰ ਜੋ ਉੱਚ ਅਹੁਦਿਆਂ ਤੇ ਬਿਰਾਜਮਾਨ ਸਨ, ਬਾਈਧਾਰ ਦੇ ਪਹਾੜੀ ਰਾਜੇ ਭਵਿੱਖ ਵਿਚ ਗੁਰੂ ਘਰ ਨਾਲ ਖਾਰ ਖਾਂਦੇ ਰਹੇ ਅਤੇ ਹਮੇਸ਼ਾ ਗੁਰੂ ਘਰ ਦੇ ਵਿਰੁੱਧ ਹੀ ਭੁਗਤੇ. ਉਸ ਤੋਂ ਪਹਿਲਾਂ ਭੂਤਕਾਲ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੇਲੇ ਚੰਦੂ ਇਸ ਦੀ ਪ੍ਰਤੱਖ ਉਦਾਹਰਨ ਹੋ ਨਿਬੜਿਆ ਸੀ. ਪਰ ਨਾਲ ਅਜਿਹੇ ਕੋਝੇ ਯਤਨਾਂ ਦੇ ਬਾਵਜੂਦ ਆਮ ਹਿੰਦੂ ਤਬਕੇ ਅੰਦਰ ਗੁਰੂ ਤੇਗ਼ ਬਹਾਦਰ ਜੀ ਦਾ 'ਹਿੰਦ ਦੀ ਚਾਦਰ' ਦੇ ਰੂਪ ਵਿਚ ਜਾਂ ਤਿਲਕ ਜੰਞੂ ਦੇ ਰਾਖੇ ਵਜੋਂ ਸਥਾਪਿਤ ਹੋਣਾ ਆਪਣੇ ਆਪ ਵਿਚ ਇਕ ਖਰੀ ਇਤਿਹਾਸਕ ਗਵਾਹੀ ਹੋ ਨਿੱਬੜਦਾ ਹੈ. ਇਸ ਤਰ੍ਹਾਂ ਜਿੱਥੇ ਗੁਰੂ ਸਾਹਿਬ ਦੀ ਸ਼ਹਾਦਤ ਨੇ ਆਮ ਹਿੰਦੂ ਸਿੱਖਾਂ ਦੀ ਭਾਈਚਾਰਕ ਸਾਂਝ ਨੂੰ ਵੀ ਮਜ਼ਬੂਤ

---

[18] ਪਿਆਰਾ ਸਿੰਘ ਪਦਮ, *ਗੁਰੂ ਤੇਗ ਬਹਾਦਰ ਸਿਮਰੀਐ,* ਬਖ਼ਸ਼ੀ ਪ੍ਰਿੰਟਰਜ਼, ਪਟਿਆਲਾ, 1986, ਪੰਨਾ 39.

ਕੀਤਾ, ਉਥੇ ਨਾਲ ਹੀ ਵੱਡੀ ਗਿਣਤੀ ਵਿਚ ਹਿੰਦੂ ਭਾਈਚਾਰਾ ਖਾਸ ਕਰ ਕੇ ਕਸ਼ਮੀਰੀ ਪੰਡਤ ਅੰਮ੍ਰਿਤ ਛਕ ਕੇ ਸਿੱਖ ਧਰਮ ਦਾ ਹਿੱਸਾ ਬਣੇ. ਪੰਡਤ ਕਿਰਪਾ ਰਾਮ ਦੱਤ ਇਸ ਸਾਂਝ ਦੀ ਸਦੀਵੀ ਉਦਾਹਰਣ ਹੋ ਨਿਬੜਿਆ. ਉਹ ਖ਼ਾਲਸਾ ਸਾਜਨਾ ਮੌਕੇ ਸਿੰਘ ਸਜ ਕੇ ਕਿਰਪਾ ਸਿੰਘ ਬਣਿਆ ਅਤੇ ਚਮਕੌਰ ਦੀ ਲੜਾਈ ਵਿਚ ਉਸ ਨੇ ਮੁਗਲਾਂ ਖਿਲਾਫ਼ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ.[19]

ਉਪਰੋਕਤ ਅਧਿਐਨ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਵੱਲੋਂ ਮਨੁੱਖਤਾ ਦੀ ਰਾਖੀ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਆਪਣੀ ਸ਼ਹਾਦਤ ਦੇਣ ਦੇ ਕੀਤੇ ਪ੍ਰਣ ਦੇ ਤੱਤਪ੍ਰਭਾਵ ਹੀ ਕਈ ਬਦਲਾਅ ਸਾਹਮਣੇ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ. ਅਸਲ ਵਿਚ ਗੁਰੂ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਸਾਂਝੀਵਾਲਤਾ ਦੇ ਸੰਦੇਸ਼ ਦੇ ਨਾਲ ਨਾਲ ਲੋਕਾਂ ਨੂੰ ਇਕਜੁੱਟ ਹੋਣ ਅਤੇ ਜ਼ੁਲਮ ਦੇ ਖਿਲਾਫ਼ ਖੜ੍ਹੇ ਹੋਣ ਲਈ ਵੀ ਪ੍ਰੇਰਿਤ ਕੀਤਾ. ਇਸ ਦੀ ਪਹਿਲੀ ਬੇਮਿਸਾਲ ਉਦਾਹਰਣ ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੁਆਰਾ ਗੁਰੂ ਸਾਹਿਬ ਦੇ ਨਾਲ ਸ਼ਹੀਦ ਹੋਣਾ ਹਨ. ਭਾਈ ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ ਗੁਰੂ ਜੀ ਦੀ ਦੇਹ ਨੂੰ ਟੋਟੇ ਕਰ ਕੇ ਦਿੱਲੀ ਸ਼ਹਿਰ ਦੇ ਮੁੱਖ ਦਰਵਾਜ਼ਿਆਂ 'ਤੇ ਲਟਕਾਉਣ ਦੇ ਸ਼ਾਹੀ ਫ਼ੁਰਮਾਨ ਦੇ ਬਾਵਜੂਦ ਅਤੇ ਸਖ਼ਤ ਪਹਿਰੇ ਦੇ ਹੁੰਦਿਆਂ ਬੇਖ਼ੌਫ਼ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਚੁੱਕ ਕੇ ਲੈ ਜਾਣਾ ਵੀ ਇਹ ਸਾਬਿਤ ਕਰਦਾ ਹੈ ਕਿ ਗੁਰੂ ਜੀ ਆਮ ਲੋਕਾਂ ਤੇ ਸਿੱਖਾਂ ਵਿਚ ਬਦਲਾਅ ਲਿਆਉਣ ਦਾ ਕਾਰਜ ਪਹਿਲਾਂ ਹੀ ਸ਼ੁਰੂ ਕਰ ਚੁੱਕੇ ਸਨ, ਜਿਸ ਦਾ ਅਸਰ ਦਿੱਖਣਾ ਆਰੰਭ ਹੋ ਚੁੱਕਿਆ ਸੀ.

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੱਕ ਸਿੱਖਾਂ ਅਤੇ ਮੁਗਲਾਂ ਦੇ ਆਪਸੀ ਸਬੰਧ ਤਕਰੀਬਨ ਸ਼ਾਂਤੀਪੂਰਵਕ ਰਹੇ. ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਮੁਗ਼ਲਾਂ ਤੇ ਸਿੱਖਾਂ ਵਿਚਕਾਰ ਟਕਰਾਅ ਹੋਣਾ ਨਿਸ਼ਚਿਤ ਕਰ ਦਿੱਤਾ. ਇਸ ਸ਼ਹਾਦਤ ਦਾ ਅਸਰ ਗੁਰੂ ਜੀ ਦੇ ਪਰਿਵਾਰ ਅਤੇ ਸਿੱਖ ਸੰਗਤਾਂ ਵਿਚ ਅਗਾਉਂ ਕਈ ਦਹਾਕਿਆਂ ਤੱਕ ਦੇਖਣ ਨੂੰ ਮਿਲਿਆ. ਗੁਰੂ ਤੇਗ਼ ਬਹਾਦਰ ਜੀ ਨੇ ਸਿੱਖਾਂ ਨੂੰ ਅਜਿਹੀ ਦਿਸ਼ਾ ਪ੍ਰਦਾਨ ਕੀਤੀ ਕਿ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅਤੇ ਆਪਣਾ ਸਾਰਾ ਪਰਿਵਾਰ ਪੰਥ ਦੇ ਲੇਖੇ ਲਾ ਦਿੱਤਾ. ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਬਾਬਾ ਦੀਪ ਸਿੰਘ

[19] ਸਰੂਪ ਸਿੰਘ ਕੌਸ਼ਿਸ਼, *ਉ. ਰ.,* ਪੰਨਾ 78.

ਵਰਗੇ ਅਨੇਕਾਂ ਹੀ ਹੋਰ ਸਿੰਘਾਂ ਦੀਆਂ ਉਦਾਹਰਨਾਂ ਮਿਲਦੀਆਂ ਹਨ, ਜਿਨ੍ਹਾਂ ਨੇ ਪੰਜਵੇ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਜੀ ਦੇ ਨਕਸ਼ ਕਦਮਾਂ ‘ਤੇ ਚੱਲਦੇ ਹੋਏ ਨੌਵੇਂ ਪਾਤਸ਼ਾਹ ਵੱਲੋਂ ਮੁੜ ਸ਼ੁਰੂ ਕੀਤੇ ਸ਼ਹਾਦਤ ਦੇ ਸਫ਼ਰ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਗੁਰੂ ਸਾਹਿਬਾਨ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਮਘਾਈ ਚਿਣਗ ਨੂੰ ਕਦੇ ਬੁਝਣ ਨਹੀਂ ਦਿੱਤਾ.

ਖ਼ਾਲਸਾ ਪੰਥ ਦੀ ਸਾਜਨਾ ਵੀ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਵਿੱਚੋਂ ਹੀ ਉਪਜੇ ਰੋਹ ਦਾ ਨਤੀਜਾ ਮੰਨ ਲਈ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ. ਜੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ‘ਤੇ ਪੰਛੀ ਝਾਤ ਮਾਰੀਏ ਤਾਂ ਮਾਲੂਮ ਪੈਂਦਾ ਹੈ ਕਿ ਉਨ੍ਹਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਅਤੇ ਦੇਸ਼-ਦੇਸ਼ਾਂਤਰ ਦੀਆਂ ਸਿੱਖ ਸੰਗਤਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਸਮਾਂ ਹੀ ਨਹੀਂ ਮਿਲਿਆ, ਕਿਉਂ ਜੋ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਇਕ ਤਾਂ ਮੁਗਲਾਂ ਨਾਲ ਹਾਲਾਤ ਟਕਰਾਅਪੂਰਨ ਬਣ ਗਏ ਸਨ. ਦੂਸਰਾ ਗੁਰਗੱਦੀ ਦਾ ਦਾਰੋਮਦਾਰ ਇੱਕੋ ਦਮ ਦਸਮੇਸ਼ ਪਿਤਾ ਜੀ ਉੱਪਰ ਆ ਗਿਆ ਸੀ ਤੇ ਤੀਜਾ ਪ੍ਰਸਥਿਤੀਆਂ ਬਹੁਤ ਤੇਜੀ ਨਾਲ ਬਦਲ ਰਹੀਆਂ ਸਨ, ਜਿਨ੍ਹਾਂ ਦਾ ਟਾਕਰਾ ਕਰਨ ਲਈ ਗੁਰੂ ਸਾਹਿਬ ਅਗਾਊਂ ਤਿਆਰੀਆਂ ਵਿਚ ਰੁੱਝ ਗਏ. ਖੋਜ ਪੜਤਾਲ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਕੋਲ ਆਨੰਦਪੁਰ ਸੰਗਤਾਂ ਦੇ ਰੂਪ ਵਿਚ ਜ਼ਿਆਦਾਤਰ ਉਨ੍ਹਾਂ ਇਲਾਕਿਆਂ ਦੀ ਸਿੱਖ ਸੰਗਤ ਹੀ ਅੱਪੜਦੀ ਰਹੀ, ਜਿੱਥੇ ਪਹਿਲਾਂ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਗਏ. ਇਸ ਲਈ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਦੱਬੇ ਕੁਚਲੇ ਲੋਕਾਂ ਨੂੰ ਇਕ ਮੁੱਠ ਕਰਨ ਦਾ ਉਪਰਾਲਾ ਨੌਵੇਂ ਪਾਤਸ਼ਾਹ ਵੱਲੋਂ ਹੀ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਇਹੀ ਲੋਕ ਖ਼ਾਲਸਾ ਪੰਥ ਦੀ ਸਾਜਨਾ ਮੌਕੇ ਸਿੰਘ ਸਜ ਕੇ ਸਮੇਂ ਦੀਆਂ ਜ਼ਾਲਮ ਸਲਤਨਤਾਂ ਨੂੰ ਟੱਕਰ ਦੇਣ ਦੇ ਯੋਗ ਬਣੇ.

ਗੁਰੂ ਜੀ ਦੀ ਸ਼ਹਾਦਤ ਨੇ ਹਰੇਕ ਮਨੁੱਖ ਨੂੰ ਜੀਵਨ ਦੇ ਹਰੇਕ ਖੇਤਰ ਵਿਚ ਨਿਰਭਰ ਹੋ ਕੇ ਜਿਊਣ ਦਾ ਅਤੇ ਨਾਲ ਹੀ ਦੂਜਿਆਂ ਦੀ ਰਾਖੀ ਕਰਨ ਦੀ ਪ੍ਰੇਰਿਤ ਕੀਤਾ. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਪੈਦਾ ਹੋਏ ਲੋਕ ਰੋਹ ਨੂੰ ਹੀ ਯੋਜਨਾਬੱਧ ਤਰੀਕੇ ਨਾਲ ਸੰਗਠਿਤ ਕਰ ਕੇ ਦਸਮ ਪਿਤਾ ਨੇ ਅਨੇਕਾਂ ਲੜਾਈਆਂ ਵਿਚ ਮੁਗ਼ਲ ਸੈਨਾ ਨੂੰ ਸ਼ਿਕਸਤ ਦਿੱਤੀ. ਬਾਅਦ ਵਿਚ ਇਸੇ ਲੋਕ ਰੋਹ ਦੀ ਸੁਚੱਜੀ ਵਰਤੋਂ ਦੀ ਬਦੌਲਤ ਬਾਬਾ ਬੰਦਾ ਸਿੰਘ ਬਹਾਦਰ ਦੇ ਅਧੀਨ ਸਿੱਖ ਆਪਣਾ ਸੁਤੰਤਰ ਰਾਜ ਕਾਇਮ ਕਰਨ ਸਫ਼ਲ ਹੋਏ.

ਗੁਰੂ ਜੀ ਦੀ ਸ਼ਹੀਦੀ ਨੇ ਲੋਕਾਂ ਵਿਚ ਆਪਣੇ ਹੱਕਾਂ ਲਈ ਲੜਨ ਦਾ ਜਜ਼ਬਾ ਪੈਦਾ ਕੀਤਾ. ਰਤਨ ਸਿੰਘ ਭੰਗੂ ਬਿਲਕੁਲ ਸਹੀ ਲਿਖਦਾ ਹੈ ਕਿ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਨੇ ਮੁਗਲ ਤਾਕਤ ਅਤੇ ਸਾਮਰਾਜ ਦੋਨਾਂ ਨੂੰ ਹੀ ਕਮਜ਼ੋਰ ਕਰ ਦਿੱਤਾ.[20] ਮੁਗ਼ਲ ਸਾਮਰਾਜ ਖ਼ਿਲਾਫ਼ ਦੇਸ਼ ਦੇ ਵੱਖ ਵੱਖ ਇਲਾਕਿਆਂ ਵਿਚ ਬਗਾਵਤਾਂ ਉੱਠਣੀਆਂ ਸ਼ੁਰੂ ਹੋ ਗਈਆਂ. ਦੱਖਣ ਵਿਚ ਮਰਾਠੇ, ਮੱਧ ਭਾਰਤ ਵਿਚ ਰੁਹੇਲੇ ਤੇ ਪਿੰਡਾਰੀ ਅਤੇ ਉੱਤਰੀ ਹਿੰਦੁਸਤਾਨ ਦਾ ਗੰਗਾ ਯਮਨਾ ਦੁਆਬ ਦੇ ਇਲਾਕੇ ਤੋਂ ਲੈ ਕੇ ਸਿੰਧ ਦਰਿਆ ਤੱਕ ਦਾ ਸਾਰਾ ਇਲਾਕਾ ਬੰਦਾ ਸਿੰਘ ਬਹਾਦਰ ਦੀ ਕਮਾਂਡ ਹੇਠ ਸਿੱਖਾਂ ਨੇ ਮੁਗ਼ਲਾਂ ਕੋਲੋਂ ਖੋਹ ਲਿਆ.

ਉਪਰੋਕਤ ਅਧਿਐਨ ਦੇ ਨਿਚੋੜ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਤੋਂ ਬਾਅਦ ਸਮਾਜ ਦੀ ਦਸ਼ਾ ਅਤੇ ਦਿਸ਼ਾ ਵਿਚ ਆਏ ਬਦਲਾਅ ਦਾ ਨਤੀਜਾ ਉਨ੍ਹਾਂ ਦੀ ਸ਼ਹਾਦਤ ਉਪਰੰਤ ਮੁਗਲ ਸਲਤਨਤ ਦੇ ਨਕਸ਼ਿਆਂ ਵਿਚ ਸ਼ੁਰੂ ਹੋਏ ਬਦਲਾਅ ਤੋਂ ਭਲੀ ਭਾਂਤ ਲਗਾਇਆ ਜਾ ਸਕਦਾ ਹੈ, ਜੋ ਜਿਉਂ ਹੀ ਸੁੰਗੜਨੇ ਸ਼ੁਰੂ ਹੋਏ, ਦੁਬਾਰਾ ਫ਼ੈਲਣ ਦੀ ਸਥਿਤੀ ਵਿਚ ਹੀ ਨਹੀਂ ਆ ਸਕੇ. ਇਸ ਕੁਰਬਾਨੀ ਨਾਲ ਭਾਰਤੀ ਸਮਾਜ ਨੂੰ ਇਕ ਨਵੀਂ ਦਿਸ਼ਾ ਅਤੇ ਦਸ਼ਾ ਦਿੰਦਿਆਂ ਸਦੀਆਂ ਤੋਂ ਗੂੜ੍ਹੀ ਨੀਂਦੇ ਸੁੱਤੀ ਪਈ ਮਨੁੱਖਤਾ ਵਿਚ ਨਵੀਂ ਰੂਹ ਫੂਕੀ. ਜੋ ਲੋਕ ਸਦੀਆਂ ਤੋਂ ਗੁਲਾਮੀ ਦੇ ਜੂਲੇ ਹੇਠ ਸਿਰ ਸੁੱਟ ਕੇ ਜੁੜੇ ਹੋਏ ਸਨ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਉਨ੍ਹਾਂ ਦੱਬੇ ਕੁਚਲੇ ਤੇ ਲਤਾੜੇ ਜਾ ਰਹੇ ਲੋਕਾਂ ਵਿਚ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਜੋਸ਼ ਅਤੇ ਜਜ਼ਬਾ ਪੈਦਾ ਕੀਤਾ. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਦਕਾ ਪੈਦਾ ਹੋਏ ਜੋਸ਼ ਅਤੇ ਜਜ਼ਬੇ ਕਾਰਨ ਹੀ ਇਹ ਲੋਕ ਇਕਮੁੱਠ ਹੋ ਕੇ ਮੁੱਠੀ ਭਰ ਸਾਧਨਾਂ ਦੇ ਬਾਵਜੂਦ ਵੀ ਆਪਣੇ ਸਮੇਂ ਦੀ ਸਭ ਤੋਂ ਤਾਕਤਵਰ ਮੁਗਲ ਸਲਤਨਤ ਦੀਆਂ ਜੜ੍ਹਾਂ ਪੁੱਟਣ ਵਿਚ ਕਾਮਯਾਬ ਹੋਏ. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਛੱਤਰ ਛਾਇਆ ਹੇਠ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਅਜਿਹੀ ਕੌਮ ਪੈਦਾ ਕੀਤੀ, ਜਿਨ੍ਹਾਂ ਦੇ ਸਿਦਕ, ਸਿਰੜ ਬਹਾਦਰੀ, ਸੂਰਬੀਰਤਾ ਤੇ ਸ਼ਹਾਦਤਾਂ ਦਾ ਅੱਜ ਤੱਕ ਕੋਈ ਸਾਨੀ ਨਹੀਂ ਹੋ ਸਕਿਆ.

***

[20] ਰਤਨ ਸਿੰਘ ਭੰਗੂ, *ਉ. ਹ.,* ਪੰਨਾ 29.

# ਸ਼ਿਵ ਕੁਮਾਰ ਬਟਾਲਵੀ: ਲੋਕ ਕਿੱਤਿਆਂ ਦਾ ਕਾਵਿ ਰੂਪਾਂਤਰਨ

ਸੰਦੀਪ ਕੁਮਾਰ ਸਾਂਪਲਾ

ਸੰਪਰਕ: 7696748526

ਕਲਾ ਵਿਸ਼ਵ ਵਿਆਪੀ ਹੁੰਦੀ ਹੋਈ ਸਭਿਆਚਾਰਕ ਪ੍ਰੰਪਰਾ ਵਿਚੋਂ ਆਪਣੀਆਂ ਨਵੀਆਂ ਦਿਸ਼ਾਵਾਂ ਨੂੰ ਤਲਾਸ਼ਦੀ ਰਹਿੰਦੀ ਹੈ, ਗਿਆਨਮਈ ਅਨੁਭਵ ਹੀ ਕਲਾ ਨੂੰ ਸਿਖਰ ਹਾਸਿਲ ਕਰਵਾਉਣ ਵਿਚ ਸਹਾਈ ਹੁੰਦਾ ਹੈ. ਕਲਾ ਸਭਿਆਚਾਰ ਦਾ ਅਹਿਮ ਅੰਗ ਹੁੰਦਾ ਹੈ, ਜਿਸ ਕਾਰਨ ਕਲਾ ਦਾ ਦਾਇਰਾ ਬਹੁਤਾ ਵਿਸ਼ਾਲ ਹੋ ਜਾਂਦਾ ਹੈ. ਕਲਾ ਆਪਣੇ-ਆਪ ਵਿਚ ਉਹ ਵਿਸ਼ਾਲ ਸਾਗਰ ਹੈ. ਜਿਸ ਵਿਚ ਗਿਆਨ, ਅਨੁਭਵ ਅਤੇ ਲਲਿਤ ਕਲਾਵਾਂ ਦੇ ਛੋਟੇ ਮੋਟੇ ਚਸ਼ਮੇਂ, ਸਾਗਰ ਆ ਕੇ ਸਮਾਂ ਜਾਂਦੇ ਹਨ.

ਲੋਕ ਕਲਾਵਾਂ ਦੀ ਸ਼੍ਰੇਣੀ ਵਿਚ ਲੋਕ ਕਿੱਤੇ/ਧੰਦੇ, ਲੋਕ-ਸੰਗੀਤ, ਲੋਕ-ਨਾਟ, ਲੋਕ-ਨਾਚ, ਚਿੱਤਰਕਾਰੀ, ਮੂਰਤੀਕਾਰ/ਸ਼ਿਲਪਕਾਰੀ, ਇਮਾਰਤ ਸਾਜ਼ੀ ਆਦਿ ਕਲਾਵਾਂ ਆ ਜਾਂਦੀਆਂ ਹਨ. ਲੋਕ ਕਲਾ ਲੋਕਧਾਰਾ ਦੀ ਹੀ ਦੇਣ ਹੁੰਦੀ ਹੈ. ਜੇਕਰ ਕਿਸੇ ਖੇਤਰ ਦੇ ਸਭਿਅਚਾਰ ਨੂੰ ਜਾਣਨਾ ਜਾਂ ਪਹਿਚਾਨਣਾ ਹੋਵੇ ਤਾਂ ਉਸ ਖੇਤਰ ਦੀ ਲੋਕਧਾਰਾ ਨੂੰ ਪਹਿਲਾਂ ਵਾਚਿਆ ਜਾਂਦਾ ਹੈ, ਕਿਉਂਕਿ ਲੋਕਧਾਰਾ ਸਭਿਆਚਾਰ ਦਾ ਹੀ ਪ੍ਰੈਕਟੀਕਲ ਰੂਪ ਹੁੰਦਾ ਹੈ. ਲੋਕਧਾਰਾ ਹੀ ਸਭਿਆਚਾਰ ਨੂੰ ਸਮਝਾਉਣ ਵਿਚ ਸਹਾਈ ਹੁੰਦੀ ਹੈ. ਲੋਕਧਾਰਾ ਅਜਿਹਾ ਵਰਤਾਰਾ ਹੁੰਦਾ ਹੈ. ਜਿਸ ਦੇ ਅੰਤਰਗਤ ਸਭਿਆਚਾਰ ਸਮਾਇਆ ਹੁੰਦਾ ਹੈ. ਲੋਕ ਕਿੱਤੇ ਦੀ ਵੰਨਗੀ ਅਧੀਨ ਲੁਹਾਰ, ਤਰਖਾਣ, ਠਠਿਆਰ, ਸੁਨਿਆਰ, ਸਲਾਈ-ਕਢਾਈ, ਰੰਗ-ਸਾਜ਼, ਬਾਜ਼ੀਗਰ, ਆਜੜੀ/ਅਯਾਲੀ, ਟੱਪਰੀਵਾਸ ਆਦਿ ਆਪਣੇ ਪਰੰਪਰਾਗਤ ਕਿੱਤਿਆਂ ਨੂੰ ਅਪਣਾਉਂਦੇ ਹਨ. ਇਸ ਸਮੱਗਰੀ ਤੋਂ ਬਿਨਾਂ ਲੋਕ ਮਨੋਰੰਜਨ ਲੋਕ ਸਾਜ਼ ਆਦਿ ਲੋਕਧਾਰਾ ਦੀ ਸਮੱਗਰੀ ਹੈ.[1]

ਲੋਕ ਧੰਦੇ ਤੇ ਲੋਕ ਕਿੱਤੇ ਸਮਾਨਅਰਥਕ ਸ਼ਬਦ ਹੈ. ਕਿੱਤਾ ਸ਼ਬਦ ਕਿਰਤ ਦਾ ਹੀ ਸੰਖੇਪ ਰੂਪ ਹੈ. ਕਿਰਤ ਤੋਂ ਭਾਵ ਉਹ ਕਿੱਤਾ ਜਿਹੜਾ ਲੋਕ ਆਪਣੀ ਹੱਥੀਂ ਆਪਣੀ ਰੋਜ਼ੀ ਰੋਟੀ ਕਮਾਉਣ, ਵਿਅਕਤੀਗਤ ਜ਼ਿੰਦਗੀ ਜਿਊਣ, ਆਰਥਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਅਤੇ ਅਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਅਪਣਾਉਂਦੇ ਹਨ. ਉਸ ਨੂੰ ਲੋਕ ਕਿੱਤਾ ਕਿਹਾ ਜਾਂਦਾ ਹੈ. ਪੰਜਾਬੀਆਂ ਦੇ ਸੁਭਾਅ ਵਿਚ ਮੁੱਢ ਤੋਂ ਹੀ ਇਹ ਰਿਹਾ ਹੈ, ਕਿ ਇਹ ਕਿੱਤਿਆਂ ਤੋਂ ਕਦੀ ਘਬਰਾਉਂਦੇ ਨਹੀਂ ਤੇ ਆਪਣਾ ਕੰਮ ਆਪਣੇ ਹੱਥੀਂ ਕਰਦੇ ਹਨ. ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੀ ਬਾਣੀ ਵਿਚ ਕਹਿ ਗਏ ਸਨ ਕਿ ਆਪਣੇ ਹੱਥੀਂ ਆਪਣੇ ਕਾਜ਼ ਆਪ ਸੁਆਰਨੇ ਚਾਹੀਦੇ ਹਨ. ਕਿਸੇ ਤੇ ਵੀ ਬੋਝ ਨਹੀਂ ਬਣਨਾ ਚਾਹੀਦਾ. ਮਨੁੱਖੀ ਪ੍ਰਾਣੀ

ਮੁੱਢ ਤੋਂ ਲੈ ਕੇ ਅੰਤਿਮ ਸਮੇਂ ਤੱਕ ਆਪਣੇ ਹੱਥੀਂ ਕਿਸੇ ਨਾ ਕਿਸੇ ਧੰਦੇ ਵਿਚ ਰੁੱਝਿਆ ਰਹਿੰਦਾ ਹੈ, ਪਰ ਉਸ ਦੁਆਰਾ ਕੀਤੇ ਗਏ ਸਾਰੇ ਕਿੱਤਿਆਂ ਨੂੰ ਲੋਕ ਕਿੱਤੇ ਨਹੀਂ ਕਿਹਾ ਜਾ ਸਕਦਾ. ਆਧੁਨਿਕਰਨ ਯੁੱਗ ਵਿਚ ਮਨੁੱਖ ਦੁਆਰਾ ਮਸ਼ੀਨਾਂ 'ਤੇ ਕੀਤੇ ਗਏ ਕਾਰਜ ਨੂੰ ਲੋਕ ਕਿੱਤੇ ਨਹੀਂ ਕਿਹਾ ਜਾ ਸਕਦਾ. ਲੋਕ ਕਿੱਤੇ ਸ਼ਬਦ ਨੇ ਆਪਣੇ ਅਰਥਾਂ ਨੂੰ ਰੂੜ ਕਰ ਲਿਆ ਹੈ ਤੇ ਇਸ ਦੇ ਅਰਥਾਂ ਨੂੰ ਸਪਸ਼ਟ ਕਰ ਦਿੱਤਾ ਹੈ, ਕਿ ਲੋਕ ਕਿੱਤੇ ਉਹ ਕਿੱਤੇ ਹਨ, ਜਿਨ੍ਹਾਂ ਵਿਚ ਮਸ਼ੀਨੀਕਰਨ ਜਾਂ ਮਸ਼ੀਨੀ ਸੰਦਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ, ਸਗੋਂ ਉਨ੍ਹਾਂ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ. ਜੋ ਹੱਥੀਂ ਲੋਕ ਕਿੱਤੇ ਅਨੁਸਾਰ ਘੜੇ ਜਾਂਦੇ ਹਨ. ਇਨ੍ਹਾਂ ਸੰਦਾਂ ਦੀ ਵਰਤੋਂ ਵੀ ਬਹੁਤ ਸੀਮਤ ਹੁੰਦੀ ਹੈ ਅਤੇ ਇਨ੍ਹਾਂ ਸੰਦਾਂ ਨਾਲ ਮਨੁੱਖੀ ਊਰਜਾ ਘੱਟ ਖਰਚ ਹੁੰਦੀ ਹੈ.

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ. ਇਸੇ ਲਈ ਪੰਜਾਬੀ ਲੋਕ ਬਹੁਤ ਘੱਟ ਪੜ੍ਹਦੇ ਲਿਖਦੇ ਹਨ ਅਤੇ ਵੱਧ ਤੋਂ ਵੱਧ ਕਿੱਤਿਆਂ ਨਾਲ ਜੁੜਦੇ ਹਨ ਤੇ ਇਨ੍ਹਾਂ ਕਿੱਤਿਆਂ ਨੂੰ ਹੀ ਆਪਣੀ ਉਪਜੀਵਕਾ ਦਾ ਸਾਧਾਨ ਬਣਾਉਂਦੇ ਹਨ. ਰੋਟੀ, ਕੱਪੜਾ, ਮਕਾਨ, ਮਨੁੱਖ ਦੀਆਂ ਮੁੱਢਲੀਆਂ ਤੇ ਬੁਨਿਆਦੀ ਲੋੜਾਂ ਹਨ. ਇਹਨਾਂ ਦੀ ਪੂਰਤੀ ਲਈ ਉਸ ਨੂੰ ਕੋਈ ਨਾ ਕੋਈ ਧੰਦਾ ਕਰਨਾ ਪੈਂਦਾ ਹੈ ਤੇ ਧਨ ਦੀ ਪ੍ਰਾਪਤੀ ਹਰ ਕਾਰਜ ਤੋਂ ਹੁੰਦੀ ਹੈ, ਜਿਵੇਂ ਕਲਾਕਾਰ, ਐਕਟਰ, ਡਾਕਟਰ, ਵਕੀਲ, ਬਿਜਨੈੱਸ ਕੰਪਨੀਆਂ, ਪਾਇਲਟ, ਡਰਾਇਵਰ, ਸਿਨੇਮਾਂ ਉਪਰੇਟਰ ਆਦਿ ਕੰਮ ਤੋਂ ਧੰਨ ਦੀ ਪ੍ਰਾਪਤੀ ਹੁੰਦੀ ਹੈ. ਜਦੋਂ ਕਿੱਤਾ ਸ਼ਬਦ ਦੇ ਨਾਲ ਲੋਕ ਸ਼ਬਦ ਆ ਜੁੜ ਜਾਂਦਾ ਹੈ ਤਾਂ ਇਹ ਲੋਕ ਕਿੱਤਾ ਬਣ ਆਪਣਾ ਘੇਰਾ ਸੀਮਿਤ ਕਰ ਲੈਂਦਾ ਹੈ. ਜਿਨ੍ਹਾਂ ਕਬੀਲਿਆਂ ਵਿਚ ਪ੍ਰੰਪਰਾਗਤ ਸਭਿਆਚਾਰਕ ਸਾਂਝ ਹੁੰਦੀ ਹੈ. ਉਨ੍ਹਾਂ ਦੀ ਭਾਸ਼ਾ, ਅਨੁਸ਼ਠਾਨ, ਕਿੱਤਿਆਂ ਵਿਚ ਵੀ ਸਾਂਝ ਦੇਖੀ ਜਾ ਸਕਦੀ ਹੈ. ਲੋਕ ਕਿੱਤੇ ਵਿਅਕਤੀਗਤ ਹੁੰਦੇ ਹੋਏ ਵੀ ਸਮੂਹਿਕ ਸਿਰਜਣਾ ਦਾ ਦਰਜ਼ਾ ਹਾਸਿਲ ਕਰ ਲੈਂਦੇ ਹਨ. ਕਲਾ ਤੋਂ ਕਿੱਤਾ ਹੋਂਦ ਵਿਚ ਆਉਂਦਾ ਹੈ. ਕਿੱਤੇ ਅੰਤਰਗਤ ਇਕ ਖ਼ਾਸ ਤਰ੍ਹਾਂ ਦੀ ਉਸਤਾਦੀ ਹੁੰਦੀ ਹੈ. ਜਿਹੜੀ ਹੱਥ ਦੀ ਕਲਾ ਰਾਹੀਂ ਪ੍ਰਗਟ ਹੁੰਦੀ ਹੈ. ਜਿਵੇਂ ਜਦੋਂ ਕੋਈ ਘੁਮਿਆਰ ਚੱਕ ਉੱਪਰ ਮਿੱਟੀ ਨੂੰ ਕੋਈ ਆਕਾਰ ਦੇ ਰਿਹਾ ਹੁੰਦਾ ਹੈ ਤਾਂ ਜੇਕਰ ਉਸਦਾ ਧਿਆਨ ਚੱਕ ਤੋਂ ਹੱਟ ਕੇ ਇੱਧਰ ਉੱਧਰ ਰਿਹਾ ਹੈ ਤਾਂ ਉਸਦੀ ਕਲਾ ਉਸ ਮਿੱਟੀ ਨੂੰ ਉਹੀ ਆਕਾਰ ਜਾਂ ਰੂਪ ਦੇਵੇਗੀ. ਜਿਸ ਅਕਾਰ ਦੇ ਸੰਕਲਪ ਨੂੰ ਘੁਮਿਆਰ ਨੇ ਆਪਣੇ ਮਨ ਵਿਚ ਗ੍ਰਹਿਣ ਕੀਤਾ ਹੁੰਦਾ ਹੈ.

ਲੋਕ ਕਿੱਤੇ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ. ਇਕ ਵਰਗ ਵਿਚ ਉਹ ਕਿੱਤੇ ਆਉਂਦੇ ਹਨ. ਜਿਨ੍ਹਾਂ ਵਿਚ ਸੀਮਿਤ ਸੰਦਾਂ ਦੀ ਵਰਤੋਂ ਕਰ ਹੱਥੀਂ ਕਾਰਜ ਕੀਤੇ ਜਾਂਦੇ ਹਨ, ਜਿਵੇਂ ਲੁਹਾਰ, ਤਰਖਾਣ, ਸੁਨਿਆਰ, ਚਮਿਆਰ, ਠਠਿਆਰ, ਜੁਲਾਹੇ, ਛੀਂਬੇ, ਨਾਈਂ, ਝੀਊਰ, ਦਰਜ਼ੀ ਆਦਿ ਅਤੇ ਦੂਜੇ ਵਰਗ ਵਿਚ ਉਨ੍ਹਾਂ ਕਿੱਤਿਆਂ ਨੂੰ ਰੱਖਿਆ ਜਾਂਦਾ ਹੈ. ਜਿਨ੍ਹਾਂ ਵਿਚ ਕੇਵਲ ਸਰੀਰਕ ਕਿਰਿਆਵਾਂ, ਮੁਦਰਾਵਾਂ ਨਾਲ ਇਨ੍ਹਾਂ ਕਿੱਤਿਆਂ ਨੂੰ ਆਪਣੀ ਉਪਜੀਵਕਾ ਦਾ ਸਾਧਨ

ਬਣਾਇਆ ਜਾਂਦਾ ਹੈ. ਜਿਵੇਂ ਬਾਜੀਗਰ, ਮਰਾਸੀ, ਖੁਸਰੇ, ਭੰਡ ਆਦਿ ਵੱਲੋਂ ਅਪਣਾਏ ਗਏ ਕਿੱਤੇ. ਇਹ ਕਿੱਤੇ ਖੁਸ਼ੀਆਂ ਦੇ ਨਾਲ ਜੁੜੇ ਹੁੰਦੇ ਹਨ. ਬਾਜੀਗਰ ਵੱਲੋਂ ਮੇਲਿਆਂ ਤਿਉਹਾਰਾਂ ਦੇ ਮੌਕੇ 'ਤੇ ਕਿਸੇ ਖ਼ਾਸ ਸਥਾਨ ਤੇ ਬਾਜੀਆਂ ਪਾ ਕੇ ਲੋਕਾਂ ਦਾ ਮੰਨੋਰੰਜਨ ਕੀਤਾ ਜਾਂਦਾ ਹੈ. ਭੰਡ ਮਰਾਸੀ ਹਾਸਿਆਂ ਦੀ ਪਟਾਰੀ ਹੁੰਦੇ ਹਨ. ਹਾਸਿਆਂ ਨਾਲ ਇਹ ਢਿੱਡ ਪੀੜ ਛੇੜ ਦਿੰਦੇ ਹਨ ਤੇ ਇਸੇ ਤਰ੍ਹਾਂ ਇਹ ਲੋਕਾਂ ਦਾ ਮਨੋਰੰਜਨ ਕਰਦੇ ਹਨ.

ਲੋਕ ਕਿੱਤੇ ਪੀੜ੍ਹੀ ਦਰ ਪੀੜ੍ਹੀ ਚੱਲਦੇ ਰਹਿੰਦੇ ਹਨ. ਪਹਿਲੀ ਪੀੜ੍ਹੀ ਇਸ ਹੁਨਰ ਨੂੰ ਦੂਜੀ ਪੀੜ੍ਹੀ ਨੂੰ ਬਖ਼ਸ਼ਦੀ ਹੈ. ਜਦੋਂ ਇਹ ਲੋਕ ਕਿੱਤੇ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿੰਦੇ ਹਨ ਤਾਂ ਇਹਨਾਂ ਕਿੱਤਿਆਂ ਵਿਚ ਮੁਹਾਰਤ ਹਾਸਿਲ ਕਰ ਲਈ ਜਾਂਦੀ ਹੈ, ਜੋ ਆਮ ਮਨੁੱਖ ਕਿਸੇ ਖ਼ਾਸ ਕਿੱਤੇ ਨਾਲ ਸੰਬੰਧਿਤ ਨਾ ਹੋਵੇ ਉਹ ਉਨ੍ਹੀ ਮੁਹਾਰਤ ਹਾਸਿਲ ਨਹੀਂ ਕਰ ਸਕਦਾ ਜਿਨ੍ਹੀ ਪੀੜ੍ਹੀ ਦਰ ਪੀੜ੍ਹੀ ਵਿਚੋਂ ਹਾਸਿਲ ਹੋ ਜਾਂਦੀ ਹੈ. ਜੇਕਰ ਕੋਈ ਘੁਮਿਆਰ ਸਮਾਜ ਦਾ ਮਨੁੱਖ ਤਰਖਾਣ ਜਾਂ ਕੋਈ ਹੋਰ ਲੋਕ ਕਿੱਤੇ ਨੂੰ ਅਪਣਾਉਂਦਾ ਹੈ ਤਾਂ ਉਸਦੀ ਕਲਾ ਉਨ੍ਹੀ ਨਜ਼ਰ ਨਹੀਂ ਆਵੇਗੀ. ਜਿੰਨ੍ਹੀ ਉਹ ਆਪਣੇ ਘੁਮਿਆਰ ਧੰਦੇ ਵਿਚ ਦਿਖਾ ਸਕਦਾ ਹੈ. ਸਭਿਆਚਾਰਿਕ ਵਿਰਸਾ ਮਨੁੱਖ ਆਪਣੇ ਬੁਜ਼ਰਗਾਂ ਤੋਂ ਗ੍ਰਹਿਣ ਕਰਦਾ ਹੈ. ਇਸ ਗ੍ਰਹਿਣ ਕੀਤੀ ਗਈ ਕਿਰਿਆ ਨੂੰ ਪਰੰਪਰਾ ਮੁਖੀ ਕਿਹਾ ਜਾਂਦਾ ਹੈ. ਇਸ ਪਰੰਪਰਾ ਅਧੀਨ ਗ੍ਰਹਿਣ ਕੀਤਾ ਗਿਆਨ, ਵਿਹਾਰਕ ਪ੍ਰਬੰਧ ਆਦਿ ਸਭਿਆਚਾਰ ਦਾ ਹਿੱਸਾ ਹੁੰਦਾ ਹੈ ਜਾਂ ਇਸੇ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ. ਪੰਜਾਬ ਖ਼ੁਸ਼ਹਾਲ ਸੂਬਾ ਹੋਣ ਕਾਰਨ ਇੱਥੋਂ ਦੇ ਲੋਕ ਆਪਣੇ ਘਰਾਂ ਦੀਆਂ ਕੰਧਾ ਉੱਤੇ ਚਿੱਤਰਕਾਰੀ, ਬੂਹੇ-ਬਾਰੀਆਂ ਉੱਤੇ ਨਿਕਾਸ਼ੀ ਕਰਵਾਉਂਦੇ ਹਨ. ਘੁਮਿਆਰ ਵੱਲੋਂ ਮਿੱਟੀ ਦੇ ਬਰਤਨ ਉੱਪਰ ਸਜਾਵਟ ਲਈ ਕੀਤੀ ਸ਼ਿਲਪਕਾਰੀ ਆਦਿ ਕਲਾ ਦੇ ਨਮੂਨੇ ਹਨ.ਇਹਨਾਂ ਕਲਾਵਾਂ ਵਿਚੋਂ ਹੀ ਸੁਹਜ ਨੂੰ ਪ੍ਰਾਪਤ ਕੀਤਾ ਜਾਂਦਾ ਹੈ.

ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇੱਥੇ ਦਾ ਮੁੱਖ ਕਿੱਤਾ ਖੇਤੀ ਕਰਨਾ ਹੈ, ਕਿਉਂਕਿ ਕਿੱਤੇ ਵੀ ਖਿੱਤੇ ਨਾਲ ਸੰਬੰਧਿਤ ਹੁੰਦੇ ਹਨ. ਪੰਜਾਬੀ ਕਿਸਾਨ ਆਪਣੇ ਇਸ ਕਿੱਤੇ ਨਾਲ-ਨਾਲ ਹੋਰ ਬਹੁਤ ਸਾਰੇ ਕਿੱਤਿਆ ਨੂੰ ਅਪਣਾਉਂਦੇ ਹਨ. ਕਿਸਾਨ ਫ਼ਸਲ ਬੀਜ਼ ਵਹਿਲਾ ਰਹਿੰਦਾ ਸੀ.ਇਸ ਵਹਿਲੇ ਸਮੇਂ ਦਾ ਮੁੱਲ ਪਾਉਣ ਲਈ ਉਹ ਆਪਣੇ ਘਰਾਂ ਵਿਚ ਰੱਸੀ ਵੱਟਣ, ਸੂਤ ਵੱਟਣ, ਮੰਜਾ ਬੁਣਨ, ਪੀੜੀਆਂ-ਕੁਰਸੀਆਂ ਬੁਣਨ, ਦੌਣ ਬੁਣਨ, ਟੋਕਰੇ-ਟੋਕਰੀਆਂ ਬਣਾਉਣ, ਦੇ ਕਾਰਜ ਕਰਦਾ ਰਹਿੰਦਾ ਸੀ. ਘਰਾਂ ਦੀਆਂ ਔਰਤਾਂ ਖਰੌਸ਼ੀਏ, ਸਿਰਹਾਣੇ-ਚਾਦਰਾਂ 'ਤੇ ਮੋਰ ਬੂਟੀਆਂ ਕੱਢਣ, ਦਰੀਆਂ ਖੇਸ ਬੁਣਨ, ਛਿੱਕੂ ਪਟਾਰੀ, ਛਾਬੇ ਚਟਾਈਆਂ ਬਣਾਉਂਣ ਆਦਿ ਦਾ ਕੰਮ ਕਰਦੀਆਂ ਸਨ. ਜਿਸ ਖਿੱਤੇ ਦੀ ਜਿਹੋ ਜਿਹੀ ਭੂਗੋਲਿਕ ਅਵਸਥਾ ਹੁੰਦੀ ਹੈ.ਉਸ ਦੇ ਕਿੱਤੇ ਉਸੇ ਵਾਤਾਵਰਨ ਦੇ ਅਨੁਕੂਲ ਹੁੰਦੇ ਹਨ.ਜਿਵੇਂ ਪਹਾੜੀ ਖੇਤਰ ਵਿਚ ਪੱਥਰਾਂ ਨਾਲ

ਸੰਬੰਧਿਤ ਕਿੱਤੇ ਹੁੰਦੇ ਹਨ. ਸ਼ਿਲਪ ਕਲਾ ਉੱਥੇ ਦਾ ਮੁੱਖ ਧੰਦਾ ਹੈ. ਜੰਗਲੀ ਖਿੱਤੇ ਦੇ ਮੁੱਖ ਧੰਦੇ ਲੱਕੜੀ ਨਾਲ ਸੰਬੰਧਿਤ ਹੁੰਦੇ ਹਨ. ਪੰਜਾਬ ਮੈਦਾਨੀ ਖੇਤਰ ਹੋਣ ਕਾਰਨ ਇੱਥੇ ਦਾ ਜਾਲਵਾਯੂ ਖੇਤੀ ਕਰਨ ਦੇ ਅਨੁਕੂਲ ਹੈ. ਪੰਜਾਬੀ ਵਾਸੀ ਖੇਤੀ ਹੀ ਨਹੀਂ ਬਲਕਿ ਖੇਤੀ ਨਾਲ ਸੰਬੰਧਿਤ ਬਹੁਤ ਸਾਰੇ ਸਹਾਇਕ ਕਿੱਤੇ ਵੀ ਅਪਣਾਉਂਦੇ ਹਨ. ਜਿਸ ਨਾਲ ਉਨ੍ਹਾਂ ਦੀ ਆਰਥਿਕ ਹਲਾਤਾਂ ਵਿਚ ਪਰਿਵਰਤਨ ਤੇ ਖੁਸ਼ਹਾਲੀ ਆਉਂਦੀ ਹੈ. ਇਹੀ ਕਾਰਨ ਹੈ, ਕਿ ਪੰਜਾਬ ਇਕ ਖ਼ੁਸ਼ਹਾਲ ਸੂਬਾ ਹੈ.

ਅਜੋਕੇ ਸਮੇਂ ਵਿਚ ਲੋਕ ਕਿੱਤੇ ਦੇ ਸਰੂਪ ਸੰਪੂਰਨ ਰੂਪ ਵਿਚ ਬਦਲ ਚੁੱਕੇ ਹਨ. ਜਿਨ੍ਹਾਂ ਕਿੱਤਿਆਂ ਵਿਚ ਸੀਮਿਤ ਸੰਦਾਂ ਦੀ ਵਰਤੋਂ ਕਰ ਉਪਜੀਵਕਾ ਦਾ ਸਾਧਨ ਬਣਾਇਆ ਜਾਂਦਾ ਸੀ. ਉਨ੍ਹਾਂ ਕਿੱਤਿਆਂ ਵਿਚ ਹੁਣ ਵੱਧ ਤੋਂ ਵੱਧ ਮਸ਼ੀਨੀਕਰਨ ਦਾ ਉਪਯੋਗ ਕੀਤਾ ਜਾਣ ਲੱਗ ਪਿਆ ਹੈ.ਮਸ਼ੀਨੀਕਰਨ ਦੇ ਨਾਲ ਧੰਦੇ ਸੁਖ਼ਾਲੇ ਤਾਂ ਹੋ ਗਏ ਹਨ, ਪਰ ਲੋਕ ਕਿੱਤੇ ਬਦਲ ਕੇ ਅਲੋਪ ਹੋਈ ਜਾ ਰਹੇ ਹਨ. ਮਿਸਾਲ ਵਜੋਂ ਘੁਮਿਆਰ ਆਪਣੇ ਚੱਕ ਨੂੰ ਪਹਿਲਾ ਲੰਮੀ ਲੱਠ ਨਾਲ ਘੁਮਾਉਂਦਾ ਸੀ, ਪਰ ਹੁਣ ਬਿਜਲਈ ਯੰਤਰ ਮੋਟਰ ਦਾ ਉਪਯੋਗ ਕਰਨ ਲੱਗ ਪਿਆ. ਇਸੇ ਤਰ੍ਹਾਂ ਤਰਖਾਣ, ਦਰਜ਼ੀ, ਨਾਈਂ, ਵੀ ਆਪਣੇ ਧੰਦਿਆਂ ਵਿਚ ਮਸ਼ੀਨੀਕਰਨ ਦਾ ਉਪਯੋਗ ਕਰਨ ਲੱਗ ਪਏ ਹੈ. ਤਕਨੀਕੀ ਸਮੇਂ ਨੇ ਲੋਕ ਕਿੱਤਿਆ ਦਾ ਮੁਹਾਂਦਰਾ ਮੁੱਢ ਤੋਂ ਹੀ ਬਦਲ ਕੇ ਰੱਖ ਦਿੱਤਾ ਹੈ.

ਲੋਕ ਕਿੱਤਿਆਂ ਵਿਚ ਵਰਤੀਂ ਜਾਣ ਵਾਲੀ ਸਮੱਗਰੀ/ਸੰਦਾਂ ਨੇ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਵਿਚ ਬਹੁਤਾ ਵਾਧਾ ਕੀਤਾ ਹੈ ਅਤੇ ਇਸੇ ਸ਼ਬਦਾਵਲੀ ਨੂੰ ਲੇਖਕਾਂ ਨੇ ਗ੍ਰਹਿਣ ਕਰ ਉਸ ਦਾ ਆਪਣੀ ਸਾਹਿਤਕ ਕਲਾ ਵਿਚ ਪ੍ਰਸਤੁਤੀ ਕਰਨ ਕੀਤਾ ਹੈ. ਇਹ ਸ਼ਬਦਾਵਲੀ ਹਰ ਖਿੱਤੇ ਦੇ ਕਿੱਤੇ ਉੱਤੇ ਨਿਰਭਰ ਹੁੰਦੀ ਹੈ, ਕਿਉਂਕਿ ਹਰ ਖਿੱਤੇ ਵਿਚ ਇਕ ਹੀ ਵਸਤੂ ਦੇ ਵੱਖਰੇ ਵੱਖਰੇ ਨਾਮ ਹੁੰਦੇ ਹਨ ਜਾਂ ਇਕ ਨਾਮ ਤੋਂ ਵਧੇਰੇ ਨਾਮ ਹੁੰਦੇ ਹਨ. ਇਹ ਇਸ ਕਾਰਨ ਹੈ, ਕਿਉਂਕਿ ਕਿਸੇ ਵੀ ਭਾਸ਼ਾ ਦੇ ਬਣਨ ਪਿੱਛੇ ਲੋਕ ਮਾਨਸਿਕਤਾ ਕੰਮ ਕਰ ਰਹੀ ਹੁੰਦੀ ਹੈ ਤੇ ਉਹ ਲੋਕ ਮਾਨਸਿਕਤਾ ਉਸ ਵਸਤੂ ਦਾ ਉਹੀ ਨਾਮ ਹੀ ਰੱਖਦੇ ਹਨ. ਜੋ ਉਨ੍ਹਾਂ ਦੀ ਸਮਰੀਤੀ ਵਿਚ ਰਿਹ ਜਾਣ.ਇਸੇ ਲਈ ਕਿਹਾ ਜਾਂਦਾ ਹੈ ਕਿ ਭਾਸ਼ਾ ਆਪਹੁਦਰੀ ਹੁੰਦੀ ਹੈ. ਲੇਖਕਾਂ ਨੇ ਲੋਕ ਕਿੱਤਿਆਂ ਨੂੰ ਆਪਣੇ ਰਚਨਾ ਦਾ ਵਿਸ਼ਾ ਬਣਾ ਉਸ ਦਾ ਰੂਪਾਂਤਰਨ ਕਰ ਆਪਣੀ ਰਚਨਾ ਵਿਚ ਵਿਅੰਗ ਵੀ ਕੱਸਿਆ ਹੈ ਅਤੇ ਉਨ੍ਹਾਂ ਕਿੱਤਿਆਂ ਦੀ ਵਿਸ਼ੇਸ਼ਤਾ ਨੂੰ ਵੀ ਦਰਸਾਇਆ ਹੈ. ਜਿਸ ਕਾਰਨ ਹਰ ਸਮਾਜ ਦਾ ਸਭਿਆਚਾਰ ਸਾਹਿਤ ਵਿਚ ਸਮਾਂ ਕੇ ਸਦਾ ਲਈ ਅਮਰ ਹੋ ਜਾਂਦਾ ਹੈ. ਪੰਜਾਬੀ ਦੇ ਸਿਰਮੌਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਆਪਣੀਆਂ ਕਾਵਿ ਲਿਖਤਾਂ ਵਿਚ ਆਪਣੇ ਖਿੱਤੇ ਨਾਲ ਸੰਬੰਧਿਤ ਕਿੱਤਿਆਂ ਦੇ ਸੰਦਾਂ ਦੀ ਸ਼ਬਾਦਵਲੀ ਅਤੇ ਲੋਕ ਕਿੱਤਿਆਂ ਦਾ ਪ੍ਰਯੋਗ ਕਰ ਆਪਣੇ ਵਿਚਾਰਾਂ ਦਾ ਵਿਆਖਿਆਨ ਕੀਤਾ ਹੈ. ਸਾਹਿਤ ਸਭਿਆਚਾਰ ਵਿਚ ਹੀ ਉਪਜਦਾ ਹੈ. ਜੋ

ਸਭਿਆਚਾਰ ਵਿਚ ਵਿਚਰ ਰਿਹਾ ਹੁੰਦਾ ਹੈ. ਉਸੇ ਨੂੰ ਲੇਖਕ ਆਪਣੀ ਕਲਾ ਰਾਹੀਂ ਦਰਸਾਉਂਦਾ ਹੈ. ਸ਼ਿਵ ਦੀ ਕਵਿਤਾ ਵਿਚ ਇਸ ਜੀਵਨ ਜਾਂਚ ਦਾ ਚਿਤਰਨ ਥਾਂ-ਥਾਂ ਪ੍ਰਾਪਤ ਹੋ ਜਾਂਦਾ ਹੈ. ਜਿਵੇਂ:

ਤੋੜੇ ਮਾਲ੍ਹ ਤਰੱਕਲਾ ਚਰਖੀ ਫੂਕੋ,
ਕਸਿ ਮੇਰੀ ਵੈਰਣ ਕੌਡਾਂ ਨਾਲ ਸ਼ਿੰਗਾਰੀ.[2]

ਕੀਹ ਟੇਰਾਂ ਮੈਂ ਸੂਤ ਗ਼ਮਾਂ ਦੇ ਖੱਦੇ,
ਕੀਹ ਖੋਹਲਾਂ ਮੈਂ ਗੰਢਾਂ ਪੇਚ ਪਲੱਚੀਆਂ.[3]

ਰੀਝਾਂ ਨਾਲ ਮੈਂ ਵਸਲ ਦੇ ਸੂਤ ਕੱਤੇ,
ਤੰਦਾਂ ਰਹੀਆਂ ਪਰ ਸਦਾ ਕਚੇਰੀਆਂ ਵੇ.[4]

ਬਹ ਇਕੱਲੀ ਕੱਤਦੀ ਹਜਿਰਾਂ ਦੇ ਸੂਤ,
ਗਾਂਹਦੀ ਰਹਿੰਦੀ ਰਾਤ ਦਨਿ ਯਾਦਾਂ ਦੇ ਗਾਹ.[5]

ਕਵਿਤਾ ਚੁੱਪ ਦੇ ਬਾਗੀਂ ਅਤੇ ਨੂਰਾਂ ਵਿਚ ਲੋਕ ਕਿੱਤੇ ਨਾਲ ਸਬੰਧਿਤ ਸਮੱਗਰੀ ਸੂਤ, ਚਰਖਾ, ਤਰੱਕਲਾ ਆਦਿ ਦੀ ਸਹਾਇਤਾ ਨਾਲ ਸ਼ਿਵ ਨੇ ਆਪਣੇ ਵਿਚਾਰਾਂ ਦੀ ਕੜੀ ਨੂੰ ਪਰੋਇਆ ਹੈ. ਚਰਖਾ ਕੱਤਣਾ ਔਰਤਾਂ ਦਾ ਮੁੱਖ ਲੋਕ ਕਿੱਤਾ ਹੋਇਆ ਕਰਦਾ ਸੀ. ਚਰਖੇ ’ਤੇ ਸੂਤ ਕੱਤ ਵੱਖ-ਵੱਖ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ. ਚਰਖੇ ’ਤੇ ਤਿਆਰ ਕੀਤਾ ਸੂਤ ਦਰੀਆਂ ਬੁਣਨ, ਖੇਸ ਬੁਣਨ, ਚਟਾਈਆਂ, ਚਾਦਰਾਂ ਉੱਤੇ ਚਿੱਤਰਕਾਰੀ ਕਰਨ ਵਾਸਤੇ ਵਰਤਿਆਂ ਜਾਂਦਾ ਸੀ. ਸੂਤ ਮਜ਼ਬੂਤ ਕਿਸਮ ਦਾ ਧਾਗਾ ਹੁੰਦਾ ਹੈ, ਪਰ ਸ਼ਿਵ ਆਪਣੀ ਕਲਾ ਰਾਹੀਂ ਉਸ ਨੂੰ ਆਪਣੀ ਕਵਿਤਾ ਵਿਚ ਢਾਲ ਉਸ ਦਾ ਰੂਪਾਂਤਰਨ ਕਰ ਵੱਖਰੇ ਢੰਗ ਨਾਲ ਪੇਸ਼ ਕਰਦਾ ਹੈ. ਇਸ ਸੰਕਲਪ ਦੇ ਜ਼ਰੀਏ ਸ਼ਿਵ ਰਿਸ਼ਤਿਆਂ ਨੂੰ ਨਿਭਾਉਣ ਦੀ ਕੋਸ਼ਿਸ ਕਰਦਾ ਹੈ, ਪਰ ਉਹ ਕਹਿੰਦਾ ਹੈ ਕਿ ਵਸਲ ਦੇ ਸੂਤ ਦੀਆਂ ਗੰਢਾਂ ਕੱਚੇਰੀਆਂ ਰਹਿ ਗਈਆਂ. ਜੋ ਸਮਾਜ ਦੇ ਵਿਘਨ ਨੂੰ ਦਰਸਾਉਂਦਾ ਹੈ.ਇਨ੍ਹਾਂ ਬਿੰਬਾਂ ਰਾਹੀਂ ਉਸ ਨੇ ਆਪਣੇ ਵਿਚਾਰਾਂ ਦਾ ਵਟਾਂਦਰਾ ਬੜੀ ਅਸਾਨੀ ਨਾਲ ਕਰ ਦਿੱਤਾ.

ਜਾਂ ਇਹਨਾਂ ਰਾਹਾਂ ਦੇ ਮੀਲ-ਪੱਥਰਾਂ

ਤੇ ਰੋਜ਼ ਬਰਿਹੋਂ ਦੇ ਬਾਜ਼ ਬੈਠਣ,

ਜਾਂ ਮਾਸ ਖੋਰੀ ਕੋਈ ਡਾਰ ਗਿੱਦਾਂ ਦੀ

ਹੱਡੋ-ਰੋੜੇ ਪਈ ਟਟੋਲੇ.[6]

ਹੰਝੂਆਂ ਦੀ ਛਬੀਲ ਨਜ਼ਮ ਵਿਚ ਹੱਡਾ ਰੋੜੀ ਦਾ ਜ਼ਿਕਰ ਆਇਆ ਹੈ. ਇਹ ਲੋਕ ਕਿੱਤਾ ਚਮਿਆਰ ਜਾਤੀ ਵਲੋਂ ਕੀਤਾ ਜਾਣ ਵਾਲਾ ਵਿਸ਼ੇਸ਼ ਤੇ ਮੁੱਖ ਕਿੱਤਾ ਹੁੰਦਾ ਸੀ, ਪਰ ਇਸ ਕਿੱਤੇ ਨਾਲੋਂ ਇਸ ਜਾਤੀ ਦੇ ਲੋਕ ਕੰਨ੍ਹੀ ਕਤਰਾਉਣ ਲੱਗ ਪਏ ਹਨ. ਹੱਡਾ ਰੋੜੀ ਉਹ ਅੱਡਾ ਹੁੰਦਾ ਹੈ. ਜਿੱਥੇ ਮਰੇ ਹੋਏ ਪਸ਼ੂਆਂ ਦਾ ਚੰਮ  ਲਾ ਕੇ ਉਸ ਨੂੰ ਵਰਤੋਂ ਯੋਗ ਬਣਾਇਆ ਜਾਂਦਾ ਹੈ. ਇਸ ਕੰਮ ਤੋਂ ਪਹਿਣਨ ਲਈ ਵਸਤਰ, ਬੂਟ ਆਦਿ ਚਮੜੇ ਦੀਆਂ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ. ਇਸ ਸੰਕਲਪ ਦੇ ਮਾਧਿਅਮ ਲੇਖਕ ਆਪਣੇ ਭਾਵਾਂ ਨੂੰ ਵਿਅਕਤ ਕਰਦਾ ਕਹਿ ਰਿਹਾ ਹੈ ਕਿ ਜਿਹੜੇ ਇਸ਼ਕੇ ਦੇ ਰਾਹਾਂ ’ਤੇ ਚੱਲ ਪਿਆ ਹੈ. ਉਸਦੇ ਮੀਲ ਪੱਥਰਾਂ ’ਤੇ ਬਿਰਹੋ ਦੇ ਬਾਜ਼ ਅਰਥਾਤ ਦੁੱਖ ਤਕਲੀਫਾਂ ਹੀ ਹਨ. ਪੀੜਾਂ ਉਸਦਾ ਇੰਤਜਾਰ ਕਰ ਰਹੀਆਂ ਹੁੰਦੀਆਂ ਹੈ. ਜਿਸ ਨੇ ਉਸ ਦੀ ਮੌਤ ਦਾ ਕਾਰਨ ਬਣਨਾ ਹੁੰਦਾ ਹੈ. ਉਸ ਦੀ ਮੌਤ ਪਿੱਛੋਂ ਉਸਦੇ ਮਾਸ ਨੂੰ ਇੱਲਾਂ ਗਿੱਧਾਂ ਵਲੋਂ ਨੋਚ ਨੋਚ ਖਾਇਆ ਜਾਵੇਗਾ.

ਭੱਠੀ ਵਾਲੀਏ ਚੰਬੇ ਦੀਏ ਡਾਲੀਏ

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ.

ਮੇਰੀ ਵਾਰੀ ਪੱਤਿਆਂ ਦੀ

ਪੰਡ ਸਿੱਲ੍ਹੀ ਹੋ ਗਈ

ਮਿੱਟੀ ਦੀ ਕੜਾਹੀ ਤੇਰੀ

ਕਾਹਨੂੰ ਪਿੱਲੀ ਹੋ ਗਈ

ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ .

ਤੈਨੂੰ ਦਿਆਂ ਹੰਝੂਆਂ ਦਾ ਭਾੜਾ

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ.[7]

ਪੀੜਾਂ ਦਾ ਪਰਾਗਾ ਗੀਤ ਸ਼ਿਵ ਕੁਮਾਰ ਵੱਲੋਂ ਰਚੀ ਅਜਿਹੀ ਰਚਨਾ ਹੈ. ਜਿਹੜੀ ਸਾਰੀ 'ਕੁ ਸਾਰੀ ਲੋਕ ਕਿੱਤੇ ਵਿਚ ਸਮਾਈ ਹੋਈ ਹੈ. ਇਸ ਵਿਚ ਲੋਕ ਕਿੱਤਾ ਭੱਠੀ ਵਾਲੀ ਦਾ ਜ਼ਿਕਰ ਕੀਤਾ ਗਿਆ ਹੈ. ਜੋ ਪਿੰਡ ਦੀ ਇਕ ਔਰਤ ਵੱਲੋਂ ਪਿੰਡ ਦੇ ਕਿਸੇ ਖ਼ਾਸ ਸਥਾਨ ਉੱਤੇ ਭੱਠੀ ਲਾ ਕੇ ਦਾਣੇ ਭੁੰਨਣ ਦਾ ਕਾਰਜ਼ ਕੀਤਾ ਜਾਂਦਾ ਹੈ. ਜਿਸਦੇ ਬਦਲੇ ਉਹ ਕੁੱਝ ਭਾੜਾ ਲੈਂਦੀ ਹੈ. ਇਸ ਸੰਕਲਪ ਨੂੰ ਪੰਜਾਬੀ ਕਵਿਤਾ ਵਿਚ ਰੂਪਾਂਤਰਨ ਕਰ ਸ਼ਿਵ ਇਸ ਭੱਠੀ ਵਾਲੀ ਤੋਂ ਆਪਣੇ ਦੁੱਖਾਂ ਦਾ ਪੂਰ ਭੁੰਨਵਾਉਣਾ ਚਹਿੰਦਾ ਹੈ. ਉਸਦਾ ਕਹਿਣਾ ਹੈ ਕਿ ਉਸ ਨੂੰ ਬਹੁਤ ਸਮਾਂ ਹੋ ਗਿਆ ਇਸ ਦਰਦ, ਪੀੜ ਵਿਚੋਂ ਗੁਜਰਦੇ ਨੂੰ ਹੁਣ ਇਸ ਪੀੜ ਤੋਂ ਉਹ ਕਿਨਾਰਾ ਕਰਨਾ ਚਾਹੁੰਦਾ ਹੈ. ਸ਼ਿਵ ਵੀ ਉੱਥੇ ਜਾਣਾ ਲੋਚਦਾ ਹੈ. ਜਿੱਥੇ ਉਸਦਾ ਪ੍ਰੇਮੀ ਤੁਰ ਗਿਆ. ਉਸਦੀ ਤੜਪ ਵਿਚ ਵਿਰਲਾਪ ਕਰਦੇ ਇਸ ਗੀਤ ਨੂੰ ਰਚ ਆਪਣੇ ਦਰਦ ਦਾ ਜ਼ਿਕਰ ਕੀਤਾ ਹੈ. ਇਸ ਦੁਨੀਆਂ ਨੂੰ ਅਲਵਿਦਾ ਕਿਹ ਉਹ ਇਹ ਸਭ ਪੁਆੜਾ ਮੁਕਾ ਦੇਣਾ ਚਾਹੁੰਦਾ ਹੈ. ਦਿਲ ਦੀ ਉਦਾਸੀ ਦਾ ਜ਼ਿਕਰ ਕਰਦੇ ਉਹ ਭੱਠੀ ਵਾਲੀ ਤੋਂ ਆਪਣੇ ਪੀੜਾਂ ਦਾ ਪਰਾਗਾ ਭੁੰਨਾ ਹੰਝੂਆਂ ਦਾ ਭਾੜਾ ਦੇ ਮੁਕਤੀ ਮੰਗ ਰਿਹਾ ਹੈ.ਤਾਂਕਿ ਇਸ ਤੜਪ, ਵਿਰਲਾਪ, ਬਿਰਹੋਂ ਤੋਂ ਉਹ ਆਬਾਦ ਹੋ ਸਕੇ.

ਸੱਦਿਆ ਉਸ ਨਾਮਵਰ ਇਕ ਚਿੱਤਰਕਾਰ,

ਯਾਰੜੇ ਦੀ ਓਸ ਨੂੰ ਦੱਸੀ ਨੁਹਾਰ .

ਚਿੱਤਰ ਦੋ ਇਕ ਆਪਣਾ ਇਕ ਯਾਰ ਦਾ,

ਖ਼ੂਨ ਆਪਣੇ ਨਾਲ ਕਰਵਾਏ ਤਿਆਰ .

ਕਬਰ ਪੁੱਟ ਕੇ ਚਿੱਤਰ ਦਫ਼ਨਾਏ ਗਏ,

ਨਾਲ ਦਫ਼ਨਾਏ ਗਏ ਹੰਝੂਆਂ ਦੇ ਹਾਰ.[8]

ਗ਼ਜ਼ਲ ਨੂਰਾਂ ਵਿਚ ਸ਼ਿਵ ਵੱਲੋਂ ਚਿੱਤਰਕਾਰ ਕਿੱਤੇ ਦਾ ਵਰਣਨ ਕੀਤਾ ਗਿਆ. ਚਿੱਤਰਕਾਰੀ ਕਿੱਤਾ ਪਹਿਲਾਂ ਸਮਿਆਂ ਵਿਚ ਬਹੁਤ ਪ੍ਰਚਲਿਤ ਕਿੱਤਾ ਸੀ. ਘਰਾਂ ਦੀਆਂ ਔਰਤਾਂ ਵੱਲੋਂ ਇਹ ਕਾਰਜ ਵੱਧ ਕੀਤਾ ਜਾਂਦਾ ਸੀ. ਦਰੀਆਂ-ਖੇਸ, ਚਾਦਰਾਂ, ਸਿਰਹਾਣੇਆਂ ਉੱਤੇ ਚਿੱਤਰਕਾਰੀ ਕਰਨੀ, ਘਰਾਂ ਦੀਆਂ ਬੂਹੇ-ਬਾਰੀਆਂ, ਕੰਧਾਂ ਉੱਤੇ ਚਿੱਤਰਕਾਰੀ ਕਰਨੀ ਉਨ੍ਹਾਂ ਦਾ ਸ਼ੌਕ

ਸੀ. ਇਹਨਾਂ ਸਤਰਾਂ ਵਿਚ ਸ਼ਿਵ ਕਿਹ ਰਿਹਾ ਹੈ ਕਿ ਉਸ ਨੇ ਇਕ ਮਸ਼ਹੂਰ ਚਿੱਤਰਕਾਰ ਨੂੰ ਬੁਲਾਇਆ ਤੇ ਉਸ ਨੇ ਆਪਣੇ ਪ੍ਰੇਮੀ ਦੀ ਨੁਹਾਰ ਦੱਸੀ. ਚਿੱਤਰਕਾਰ ਨੇ ਉਨ੍ਹਾਂ ਦਾ ਚਿੱਤਰ ਉਣਿਆ ਤੇ ਉਹ ਵੀ ਉਸ ਦੇ ਖ਼ੂਨ ਨਾਲ ਬਣਾਇਆ ਗਿਆ. ਅੰਤ ਉਸ ਚਿੱਤਰ ਉਸ ਨਾਲ ਹੀ ਦਫ਼ਨਾ ਦਿੱਤਾ ਗਿਆ.

ਸਾਹਿਤ ਸਭਿਆਚਾਰ ਵਿਚ ਵਿਚਰ ਕੇ ਲਿਖਿਆ ਜਾਂਦਾ ਹੈ ਜਿਸ ਕਾਰਨ ਸਭਿਆਚਾਰ ਨੂੰ ਸਾਹਿਤ ਵਿਚ ਰੂਪਾਂਤਰਨ ਕਰ ਕੇ ਦਰਸਾਇਆ ਜਾਂਦਾ ਹੈ. ਸਾਹਿਤ ਵਿਚ ਸ਼ਿਵ ਕੁਮਾਰ ਨੇ ਲੋਕ ਕਿੱਤਿਆਂ ਦੇ ਸੰਕਲਪਾਂ ਨੂੰ ਰੂਪਾਂਤਰਨ ਕਰ ਵੱਖਰੇ ਹੀ ਢੰਗ ਨਾਲ ਪੇਸ਼ ਕਰ ਆਪਣੇ ਵਿਚਾਰਾਂ ਦਾ ਵਿਆਖਆਨ ਕੀਤਾ. ਲੋਕ ਕਿੱਤਿਆ ਨਾਲ ਸੰਬੰਧਿਤ ਸੱਮਗਰੀ ਸੂਤ, ਚਰਖਾ, ਤਰੱਕਲਾ, ਹੱਡਾ ਰੋੜੀ, ਚਿੱਤਰਕਾਰੀ ਆਦਿ ਪੱਖਾਂ ਨੂੰ ਦਰਸਾਇਆ ਹੈ.

## ਹਵਾਲੇ ਤੇ ਟਿੱਪਣੀਆਂ


1. ਪੰਜਾਬੀ ਲੋਕਧਾਰਾ ਤੇ ਸਭਿਆਚਾਰ, ਪ੍ਰੋ, ਬਲਬੀਰ ਸਿੰਘ ਪੂਨੀ, ਪ੍ਰਕਾਸ਼ਿਕ ਵਾਰਿਸ ਸ਼ਾਹ ਫਾਉਂਡੇਸ਼ਨ, 2016, ਪੰਨਾ-92
2. ਸ਼ਿਵ ਕੁਮਾਰ ਬਟਾਲਵੀ, ਪੀੜਾਂ ਦਾ ਪਰਾਗਾ, ਪ੍ਰਕਾਸ਼ਕ ਕੁਲਵੰਤ ਸਿੰਘ ਸੂਰੀ, ਪ੍ਰਕਾਸ਼ਨ ਲੋਕ ਸਾਹਿਤ ਪ੍ਰਕਾਸ਼ਨ, ਐਡੀਸ਼ਨ, 2014, ਪੰਨਾ-21
3. ਉਹੀ, ਪੰਨਾ-25
4. ਉਹੀ ਪੰਨਾ-32
5. ਉਹੀ ਪੰਨਾ-62
6. ਉਹੀ ਪੰਨਾ-36
7. ਉਹੀ ਪੰਨਾ-65
8. ਉਹੀ ਪੰਨਾ-63


***

# ਪੰਜਾਬ, ਪੰਜਾਬੀ, ਪੰਜਾਬੀਅਤ: ਭਾਸ਼ਾਈ ਪਰਿਪੇਖ

ਅਮਨਦੀਪ ਕੌਰ

ਮੋ. ਨੰ. 9463870248

ਪ੍ਰੋ. ਪ੍ਰੀਤਮ ਸਿੰਘ ਉੱਘੇ ਵਿਦਵਾਨ ਤੇ ਪ੍ਰਮੁੱਖ ਸਾਹਿਤ ਖੋਜੀ ਸਨ. ਉਹ ਫ਼ਾਰਸੀ, ਅੰਗਰੇਜ਼ੀ, ਉਰਦੂ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਦੇ ਲਸਾਨੀ ਵਿਦਵਾਨ ਸਨ. ਉਨ੍ਹਾਂ ਨੇ ਐਮ. ਏ. ਦੀ ਡਿਗਰੀ ਫ਼ਾਰਸੀ, ਅੰਗਰੇਜ਼ੀ ਤੇ ਓਰੀਐਂਟਲ ਲਰਨਿੰਗ ਵਿਚ ਪ੍ਰਾਪਤ ਕੀਤੀ. ਉਹ ਖੋਜ ਤੇ ਅਲੋਚਨਾ ਦੇ ਖੇਤਰ ਵਿਚ ਨਿਰੰਤਰ ਰੁੱਝੇ ਰਹੇ ਸਨ. ਉਹ ਆਪਣੇ ਕਿੱਤੇ ਵਜੋਂ ਪੰਜਾਬੀ ਸਾਹਿਤ ਦੇ ਮਹਾਨ ਅਧਿਐਨ ਤੇ ਅਧਿਆਪਨ ਕਾਰਜਾਂ ਨਾਲ ਜੁੜੇ ਹੋਏ ਸਨ. ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬੀ ਹੱਥ ਲਿਖਤਾਂ ਦੇ ਨਾਲ-ਨਾਲ ਦੁਰਲਭ ਪੁਸਤਕਾਂ ਦੇ ਭੰਡਾਰ ਨੂੰ ਇਕੱਤਰ ਕੀਤਾ, ਜਿਸ ਕਾਰਨ ਉਹ ਪੰਜਾਬੀ ਸਾਹਿਤ ਆਲੋਚਨਾ ਦਾ ਖੋਜਕਾਰਜ ਅਤੇ ਘੋਖਵਾਂ ਆਲੋਚਕ ਸੀ. ਪ੍ਰੀਤਮ ਸਿੰਘ ਦੀ ਲਿਖਤ ਦੇ ਪ੍ਰਮੁੱਖ ਲੱਛਣ ਨਿਸ਼ਚਿਤ ਪ੍ਰਮਾਣਾਂ ਨੂੰ ਮੁੱਖ ਰੱਖ ਕੇ ਨਿਰਣਾ ਕਰਨਾ, ਸਰਲ ਸੁਗਮ ਸ਼ੈਲੀ ਵਿਚ ਪੇਸ਼ ਕਰਨਾ ਅਤੇ ਡੂੰਘੀ ਖੋਜ ਦਾ ਪਰਿਚੈ ਦੇਣਾ ਹੈ. ਉਸਨੇ ਸਿੱਖਾਂ ਦੇ ਰਾਜ ਦੀ ਵਿੱਥਿਆ ਅਤੇ ਸੰਪਾਦਨ ਦਾ ਕਾਰਜ ਕਰ ਕੇ ਉਸ ਆਲੋਚਨਾ ਦਾ ਮੁੱਢ ਬੰਨ੍ਹਿਆ ਹੈ, ਜਿਹੜੀ ਪਾਠ ਦੀ ਪ੍ਰਮਾਣਿਕਤਾ ਨੂੰ ਨਿਸ਼ਚਿਤ ਕਰਦੀ ਹੈ.

ਪ੍ਰੋ. ਸਾਹਿਬ ਖੋਜ ਤੇ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਯਤਨਸ਼ੀਲ ਰਹੇ. ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ ਅਤੇ ਪੰਜਾਬੀ ਅਕਾਦਮਿਕ ਖੇਤਰ ਨੂੰ ਮਿਆਰੀ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ. ਪੰਜਾਬ, ਪੰਜਾਬੀ, ਪੰਜਾਬੀਅਤ ਉਨ੍ਹਾਂ ਦੀ ਪ੍ਰਮੁੱਖ ਰਚਨਾ ਹੈ. ਇਹ ਪੁਸਤਕ ਪੰਜਾਬੀਅਤ ਨਾਲ ਜੁੜੇ ਓਹਨਾਂ ਦੇ ਵਿਚਾਰਾਂ, ਉਸਮਾਂ ਅਤੇ ਭਵਿੱਖ ਦੇ ਖੋਜੀਆਂ ਲਈ ਸੁਝਾਅਮੂਲਕ ਨਿਰਣੈ ਦਿੰਦੀ ਪ੍ਰਮੁੱਖ ਰਚਨਾ ਹੈ. ਇਸ

ਪੁਸਤਕ ਵਿਚ ਉਸਨੇ ਪੰਜਾਬੀ ਭਾਸ਼ਾ ਦੇ ਮਿਆਰੀਕਰਨ, ਪੰਜਾਬੀ ਭਾਸ਼ਾ ਅਤੇ ਭਾਸ਼ਾਈ ਖੇਤਰ, ਉਪਭਾਸ਼ਾਈ ਮੰਡਲਾਂ ਸਿੱਖਿਆ ਦੇ ਖੇਤਰ ਵਿਚ ਇਸਨੂੰ ਮਾਧਿਅਮ ਵਜੋਂ ਵਰਤਣ ਬਾਰੇ ਅਤੇ ਖਾਸ ਵਿਸ਼ੇ ਵਜੋਂ ਅਧਿਐਨ ਕਰਨ ਬਾਰੇ ਬਹੁਤ ਹੀ ਮਹੱਤਵਪੂਰਨ ਨੁਕਤੇ ਪੇਸ਼ ਕੀਤੇ ਹਨ. ਇਹ ਪੁਸਤਕ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਸਮਰਪਿਤ ਹੈ. ਪ੍ਰੋ. ਪ੍ਰੀਤਮ ਸਿੰਘ, ਪੰਜਾਬੀਅਤ ਨਾਲ ਜੁੜੇ ਭਾਸ਼ਾ ਦੇ ਮੁੱਦਿਆਂ ਨੂੰ ਗੰਭੀਰਤਾ ਸਹਿਤ ਵਿਚਾਰਦੇ ਹਨ. ਇਨ੍ਹਾਂ ਮੁੱਦਿਆਂ ਸੰਬੰਧੀ ਉਨ੍ਹਾਂ ਨੇ 'ਪੰਜਾਬੀ ਕਲਚਰ, ਬੋਲੀ ਤੇ ਸਾਹਿਤ', 'ਪੰਜਾਬੀ ਸਰਕਾਰ ਦਾ ਪੰਜਾਬੀ ਭਾਸ਼ਾ ਵੱਲ ਰਵੱਈਆਂ', 'ਦਸੌਰਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ' ਆਦਿ ਲੇਖਾਂ ਵਿਚ ਚਰਚਾ ਕੀਤੀ ਹੈ. ਪ੍ਰੋ. ਪ੍ਰੀਤਮ ਸਿੰਘ ਦੇ ਅਨੁਸਾਰ, 1947 ਤੋਂ ਪਹਿਲਾਂ ਦੀਆਂ ਸਰਕਾਰਾਂ ਪੰਜਾਬੀ ਨਾਲ ਵਧੀਆ ਵਿਵਹਾਰ ਨਹੀਂ ਕਰਦੀਆਂ ਸਨ, ਇੱਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਪੰਜਾਬੀ ਭਾਸ਼ਾ ਨੂੰ ਜ਼ਿਆਦਾ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ ਕਿਉਂਕਿ ਉਸ ਸਮੇਂ ਰਾਜ ਦੀ ਸਰਕਾਰੀ ਭਾਸ਼ਾ ਫ਼ਾਰਸੀ ਸੀ. ਇਨਾਂ ਸਭ ਹੋਣ ਦੇ ਬਾਵਜੂਦ ਵੀ ਪੰਜਾਬੀ ਲੋਕਾਂ ਨੇ ਪੰਜਾਬੀ ਦਾ ਸਾਥ ਕਦੇ ਨਹੀਂ ਛੱਡਿਆ. ਇਹ ਪੰਜਾਬੀ ਭਾਸ਼ਾ ਹਮੇਸ਼ਾ ਤੋਂ ਜਿਊਂਦੀ ਰਹੀ ਹੈ ਤੇ ਜਿਊਂਦੀ ਵੀ ਰਹੇਗੀ, ਪਰ ਪੂਰਬੀ ਤੇ ਪੱਛਮੀ ਪੰਜਾਬ ਦੇ ਸਿਆਣੇ ਲੋਕਾਂ ਦਾ ਧਿਆਨ ਇਸ ਉੱਤੇ ਹੋ ਰਹੇ ਮਾਰੂ ਹੱਲੇ ਦੇ ਖਤਰੇ ਵਾਲੇ ਪਾਸੇ ਜਾਣਾ ਚਾਹੀਦਾ ਹੈ.

ਜਦੋਂ ਪਾਕਿਸਤਾਨ ਵਿਚ ਪੰਜਾਬੀ ਲਿਖੀ ਜਾਂਦੀ ਹੈ ਤਾਂ ਉਸ ਲਈ ਉਰਦੂ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ. ਜੇਕਰ ਇਸ ਲਈ ਨਵੇਂ ਸ਼ਬਦਾਂ ਦੀ ਲੋੜ ਪੈਂਦੀ ਹੈ ਤਾਂ ਇਹ ਸ਼ਬਦ ਫ਼ਾਰਸੀ ਭਾਸ਼ਾ ਵਿੱਚੋਂ ਲੈ ਲਏ ਜਾਂਦੇ ਹਨ, ਜਿਸ ਕਾਰਨ ਲਿਖਤ ਵਿੱਚੋਂ ਪੰਜਾਬੀ ਦੇ ਸ਼ਬਦ ਲੱਭਣੇ ਔਖੇ ਹੋ ਜਾਂਦੇ ਹਨ ਤੇ ਇਸ ਵਿਚ ਫ਼ਾਰਸੀ ਦੀ ਭਰਮਾਰ ਜ਼ਿਆਦਾ ਦਿਖਾਈ ਦਿੰਦੀ ਹੈ. ਭਾਰਤੀ ਪੰਜਾਬ ਵਿਚ ਗੁਰਮੁਖੀ ਲਿੱਪੀ ਦਾ ਪ੍ਰਯੋਗ ਪੰਜਾਬੀ ਭਾਸ਼ਾ ਲਈ ਕੀਤਾ ਜਾਂਦਾ ਹੈ, ਪਰ ਕਈ ਵਾਰ ਲੇਖਕ ਆਪਣੀ ਰਚਨਾ ਵਿਚ ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦਾਂ ਦਾ ਇੰਨਾ ਜ਼ਿਆਦਾ ਪ੍ਰਯੋਗ ਕਰ ਲੈਂਦੇ ਹਨ ਕਿ ਉਸ ਵਿੱਚੋਂ ਵੀ ਪੰਜਾਬੀ ਲੱਭਣੀ ਔਖੀ ਹੋ ਜਾਂਦੀ ਹੈ. ਇਸ ਪ੍ਰਕਾਰ ਬੇਸ਼ੱਕ ਪਾਕਿਸਤਾਨ ਅਤੇ ਭਾਰਤ ਦੀਆਂ ਪੰਜਾਬੀ ਲਿਖਣ-ਸ਼ੈਲੀਆਂ ਵਿਚ ਬਹੁਤ ਸਾਰੇ ਫ਼ਰਕ ਪੈ ਗਏ ਹਨ, ਪਰ ਇਸਦੇ ਬਾਵਜੂਦ ਵੀ ਇਹਨਾਂ ਦੀ ਪੰਜਾਬੀਅਤ ਸਾਂਝੀ ਹੈ.

ਪੂਰਬੀ ਪੰਜਾਬ ਵਿਚ ਭਾਸ਼ਾ ਦੇ ਵਿਕਾਸ ਲਈ ਹੋ ਰਹੀਆਂ ਗਤੀਵਿਧੀਆਂ ਦੇ ਮੁਕਾਬਲੇ ਵਿਚ ਪਾਕਿਸਤਾਨੀ ਪੰਜਾਬ ਵਿਚ ਇਸ ਸੰਬੰਧੀ ਮਹੱਤਵਪੂਰਨ ਕਦਮ ਨਹੀਂ ਉਠਾਏ ਗਏ. ਇਸ ਕਾਰਨ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਭਾਸ਼ਾ ਦੇ ਵਿਕਾਸ ਨੂੰ ਲੈ ਕੇ ਬਹੁਤ ਵੱਡਾ ਅੰਤਰ ਆ ਜਾਵੇਗਾ. ਇਸ ਨਾਲ ਇਹਨਾਂ ਵਿਚਲਾ ਆਪਸੀ ਪਾੜਾ ਵਧੇਗਾ. ਪ੍ਰੀਤਮ ਸਿੰਘ ਇਸ ਗੱਲ ਲਈ ਡਰ ਪ੍ਰਗਟਾਉਂਦੇ ਹਨ ਕਿ ਜੇਕਰ ਇਸ ਧਿਰ ਵੱਲੋਂ ਪਾੜੇ ਨੂੰ ਵਧਾਉਣ ਵਾਲੀ ਨੀਤੀ ਚੱਲਦੀ ਰਹੀ ਤਾਂ ਕਿਤੇ ਪੰਜਾਬ ਵਾਂਗ ਜੇਕਰ ਪੰਜਾਬੀਆਂ ਨੂੰ ਵੀ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਤਾਂ ਇਹ ਲੋਕ ਇਕ-ਦੂਜੇ ਨੂੰ ਸਮਝਣ ਵਾਲੀ ਸੋਝੀ ਵੀ ਗਵਾ ਬੈਠਣਗੇ.

ਸਾਂਝੇ ਪੰਜਾਬ ਦੀ ਰਹਿਤਲ ਹੜੱਪਾ, ਮਹਿੰਜੋਦੜੋ ਤੇ ਰਿਗਵੇਦ ਤੋਂ ਬਣੀ ਹੋਈ ਹੈ, ਪਰ ਜੇਕਰ ਸਾਂਝੇ ਪੰਜਾਬ ਦੀ ਜਗ੍ਹਾ ਦੋ ਵੱਖ-ਵੱਖ ਰਹਿਤਲਾਂ ਬਣ ਗਈਆਂ ਤਾਂ ਇਸਦਾ ਸਿੱਟਾ ਇਹ ਨਿਕਲੇਗਾ ਕਿ ਪੱਛਮੀ ਪੰਜਾਬ ਦੇ ਵਿਰਸੇ ਦਾ

ਆਰੰਭ ਮੁਹੰਮਦ ਬਿਨ ਕਾਸਿਮ ਦੀ ਜਿੱਤ ਤੋਂ ਮੰਨਿਆ ਜਾਵੇਗਾ ਅਤੇ ਪੂਰਬੀ ਪੰਜਾਬੀ ਵਿਰਸੇ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ ਨਾਲ ਹੋਵੇਗਾ. ਜੇਕਰ ਅਜਿਹਾ ਹੋ ਗਿਆ ਤਾਂ ਉਹ ਲੋਕ ਜਿਹੜੇ ਪਾਕਿਸਤਾਨ ਜਾਂ ਭਾਰਤ ਵਿੱਚੋਂ ਹੋਣ ਦੇ ਬਾਵਜੂਦ ਵੀ ਪੰਜਾਬੀ ਦੇ ਨਾਮ ਤੇ ਜੁੜ ਕੇ ਬੈਠਦੇ ਹਨ ਉਨ੍ਹਾਂ ਵਿਚ ਫੁੱਟ ਪੈ ਜਾਵੇਗੀ. ਇਸ ਲਈ ਇਹੋ ਜਿਹੀ ਘਟਨਾ ਨਹੀਂ ਵਾਪਰਨੀ ਚਾਹੀਦੀ.

ਪ੍ਰੋ. ਪ੍ਰੀਤਮ ਸਿੰਘ ਪੰਜਾਬੀ ਭਾਸ਼ਾ ਵਿਚ ਤਕਨੀਕੀ ਸ਼ਬਦਾਵਲੀ ਦੀ ਘਾਟ ਪ੍ਰਤੀ ਵੀ ਚਿੰਤਿਤ ਹਨ ਜੋ ਕਿ ਇਸ ਦੇ ਵਿਕਾਸ ਵਿਚ ਰੁਕਾਵਟ ਹੈ. ਇਹ ਬਹੁਤ ਵੱਡਾ ਕਾਰਨ ਹੈ ਜੋ ਪੰਜਾਬੀ ਦੀ ਵਰਤੋਂ ਦੇ ਰਾਹ ਵਿਚ ਰੁਕਾਵਟ ਬਣਿਆ ਹੋਇਆ ਹੈ. ਪੰਜਾਬੀ ਦੇ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਰਚਨਾਵਾਂ ਪੰਜਾਬੀ ਵਿਚ ਲਿਖਣ. ਪੰਜਾਬੀ ਮਿੱਸੀ ਬੋਲੀ ਹੈ ਕਿ ਕਿਸੇ ਵੀ ਭਾਸ਼ਾ ਤੋਂ ਸ਼ਬਦ ਗ੍ਰਹਿਣ ਕਰ ਲੈਂਦੀ ਹੈ, ਪਰ ਇਹ ਖਿਆਲ ਰੱਖਿਆ ਜਾਵੇ ਕਿ ਪੰਜਾਬੀ ਦਾ ਉਚਾਰਨ ਕਰਨ ਸਮੇਂ ਉਸਦੇ ਅਸੂਲਾਂ ਨੂੰ ਨਾ ਤੋੜਿਆ ਜਾਵੇ.

ਪ੍ਰੋ. ਪ੍ਰੀਤਮ ਸਿੰਘ ਆਪਣੀ ਪੁਸਤਕ ਪੰਜਾਬ, ਪੰਜਾਬੀ, ਪੰਜਾਬੀਅਤ ਵਿਚਲੇ ਲੇਖ ਪੰਜਾਬੀ 'ਕਲਚਰ, ਬੋਲੀ ਤੇ ਸਾਹਿੱਤ' ਵਿਚ 'ਪੰਜਾਬੀ ਵਿਰਸਾ ਕਾਨਫ਼ਰੰਸ' ਦਾ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਨੂੰ ਇਸ ਵਿਚ ਕੁਝ ਆਰੰਭਿਕ ਸ਼ਬਦ ਕਹਿਣ ਦਾ ਮੌਕਾ ਪ੍ਰਦਾਨ ਕੀਤਾ ਗਿਆ ਹੈ. ਉਹ ਸਿੰਘਾਪੁਰ ਦੀ ਸੰਗਤ ਨੂੰ ਪੰਜਾਬੀ ਵਿਰਸੇ ਦੀ ਸੰਭਾਲ ਲਈ ਕਦਮ ਚੁੱਕਦਿਆਂ ਵੇਖ ਕੇ ਖੁਸ਼ ਹੁੰਦੇ ਹਨ ਅਤੇ ਸਿੰਘਾਪੁਰ ਦੇ ਪੰਜਾਬੀ ਨੂੰ ਵਧਾਈ ਦਿੰਦੇ ਹਨ. ਪੰਜਾਬ ਦੇ ਅੰਦਰ-ਬਾਹਰ ਵਸਦੇ ਪੰਜਾਬੀਆਂ ਵੱਲੋਂ ਆਪਣਿਆਂ ਅਤੇ ਪਰਾਇਆਂ ਨੂੰ ਪੰਜਾਬੀ ਵਿਰਸੇ ਬਾਰੇ ਜਾਣੂ ਕਰਵਾਉਣ ਲਈ ਕਿਸੇ ਵੀ ਕਾਨਫ਼ਰੰਸ ਦਾ ਵੱਡੇ ਪੈਮਾਨੇ ਤੇ ਪ੍ਰਬੰਧ ਨਹੀਂ ਕੀਤਾ ਗਿਆ.

ਇਸ ਵਿਸ਼ਵ ਕਾਰਨਫ਼ਰੰਸ ਵਿਚ ਹੋਈ ਵਿਚਾਰ ਚਰਚਾ ਨਾਲ ਪੰਜਾਬੀ ਭਾਸ਼ਾ ਤੇ ਉਸਦੇ ਸਾਹਿਤਕ ਵਿਰਸੇ ਨੂੰ ਚਿਤਰਨ ਲਈ ਯੋਗ-ਮੰਚ ਮਿਲਦਾ ਹੈ. ਇਸ ਵਿਚ ਪਹਿਲਾਂ ਪ੍ਰੀਤਮ ਸਿੰਘ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਰਸੇ ਬਾਰੇ ਵਿਚਾਰ ਸਾਂਝੇ ਕਰਨ ਤੋਂ ਪਹਿਲਾ ਸਭਿਆਚਾਰ ਦੇ ਘੇਰੇ ਨੂੰ ਨਿਸ਼ਚਿਤ ਕਰਦਾ ਹੈ. ਉਸ ਅਨੁਸਾਰ ਹਰ ਇਕ ਸਭਿਆਚਾਰ ਤਿੰਨ ਵੱਖ-ਵੱਖ ਇਕਾਈਆਂ ਦੇ ਸੰਯੋਗ ਤੋਂ ਮਿਲ ਕੇ ਬਣਦਾ ਹੈ.

-ਪਹਿਲੀ ਇਕਾਈ ਹੈ ਭੂਗੋਲ ਜਾਂ ਧਰਤੀ ਦਾ ਖਾਸ ਟੋਟਾ ਜਿਸਦੇ ਜਲਵਾਯੂ ਤੇ ਪ੍ਰਕਿਰਤਿਕ ਲੱਛਣਾ ਨੇ, ਪੈਦਾ ਹੋਣ ਵਾਲੇ ਕਲਚਰ ਦੀ ਨੁਹਾਰ ਨਿਸ਼ਚਿਤ ਕਰਨੀ ਹੁੰਦੀ ਹੈ.

-ਦੂਜੀ ਇਕਾਈ ਹੈ ਇਤਿਹਾਸ, ਧਰਤੀ ਦੇ ਇਕ ਖਾਸ ਟੋਟੇ ਉੱਤੇ ਜੋ ਕੁਝ ਵਾਪਰਦਾ ਰਿਹਾ, ਉਸਦਾ ਵੀ ਕਲਚਰ ਦੀ ਬਣਤਰ ਵਿਚ ਹਿੱਸਾ ਹੁੰਦਾ ਹੈ.

-ਤੇ ਸਭ ਤੋਂ ਅਹਿਮ ਇਕਾਈ ਹੁੰਦੀ ਹੈ ਮਨੁੱਖ, ਜਿਸਨੇ ਕਲਚਰ ਦੀ ਉਪਜ ਵਿਚ ਹਿੱਸਾ ਵੀ ਪਾਉਣਾ ਹੁੰਦਾ ਹੈ ਤੇ ਇਸਨੂੰ ਹੰਢਾਉਣਾ ਵੀ ਹੁੰਦਾ ਹੈ.[1]

ਜਦੋਂ ਕੋਈ ਮਨੁੱਖੀ ਸਮੂਹ ਨੂੰ ਕਿਸੇ ਖਾਸ ਤਰ੍ਹਾਂ ਦੇ ਭੂਗੋਲਿਕ ਹਾਲਾਤ ਵਿਚ ਕਾਫ਼ੀ ਦੇਰ ਵਸਣਾ ਪੈਂਦਾ ਹੈ ਤਾਂ ਉਸਦੇ ਰਹਿਣ-ਸਹਿਣ ਦੇ ਢੰਗ ਨੂੰ ਸੌਖਾ ਕਰਨ ਲਈ ਕੁਝ ਤਾਂ ਹਾਲਾਤ ਨੂੰ ਆਪਣੇ ਅਨੁਕੂਲ ਬਣਾਉਣਾ ਪੈਂਦਾ ਹੈ ਤੇ ਕੁਝ ਆਪ ਹਾਲਾਤ ਦੇ ਅਨੁਕੂਲ ਬਣਨਾ ਪੈਂਦਾ ਹੈ.

ਪ੍ਰੋ. ਪ੍ਰੀਤਮ ਸਿੰਘ ਭਾਸ਼ਾ ਅਤੇ ਸਾਹਿਤ ਬਾਰੇ ਚਰਚਾ ਕਰਦੇ ਦੱਸਦੇ ਹਨ ਕਿ ਇੱਥੋਂ ਦਾ ਸਭਿਆਚਾਰ ਤੇ ਭਾਸ਼ਾ ਮਿੱਸੀ ਭਾਵ ਮਿਲਾਵਟ ਵਾਲੀ ਹੈ. ਭਾਸ਼ਾ ਤੇ ਸਭਿਆਚਾਰ ਦਾ ਮਿਲਾਵਟੀ ਹੋਣਾ ਇਸਦੇ ਬਹੁ ਸਭਿਆਚਾਰਕ ਮਿਸ਼ਰਤ ਸਰੂਪ ਨੂੰ ਉਜਾਗਰ ਕਰਦਾ ਹੈ. ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਲੋੜਾਂ ਹਨ ਜਿਨ੍ਹਾਂ ਦੀ ਪੂਰਤੀ ਲਈ ਪ੍ਰੋ. ਪ੍ਰੀਤਮ ਸਿੰਘ ਨੇ ਉਹ ਸਾਰੀਆਂ ਭਾਸ਼ਾਵਾਂ, ਜੋ ਇਸਦੇ ਸੰਪਰਕ ਵਿਚ ਆਉਂਦੀਆਂ ਹਨ, ਉਸ ਤੋਂ ਸ਼ਬਦ, ਮੁਹਾਵਰੇ, ਵਾਕ-ਵਿਉਂਤਣ ਤੇ ਉਪਮਾਵਾਂ ਆਪਣੇ ਵਿਚ ਸ਼ਾਮਿਲ ਕੀਤੀਆਂ ਹੋਈਆਂ ਹਨ.

ਜਿਹੜੀ ਮਿੱਸੀ ਬੋਲੀ ਦੁਨੀਆਂ ਵਿਚ ਤੇਰ੍ਹਵੇਂ ਨੰਬਰ ਤੇ ਆਉਂਦੀ ਹੈ ਅਤੇ ਇਸ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ 6 ਕਰੋੜ ਤੋਂ ਵੀ ਜ਼ਿਆਦਾ ਹੈ. ਜਿਹੜਾ ਵਿਸ਼ਾਲ ਇਲਾਕਾ ਸਿੰਧ, ਬਲੋਚਿਸਤਾਨ, ਹਿਮਾਚਲ, ਅੱਧੇ ਹਰਿਆਣੇ ਤੇ ਰਾਜਸਥਾਨ ਅਤੇ ਕਸ਼ਮੀਰ ਦੇ ਵਿਚਕਾਰ ਫ਼ੈਲਿਆ ਹੋਇਆ ਹੈ, ਉੱਥੇ ਇਹ ਮਿੱਸੀ ਭਾਸ਼ਾ ਹੀ ਬੋਲੀ ਜਾਂਦੀ ਹੈ.ਇਸ ਗਿਣਤੀ-ਮਿਣਤੀ ਵਾਲੇ ਨਕਸ਼ੇ ਤੋਂ ਪਤਾ ਲਗਦਾ ਹੈ ਕਿ ਸਾਡਾ ਵਿਰਸਾ ਬਹੁਤ ਗੌਰਵਮਈ ਹੈ. ਪੰਜਾਬੀ ਬੋਲਣ ਵਾਲੇ ਇਲਾਕਿਆਂ ਵਿੱਚੋਂ ਸਭ ਤੋਂ ਵੱਡਾ ਭਾਗ ਪੱਛਮੀ ਪੰਜਾਬ ਹੈ ਜੋ ਕਿ ਪਾਕਿਸਤਾਨ ਵਿਚ ਸਥਿਤ ਹੈ, ਦੂਸਰਾ ਭਾਗ ਪੂਰਬੀ ਪੰਜਾਬ ਹੈ ਜੋ ਕਿ ਛੋਟਾ ਹੈ ਤੇ ਭਾਰਤ ਵਿਚ ਸਥਿਤ ਹੈ.ਇਸ ਪੂਰਬੀ ਪੰਜਾਬ ਵਿਚ ਸਰਕਾਰੀ ਸਕੂਲਾਂ, ਯੂਨੀਵਰਸਿਟੀਆਂ ਦਾ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੈ.ਇੱਥੇ ਬਹੁਤ ਸਾਰੇ ਅਖ਼ਬਾਰ ਪੰਜਾਬੀ ਵਿਚ ਨਿਕਲਦੇ ਹਨ.

ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਪੱਛਮੀ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ ਅਤੇ ਇੱਥੋਂ ਦੇ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਦੀ ਸਾਰੀ ਪੜ੍ਹਾਈ ਦਾ ਮਾਧਿਅਮ ਉਰਦੂ ਹੀ ਹੈ. ਇੱਥੋਂ ਦੇ ਸਿਆਸੀ ਆਗੂ ਪੰਜਾਬੀ ਵਿਰਸੇ ਅਤੇ ਪੰਜਾਬੀਪੁਣੇ ਦੇ ਆਧਾਰ ਉੱਤੇ ਪੈਦਾ ਹੋਣ ਵਾਲੇ ਇਕੱਠ ਨੂੰ ਸ਼ਰੀਅਤ ਦੇ ਕਾਨੂੰਨ ਹੇਠ ਚੱਲ ਰਹੀ ਦੇਸ਼ ਦੀ ਏਕਤਾ ਲਈ ਖਤਰਨਾਕ ਸਮਝਦੇ ਹਨ. ਪੜ੍ਹਾਈ ਦੇ ਮੁੱਢਲੇ ਪੰਜ ਸਾਲ ਤੱਕ ਬੱਚਿਆਂ ਨੂੰ ਪੰਜਾਬੀ ਤੋਂ ਦੂਰ ਰੱਖਿਆ ਜਾਂਦਾ ਹੈ. ਉੱਥੋਂ ਦੇ ਕੁਝ ਪੰਜਾਬੀਆਂ ਨੇ 'ਸੱਜਨ' ਨਾਂ ਦਾ ਅਖ਼ਬਾਰ ਪੰਜਾਬੀ ਵਿਚ ਕੱਢਿਆ ਸੀ ਜੋ ਕਿ ਲਾਹੌਰ ਤੋਂ ਛਪਦਾ ਸੀ, ਪਰ ਉਸ ਨੂੰ ਵੀ ਬੰਦ ਕਰ ਦਿੱਤਾ ਗਿਆ.

ਅੰਗਰੇਜ਼ੀ ਭਾਸ਼ਾ ਵੱਖ-ਵੱਖ ਦੇਸ਼ਾਂ ਵਿਚ ਬੋਲੀ ਜਾਂਦੀ ਹੈ.ਕੋਈ ਵੀ ਦੇਸ਼ ਜਿਸਦੀ ਮਾਂ-ਬੋਲੀ ਅੰਗਰੇਜ਼ੀ ਹੈ.ਉਹ ਆਪਣੀ ਬੋਲੀ ਦਾ ਉਸ ਪ੍ਰਕਾਰ ਵਿਰੋਧ ਨਹੀਂ ਕਰਦਾ, ਜਿਸ ਪ੍ਰਕਾਰ ਸਰਕਾਰੀ ਤੇ ਸਿਆਸੀ ਪੱਧਰ ਉੱਪਰ ਪੱਛਮੀ ਪੰਜਾਬ ਆਪਣੀ ਬੋਲੀ ਦਾ ਕਰਦਾ ਰਿਹਾ ਹੈ.ਜਦੋਂ ਪੰਜਾਬ ਦੀ ਦੁਬਾਰਾ ਵੰਡ ਹੋਈ ਤਾਂ ਇਸ ਵਿਚੋਂ ਬੰਗਾਲ ਨੂੰ ਵੱਖ ਕਰ ਦਿੱਤਾ ਗਿਆ, ਪਰ ਫਿਰ ਵੀ ਬੰਗਾਲ ਦੇ ਲੋਕਾਂ ਨੇ ਆਪਣੀ ਭਾਸ਼ਾ ਨੂੰ ਆਪਣੇ ਤੋਂ ਵੱਖ ਨਹੀਂ ਹੋਣ ਦਿੱਤਾ.

ਪ੍ਰੋ. ਪ੍ਰੀਤਮ ਸਿੰਘ ਇਸ ਪੁਸਤਕ ਵਿਚ ਲੱਗੇ ਲੇਖ 'ਪੰਜਾਬ ਸਰਕਾਰ ਦਾ ਪੰਜਾਬੀ ਭਾਸ਼ਾ ਵੱਲ ਰਵੱਈਆ' ਵਿਚ ਪੰਜਾਬੀ ਭਾਸ਼ਾ ਬਾਰੇ ਵਿਚਾਰ ਸਾਂਝੇ ਕਰਦੇ ਹਨ ਕਿ ਪੰਜਾਬ ਦੇ ਮੁੱਖ-ਮੰਤਰੀ ਸਵਰਗਵਾਸੀ ਸ. ਲਛਮਣ ਸਿੰਘ ਗਿੱਲ ਦੀ ਅਗਵਾਈ ਹੇਠ ਵਿਧਾਨ ਸਭਾ ਨੇ 19 ਦਸੰਬਰ, 1967 ਵਾਲੇ ਦਿਨ ਪੰਜਾਬ ਰਾਜ ਭਾਸ਼ਾ ਬਿੱਲ, 1967 ਪਾਸ ਕੀਤਾ.29 ਦਸੰਬਰ 1967 ਨੂੰ ਦਸ ਦਿਨਾਂ ਬਾਅਦ ਇਸ ਬਿੱਲ ਤੇ

ਗਵਰਨਰ ਦੇ ਦਸਤਖ਼ਤ ਤੋਂ ਮਗਰੋਂ ਇਹ ਬਿੱਲ ਐਕਟ ਬਣ ਗਿਆ.

ਇਸ ਐਕਟ ਦੀ ਧਾਰਾ 4 ਅਨੁਸਾਰ: ਰਾਜ ਸਰਕਾਰ, ਸਮੇਂ-ਸਮੇਂ, ਅਧਿਸੂਚਨਾ ਦੁਆਰਾ ਇਹ ਹਦਾਇਤਾਂ ਕਰ ਸਕੇਗੀ ਕਿ ਰਾਜ ਦੇ ਅਜਿਹੇ ਰਾਜ-ਕਾਰਜਾਂ ਲਈ ਅਤੇ ਅਜਿਹੀ ਮਿਤੀ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ, ਜਿਵੇਂ ਕਿ ਅਧਿਸੂਚਨਾ ਦੁਆਰਾ ਦੱਸਿਆ ਜਾਵੇ.[2]

ਇਸ ਲਈ 31 ਦਸੰਬਰ, 1967 ਨੂੰ ਭਾਸ਼ਾ ਵਿਭਾਗ ਦੇ ਸਕੱਤਰਾਂ ਵੱਲੋਂ ਇਹ ਐਲਾਨ ਜਾਰੀ ਕੀਤਾ ਗਿਆ ਕਿ ਪੰਜਾਬੀ ਭਾਸ਼ਾ ਨੂੰ 1 ਜਨਵਰੀ, 1968 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਮਾਧਿਅਮ ਬਣਾ ਦਿੱਤਾ ਗਿਆ ਹੈ. ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਗਿੱਲ ਸਾਹਿਬ ਨੂੰ ਇਸ ਗੱਲ ਤੇ ਵੀ ਤਸੱਲੀ ਨਾ ਹੋਈ, ਕਿਉਂਕਿ ਅਸਲ ਸਰਕਾਰ ਸਕੱਤਰੇਤ ਵਿਚ ਹੈ, ਜ਼ਿਲ੍ਹਿਆਂ ਵਿਚ ਨਹੀਂ ਤੇ ਜੇਕਰ ਸਕੱਤਰੇਤ ਉੱਤੇ ਅੰਗਰੇਜ਼ੀ ਭਾਸ਼ਾ ਕਾਇਮ ਰਹੀ ਤਾਂ ਜ਼ਿਲ੍ਹਾ ਪੱਧਰ ਤੇ ਕਾਇਮ ਪੰਜਾਬੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ. ਜੇਕਰ ਦੇਖਿਆ ਜਾਵੇ ਤਾਂ ਜਿਸ ਤਰ੍ਹਾਂ ਪੰਜਾਬੀ ਮਾਧਿਅਮ ਦੀ ਵਰਤੋਂ ਉੱਤੇ ਸਰਦਾਰ ਲਛਮਣ ਸਿੰਘ ਗਿੱਲ ਪਹਿਰਾ ਦੇ ਰਿਹਾ ਸੀ. ਉਸੇ ਪ੍ਰਕਾਰ ਪੰਜਾਬ ਦੀ ਉਚਤਮ ਨੌਕਰਸ਼ਾਹੀ ਜਿਸ ਵਿਚ ਕਹਿੰਦੇ-ਕਹਾਉਂਦੇ ਅੰਗਰੇਜ਼ੀ ਪ੍ਰਸਤ ਅਫ਼ਸਰ ਸ਼ਾਮਿਲ ਸਨ ਨੇ ਤੇਜ਼ੀ ਨਾਲ ਮਾਧਿਅਮ ਬਦਲੀ ਨੂੰ ਅਪਨਾਉਣਾ ਸ਼ੁਰੂ ਕੀਤਾ ਹੋਇਆ ਸੀ. ਜਿਸ ਦਾ ਪਤਾ 23 ਮਈ, 1968 ਦੀ ਭਾਸ਼ਾ ਵਿਭਾਗ, ਪੰਜਾਬ ਦੀ ਉਸ ਵੇਲੇ ਦੀ ਡਾਇਰੈਕਟਰ ਦੀ ਰਿਪੋਰਟ ਤੋਂ ਪਤਾ ਲਗਦਾ ਹੈ. ਇਸ ਤੋਂ ਕੁਝ ਦੇਰ ਬਾਅਦ ਡਾਕ ਦੀ ਘੋਖ-ਪੜਤਾਲ ਪਿੱਛੋਂ ਇਹ ਰਿਪੋਰਟ ਸਕੱਤਰੇਤ ਨੂੰ ਭੇਜੀ ਗਈ. ਇਸ ਲਈ ਜੇਕਰ ਰਾਜ ਪ੍ਰਬੰਧ ਦੇ ਸਿਖਰਲੇ ਖੇਤਰਾਂ ਵਿਚ ਕੁਝ ਦਿਨਾਂ ਵਿਚ ਪੰਜਾਬੀ ਸੌ ਫ਼ੀਸਦੀ ਹੋ ਗਈ ਤਾਂ ਕੋਈ ਵੀ ਸਰਕਾਰੀ ਲਿਖਾ-ਪੜ੍ਹੀ ਵਿਚ ਰਾਜ ਭਾਸ਼ਾ ਦਾ ਦਰਜਾ ਕਿਸੇ ਹੋਰ ਭਾਸ਼ਾ ਨੂੰ ਨਹੀਂ ਦਿੱਤਾ ਜਾ ਸਕਦਾ.

1968 ਤੋਂ ਮਗਰੋਂ ਪ੍ਰੋ. ਪ੍ਰੀਤਮ ਸਿੰਘ 1980 ਈ. ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹਨ ਕਿ ਇਹਨਾਂ ਦੋਵਾਂ ਸਮਿਆਂ ਵਿਚ 12 ਸਾਲ ਦਾ ਫ਼ਰਕ ਹੈ. ਉਹ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦਾ ਪਿਛਲੇ 12 ਵਰ੍ਹਿਆਂ ਦਾ ਤਜ਼ਰਬਾ ਦੱਸਦੇ ਹਨ ਕਿ ਸਰਕਾਰਾਂ ਦੇ ਘੌਲੀ, ਅਵੇਸਲੀਆਂ ਜਾਂ ਢਿੱਲੀ ਪਕੜ ਵਾਲੀਆਂ ਹੋਣ ਨਾਲ ਇਹਨਾਂ ਦੀ ਛਤਰ-ਛਾਇਆ ਮਿਲ ਜਾਵੇ ਤਾਂ ਸਮੇਂ ਨੂੰ ਪੁੱਠਾ ਗੇੜ ਦੇ ਕੇ, ਰਾਜ-ਰਾਣੀ ਨੂੰ ਰੂੜੀ ਉੱਤੇ ਬਿਠਾ ਦੇਣਾ, ਅਫ਼ਸਰਸ਼ਾਹੀ ਦੇ ਖੱਬੇ ਹੱਥ ਦਾ ਕੰਮ ਹੈ.

ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਸਰਦਾਰ ਲਛਮਣ ਸਿੰਘ ਗਿੱਲ ਤੋਂ ਬਾਅਦ ਸਰਦਾਰ ਗੁਰਨਾਮ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜੈਲ ਸਿੰਘ ਤੇ ਦੂਜੀ ਵਾਰ ਫ਼ਿਰ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ. ਗਿਆਨੀ ਜੈਲ ਸਿੰਘ ਨੂੰ ਛੱਡ ਕੇ ਬਾਕੀ ਦੋਹਾਂ ਮੰਤਰੀਆਂ ਨੇ ਆਪਣੇ ਸਰਕਾਰੀ ਕਾਰ-ਵਿਹਾਰ ਵਿਚ ਪੰਜਾਬੀ ਮਾਧਿਅਮ ਦੀ ਵਰਤੋਂ ਘੱਟ ਹੀ ਕੀਤੀ. ਸਕੱਤਰੇਤ ਦੇ ਉਚੇਰੇ ਮੰਡਲ ਜਿੱਥੇ ਪਹਿਲਾਂ ਪੰਜਾਬੀ ਚੱਲਦੀ ਸੀ, ਉੱਥੇ ਦੁਬਾਰਾਂ ਤੋਂ ਅੰਗਰੇਜ਼ੀ ਦੀ ਵਰਤੋਂ ਕੀਤੀ ਜਾਣ ਲੱਗੀ. ਸਰਦਾਰ ਲਛਮਣ ਸਿੰਘ ਦੇ ਵੇਲੇ ਪੰਜਾਬੀ ਵਿਚ ਜੋ ਵੀ ਪ੍ਰਾਪਤੀ ਹੋਈ ਇਸਦੇ ਪਿੱਛੇ ਕਈ ਕਾਰਨ ਸਨ.ਇਸਦਾ ਸਭ ਤੋਂ ਵੱਡਾ ਕਾਰਨ ਪੰਜਾਬ ਦੇ ਲੋਕਾਂ ਦੀ ਵੱਡੀ ਗਿਣਤੀ ਦਾ ਆਪਣੀ ਭਾਸ਼ਾ ਲਈ ਪਿਆਰ ਤੇ ਅਪਣੱਤ ਦੀ

ਥੁੜ ਹੈ. ਇਹਨਾਂ ਦੇ ਅਨੁਸਾਰ ਪੰਜਾਬ ਸਰਕਾਰ ਦੇ ਬਹੁਤ ਸਾਰੇ ਮੰਤਰੀਆਂ ਅਤੇ ਅਕਾਲੀ ਸਰਕਾਰ ਕੁਝ ਮੰਤਰੀਆਂ ਨੂੰ ਪੰਜਾਬੀ ਵਿਚ ਸਰਕਾਰੀ ਕੰਮ ਹੋ ਜਾਣ ਦੀ ਅਹਿਮੀਅਤ ਬਾਰੇ ਕੁਝ ਵੀ ਪਤਾ ਨਹੀਂ ਹੈ. ਨੌਕਰਸ਼ਾਹੀ ਦੇ ਭੁੱਲੜ-ਭੁਲਾਵੇਂ ਅਤੇ ਹੀਣ-ਭਾਵਨਾ ਦੇ ਕਰ ਕੇ ਉਨ੍ਹਾਂ ਨੇ ਅੰਗਰੇਜ਼ੀ ਨੂੰ ਹੀ ਪ੍ਰਵਾਨ ਕੀਤਾ ਹੋਇਆ ਸੀ, ਪਰ ਪੰਜਾਬੀ ਬਾਰੇ ਅਕਾਲੀ-ਜਨਤਾ ਗਠਜੋੜ ਦੇ ਪ੍ਰਧਾਨ-ਭਾਈਵਾਲਾਂ ਦੀ ਲਾਪ੍ਰਵਾਹੀ ਅਤੇ ਗੌਣ ਭਾਈਵਾਲ ਦੇ ਵਿਰੋਧ ਨੇ ਪੰਜਾਬੀ ਦੇ ਅੱਗੇ ਵੱਧਦੇ ਵਿਕਾਸ ਨੂੰ ਖੜੋਤ ਵਿਚ ਕਰ ਦਿੱਤਾ. ਇਹ ਕਦੇ ਨਹੀਂ ਹੋਇਆ ਕਿ ਪੰਜਾਬ ਦੇ ਇਤਿਹਾਸ ਵਿਚ ਪੰਜਾਬੀ ਬੋਲਦੇ ਲੋਕਾਂ ਨੇ ਪੰਜਾਬੀ ਭਾਸ਼ਾ ਨੂੰ ਕਿਸੇ ਸਾਂਝੇ ਸੰਘਰਸ਼ ਦਾ ਵਾਹਨ ਬਣਾਇਆ ਹੋਵੇ.ਹੁਣ ਤੱਕ ਸਰਕਾਰ ਅਤੇ ਛੋਟੇ-ਵੱਡੇ ਤਨਖ਼ਾਹਦਾਰਾਂ ਅਹਿਲਕਾਰਾਂ ਨੇ ਭਾਸ਼ਾ ਦੇ ਪੱਖੋਂ ਸਾਡੀ ਕਿਸ ਤਰ੍ਹਾਂ ਸਹਾਇਤਾ ਕਰਦੇ ਹਨ ਹੇਠ ਲਿਖੇ ਅਨੁਸਾਰ ਦਰਸਾਇਆ ਗਿਆ ਹੈ:

1967 ਵਿਚ ਜਿਹੜਾ ਰਾਜ-ਭਾਸ਼ਾ ਐਕਟ ਬਣਿਆ ਉਹ 1968 ਵਿਚ ਪੂਰੀ ਤਰ੍ਹਾਂ ਲਾਗੂ ਹੋ ਚੁੱਕਾ ਸੀ, ਪਰ ਇਸ ਦੇ ਨਿਯਮਾਂ ਉਪਨਿਯਮਾਂ ਬਾਰੇ ਸਰਕਾਰ ਤੇ ਉਸਦੇ ਅਧਿਕਾਰੀਆਂ ਨੂੰ ਕੋਈ ਚਿੱਤ-ਚੇਤਾ ਨਹੀਂ ਸੀ. ਜੇਕਰ ਇਹ ਨਿਯਮ ਬਣਾਏ ਜਾਂਦੇ ਤਾਂ ਹੀ ਇਹ ਪਤਾ ਲੱਗਣਾ ਸੀ ਕਿ ਇਸ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਕੀ ਸਜਾ ਮਿਲੇਗੀ.

ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਆਪਣੇ ਇਮਤਿਹਾਨਾਂ ਵਿਚ ਇਹ ਖੁੱਲ੍ਹ ਦਿੱਤੀ ਹੋਈ ਹੈ ਕਿ ਇਹ ਇਮਤਿਹਾਨ ਭਾਰਤ ਦੀ ਮਾਨਤਾ ਪ੍ਰਾਪਤ ਕਿਸੇ ਵੀ ਰਾਜ-ਭਾਸ਼ਾ ਵਿਚ ਹੱਲ ਕੀਤੇ ਜਾ ਸਕਦੇ ਹਨ. ਆਈ.ਏ.ਐਸ, ਆਈ.ਐਫ.ਐਸ, ਆਈ.ਪੀ.ਐਸ. ਬਣਨ ਲਈ ਕੋਈ ਵੀ ਉਮੀਦਵਾਰ ਆਪਣਾ ਇਮਤਿਹਾਨ ਪੰਜਾਬੀ ਵਿਚ ਦੇ ਸਕਦਾ ਹੈ. ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ 1972 ਤੋਂ ਸਰਵ ਸੰਮਤੀ ਨਾਲ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਸਰਕਾਰ ਨੂੰ ਇਹ ਲਿਖਦਾ ਆਇਆ ਹੈ ਕਿ ਪੰਜਾਬੀ ਮਾਧਿਅਮ ਨੂੰ ਅੰਗ੍ਰੇਜ਼ੀ ਮਾਧਿਅਮ ਨਾਲ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਜਾਵੇ, ਪਰ ਹਾਲੇ ਤੱਕ ਸਰਕਾਰ ਨੇ ਇਸ ਲਈ ਕੋਈ ਕਾਰਵਾਈ ਨਹੀਂ ਕੀਤੀ.

ਪ੍ਰੋ. ਪ੍ਰੀਤਮ ਸਿੰਘ ਅਨੁਸਾਰ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ-ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਉਪਰੋਕਤ ਅਰਧ-ਸਰਕਾਰੀ ਸੰਸਥਾਵਾਂ ਤੋਂ ਪ੍ਰਕਾਰਕ ਤੌਰ ਉੱਤੇ ਵੱਖ ਤਰ੍ਹਾਂ ਦੀਆਂ ਸੰਸਥਾਵਾਂ ਮੰਨਣੀਆਂ ਚਾਹੀਦੀਆਂ ਹਨ, ਕਿਉਂਕਿ ਇਹਨਾਂ ਨੇ ਪੰਜਾਬ ਤੋਂ ਬਾਹਰ ਦੀਆਂ ਸਰਕਾਰੀ, ਅਰਧ-ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਲਈ ਹਰ ਪੱਧਰ ਦਾ ਪ੍ਰਬੰਧਕ ਅਮਲਾ ਹੀ ਤਿਆਰ ਨਹੀਂ ਕਰਨਾ ਹੁੰਦਾ, ਪੰਜਾਬ ਨੂੰ ਸਮਾਜਿਕ, ਆਰਥਿਕ, ਵਿਗਿਆਨਕ ਤੇ ਤਕਨੀਕੀ ਖੇਤਰਾਂ ਵਿਚ ਅਗਵਾਈ ਦੇਣ ਵਾਲੇ ਸਿਧਾਂਤ ਤੇ ਤਕਨੀਕੀ ਵਿਸ਼ੇਸ਼ਗ ਵੀ ਆਉਣੇ ਹੁੰਦੇ ਹਨ.ਯੂਨੀਵਰਸਿਟੀਆਂ ਵਿਚ ਪੰਜਾਬੀ ਦੇ ਇਸ ਬੁੱਧੀਮਾਨ ਵਰਗ ਦੀ ਤਿਆਰੀ ਲਈ, ਪੰਜਾਬੀ ਭਾਸ਼ਾ ਤੋਂ ਕੀ ਸੇਵਾ ਲਈ ਜਾਂਦੀ ਹੈ? ਸਿੱਖਿਆ ਕ੍ਰਮ ਵਿਚ ਪੰਜਾਬੀ ਦਾ ਕੀ ਸਥਾਨ ਹੈ? ਪੰਜਾਬ ਦੀ ਮਾਧਿਅਮੀ ਸਮਰੱਥਾ ਵਧਾਉਣ ਲਈ ਕਿਸ ਤਰ੍ਹਾਂ ਦਾ ਲੇਖ-ਜੋਖਾ ਹੋਣਾ ਹੀ ਚਾਹੀਦਾ

ਹੈ, ਕਿਉਂਕਿ ਅੰਤਿਮ ਰੂਪ ਵਿਚ ਇਹ ਸੰਸਥਾਵਾਂ ਸਰਕਾਰ ਦੇ ਆਪਣੇ ਵਿਦਿਅਕ ਦਿੱਸ-ਹੱਦੇ ਦਾ ਪ੍ਰਗਟਾਵਾ ਹੀ ਹੁੰਦੀਆਂ ਹਨ.[3]

ਸਰਕਾਰੀ ਦਫ਼ਤਰਾਂ ਵਿਚ ਵੀ ਪੰਜਾਬੀ ਨੂੰ ਪਿੱਛੇ ਰੱਖਿਆ ਗਿਆ ਹੈ. ਅੰਗਰੇਜ਼ੀ ਮਾਧਿਅਮ ਨੂੰ ਪਿਛਲੇ ਵਰ੍ਹਿਆਂ ਤੋਂ ਪੰਜਾਬੀ ਦੀ ਥਾਂ ਪੁਨਰ ਸਥਾਪਿਤ ਕੀਤਾ ਗਿਆ ਹੈ. ਜਿਸ ਕਾਰਨ ਅੰਗਰੇਜ਼ੀ ਮਾਧਿਅਮ ਸਿਖਰਾਂ ਨੂੰ ਛੂਹ ਰਿਹਾ ਹੈ, ਪਰ ਪੰਜਾਬੀ ਮਾਧਿਅਮ ਨੂੰ ਲਾਗੂ ਕਰਨ ਵੱਲ ਪੰਜਾਬ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ, ਕਿਉਂਕਿ ਜਿਹੜਾ ਸਥਾਨ ਪੰਜਾਬੀ ਭਾਸ਼ਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਈ ਸੀ ਸਰਕਾਰ ਆਪਣਾ ਸਾਰਾ ਤਾਣਾ ਉਸਨੂੰ ਖੋਹਣ ਲਈ ਕਿਉਂ ਲਾ ਰਹੀ ਹੈ?

ਪੰਜਾਬ ਸਰਕਾਰ ਕਾਨੂੰਨ ਬਣਾਉਂਦੀ ਹੈ ਤੇ ਇਹਨਾਂ ਕਾਨੂੰਨਾਂ ਨੂੰ ਟੁੱਟਣ ਤੋਂ ਬਚਾਉਂਦੀ ਹੈ, ਪਰ ਜੇਕਰ ਸਰਕਾਰ ਹੀ ਪੰਜਾਬੀ ਭਾਸ਼ਾ ਲਈ ਬਣਾਏ ਕਾਨੂੰਨਾਂ ਨੰ ਭੰਗ ਕਰ ਦੇਵੇਗੀ ਤਾਂ ਬਾਕੀ ਪੰਜਾਬੀ ਸਭਾਵਾਂ, ਪੰਜਾਬੀ ਹਿਤੈਸ਼ੀ ਲੋਕ ਪੰਜਾਬੀ ਭਾਸ਼ਾ ਦੇ ਹਿੱਤਾਂ ਨੂੰ ਪੂਰਾ ਕਰਨ ਲਈ ਕੁਝ ਨਹੀਂ ਕਰ ਸਕਦੇ. ਸਭ ਤੋਂ ਪਹਿਲਾਂ ਪੰਜਾਬੀ ਲੋਕਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਸਰਕਾਰੀ ਦਫ਼ਤਰਾਂ ਅਤੇ ਹੋਰ ਅਦਾਰਿਆਂ ਵਿਚ ਪੰਜਾਬੀ ਮਾਧਿਅਮ ਨੂੰ ਲਾਗੂ ਕਰਨ ਦਾ ਕੀ ਲਾਭ ਹੋਵੇਗਾ.

ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਸਾਡੀ ਸਪੱਸ਼ਟ ਮੰਗ ਇਹ ਹੈ ਕਿ ਸਾਰੇ ਸਰਕਾਰੀ ਦਫ਼ਤਰਾਂ ਵਿਚਲੀ ਸਾਰੀ ਲਿਖਾ-ਪੜ੍ਹੀ ਪੰਜਾਬੀ ਵਿਚ ਹੋਣੀ ਚਾਹੀਦੀ ਹੈ. ਪੰਜਾਬ ਤੋਂ ਬਾਹਰ ਦੀ ਲਿਖਾ-ਪੜ੍ਹੀ ਲਈ ਭਾਵੇਂ ਅੰਗਰੇਜ਼ੀ ਮਾਧਿਅਮ ਵਰਤਿਆ ਜਾਵੇ, ਭਾਵੇਂ ਹਿੰਦੀ. ਇਸ ਨਿਰਣੈ ਬਾਰੇ ਸਰਕਾਰ ਨਾਲ ਕੋਈ ਬਹਿਸ ਨਹੀਂ ਹੈ. ਇਹ ਗੱਲ ਸੱਚ ਹੈ ਕਿ ਜਿਹੜੀ ਵੀ ਨਵੀਂ ਸਰਕਾਰ ਆਉਂਦੀ ਹੈ. ਉਹ ਪਹਿਲੀ ਸਰਕਾਰ ਨਾਲੋਂ ਪੰਜਾਬੀ ਨੂੰ ਜ਼ਿਆਦਾ ਪਿਆਰ ਕਰਦੀ ਹੈ, ਪਰ ਫਿਰ ਵੀ ਉਸਦੇ ਮਨ ਵਿਚ ਕਦੇ ਵੀ ਇਹ ਵਿਚਾਰ ਨਹੀਂ ਆਉਂਦਾ ਕਿ 'ਪੰਜਾਬ ਪਬਲਿਕ ਸਰਵਿਸ ਕਮਿਸ਼ਨ' ਵਲੋਂ ਲਏ ਜਾਂਦੇ ਸਾਰੇ ਇਮਤਿਹਾਨਾਂ ਦਾ ਮਾਧਿਅਮ ਪੰਜਾਬੀ ਹੋਵੇ ਕਿਉਂਕਿ ਇਹ ਪੰਜਾਬ ਸਰਕਾਰ ਦਾ ਹੀ ਇਕ ਅੰਗ ਹੈ ਤੇ ਇਸਦੀ ਸਾਰੀ ਲਿਖਾ ਪੜ੍ਹੀ ਪੰਜਾਬੀ ਵਿਚ ਹੋਵੇ. ਸਾਡੇ ਮਨ ਵਿਚ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਜਦੋਂ ਤੱਕ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਲਏ ਜਾਣ ਵਾਲੇ ਪੇਪਰਾਂ ਦਾ ਮਾਧਿਅਮ ਪੰਜਾਬੀ ਨਹੀਂ ਹੁੰਦਾ, ਉਦੋਂ ਤੱਕ ਬੁੱਧੀਜੀਵੀਆਂ ਦਾ ਰਵੱਈਆਂ ਪੰਜਾਬ ਸਰਕਾਰ ਪ੍ਰਤੀ ਮਾਧਿਅਮ ਦੇ ਮਾਮਲੇ ਵਿਚ ਰੋਸ ਵਾਲਾ ਹੀ ਰਹੇਗਾ.

ਪ੍ਰੋ. ਪ੍ਰੀਤਮ ਸਿੰਘ ਆਪਣੇ ਲੇਖ 'ਅੰਗਰੇਜ਼ੀ ਭਾਸ਼ਾ ਪੜਾਓ, ਅੰਗਰੇਜ਼ੀ ਮਾਧਿਅਮ ਹਟਾਓ' ਵਿਚ ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨਾਲ ਪੰਜਾਬੀ ਭਾਸ਼ਾ ਨੂੰ ਮਾਧਿਅਮ ਵਜੋਂ ਲਾਗੂ ਕਰਨ ਦੇ ਵਿਸ਼ੇ ਉੱਤੇ ਗੱਲ ਕਰਨ ਦਾ ਜਿਹੜਾ ਮੌਕਾ ਮਿਲਿਆ ਹੈ, ਇਸ ਲਈ ਉਹ ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ ਦੇ ਡਾਇਰੈਕਟਰ ਸਾਹਿਬ ਦਾ ਧੰਨਵਾਦ ਕਰਦੇ ਹਨ. ਉਹ ਦੱਸਦੇ ਹਨ ਕਿ ਪੰਜਾਬ ਵਿਚ ਹੇਠੋਂ ਲੈ ਕੇ ਉੱਪਰ ਤੱਕ, ਸਿੱਖਿਆ ਤੇ ਰਾਜ ਪ੍ਰਬੰਧ ਦੇ ਹਰ ਪੜਾਅ ਉੱਤੇ, ਹਰ ਤਰ੍ਹਾਂ ਦੇ ਵਿਹਾਰ ਲਈ ਪੰਜਾਬੀ ਮਾਧਿਅਮ ਨੂੰ ਛੇਤੀ ਤੋਂ ਛੇਤੀ ਅਪਨਾਉਣ ਦੀ ਨੀਤੀ ਵਿਚ ਮੇਰੇ ਅਟੱਲ ਯਕੀਨ ਦੇ ਕਾਰਨ ਬੋਰਡ ਦੇ

ਵਰਤਮਾਨ ਪ੍ਰਬੰਧਕਾਂ ਨੇ ਮੈਨੂੰ ਅੱਜ ਲਈ ਸੇਵਾ ਨਿਭਾਉਣ ਦੇ ਯੋਗ ਸਮਝਿਆ ਹੈ.

ਅੱਜ-ਕੱਲ੍ਹ ਹਰ ਪਾਸੇ ਅੰਗਰੇਜ਼ੀ ਦਾ ਬੋਲ-ਬਾਲਾ ਹੈ.ਅੱਜ ਸਾਰੇ ਸਕੂਲ, ਯੂਨੀਵਰਸਿਟੀਆਂ, ਕਾਲਜਾਂ ਵਿਚ ਪੜ੍ਹਾਈ ਲਈ ਅੰਗਰੇਜ਼ੀ ਮਾਧਿਅਮ ਵਰਤਿਆ ਜਾਂਦਾ ਹੈ. ਪ੍ਰੋ. ਪ੍ਰੀਤਮ ਸਿੰਘ ਨੂੰ ਪੰਜਾਬ ਸਾਹਿਤ ਅਕਾਦਮੀ, ਲੁਧਿਆਣਾ ਦਾ ਮੰਚ ਜਾਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਯੂਨੀਵਰਸਿਟੀਆਂ ਦੀਆਂ ਵੱਖ-ਵੱਖ ਸੱਥਾਂ ਜਾਂ ਸਰਕਾਰ ਦੇ ਮਹਿਕਮਿਆਂ ਦੇ ਸਲਾਹਕਾਰ ਬੋਰਡ ਵਿਚ ਭਾਗ ਲੈਣ ਦੇ ਬਹੁਤ ਸਾਰੇ ਮੌਕੇ ਮਿਲੇ ਹਨ. ਉਨ੍ਹਾਂ ਨੇ ਹਰ ਜਗ੍ਹਾ ਇਕ ਹੀ ਗੱਲ ਕਹੀ ਹੈ ਕਿ ਮੈਂ ਅੰਗਰੇਜ਼ੀ ਭਾਸ਼ਾ ਦਾ ਵਿਰੋਧ ਨਹੀਂ ਕਰਦਾ. ਸਗੋਂ ਵੱਖਰੀ ਭਾਸ਼ਾ ਸਿੱਖਣੀ ਤੇ ਸਿਖਾਉਣੀ ਇਕ ਚੰਗੀ ਗੱਲ ਹੈ. ਅੰਗਰੇਜ਼ੀ ਨੂੰ ਪੜ੍ਹਾਓ ਅਤੇ ਵਧੇਰੇ ਚੰਗੀਆਂ ਵਿਧੀਆਂ ਨਾਲ ਪੜ੍ਹਾਓ ਤਾਂ ਜੋ ਸਾਡੇ ਵਿਦਿਆਰਥੀ ਵਧੀਆਂ ਢੰਗ ਨਾਲ ਅੰਗਰੇਜ਼ੀ ਪੜ੍ਹ ਅਤੇ ਸਮਝ ਸਕਣ, ਪਰ ਅੰਗਰੇਜ਼ੀ ਮਾਧਿਅਮ ਨਾਲ ਕਿਸੇ ਪ੍ਰਕਾਰ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ.

ਜੇਕਰ ਅਸੀਂ ਆਪਣੀ ਸਿੱਖਿਆ ਲਈ ਅੰਗਰੇਜ਼ੀ ਭਾਸ਼ਾ ਨੂੰ ਮਾਧਿਅਮ ਵਜੋਂ ਵਰਤਾਂਗੇ ਤਾਂ ਸਿੱਖਿਆ ਤੇ ਸਭਿਆਚਾਰ ਦੇ ਢਾਂਚੇ ਅਤੇ ਸਮਾਜਿਕ ਵਿਹਾਰ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਣਗੀਆਂ. ਇਥੇ ਇਹ ਗੱਲ ਵੀ ਸੱਚ ਹੈ ਸਰਕਾਰੀ ਅਧਿਕਾਰੀਆਂ ਜਾਂ ਮੰਤਰੀਆਂ ਨੇ ਪਰਾਏ ਮਾਧਿਅਮ ਨੂੰ ਬਦਲਣ ਲਈ ਕੋਈ ਵੀ ਉਪਰਾਲਾ ਨਹੀਂ ਕੀਤਾ. ਪੰਜਾਬੀ ਵਿਚ ਪੁਸਤਕਾਂ, ਰਸਾਲਿਆਂ, ਸਹਾਇਕ ਹਵਾਲਾ ਗ੍ਰੰਥਾਂ ਦੀ ਘਾਟ ਅਤੇ ਅਧਿਆਪਕਾਂ ਦੀ ਘਾਟ ਹੋਣ ਦੇ ਬਾਵਜੂਦ ਵੀ ਜੇਕਰ ਮਾਧਿਅਮ ਨੂੰ ਬਦਲ ਦਿੱਤਾ ਗਿਆ ਤਾਂ ਸਿੱਖਿਆ ਦਾ ਮਿਆਰ ਹੇਠਾਂ ਬੈਠ ਜਾਵੇਗਾ. ਇਹੋ ਜਿਹੀ ਸੋਚ ਪੈਦਾ ਕੀਤੀ ਜਾ ਰਹੀ ਹੈ ਕਿ ਪੰਜਾਬੀ ਲੋਕ ਇਸ ਗੱਲ ਨੂੰ ਮੰਨ ਲੈਣ ਕਿ ਜੇਕਰ ਅਸੀਂ ਮਾਧਿਅਮ ਵਜੋਂ ਪੰਜਾਬੀ ਨੂੰ ਵਰਤਾਂਗੇ ਤਾਂ ਸਾਡਾ ਸਿੱਖਿਆ ਦਾ ਮਿਆਰ ਹੇਠਾਂ ਰਹਿ ਜਾਵੇਗਾ.

ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਸਾਨੂੰ ਪੰਜਾਬੀ ਦੀ ਯੋਗਤਾ ਤੇ ਸਮਰੱਥਾ ਨੂੰ ਪਹਿਲ ਨਾ ਦੇ ਕੇ, ਪੰਜਾਬੀ ਭਾਸ਼ਾ ਨੂੰ ਵਰਤੋਂ ਵਿਚ ਲਿਆਉਣ ਵਾਲੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ. ਜਿਸ ਪ੍ਰਕਾਰ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਨੂੰ ਬਣਾਇਆ ਗਿਆ ਹੈ. ਉਸੇ ਪ੍ਰਕਾਰ ਜੇਕਰ ਪੰਜਾਬੀ ਨੂੰ ਵੀ ਸਿੱਖਿਆ ਦਾ ਇਕ ਮਾਤਰ ਮਾਧਿਅਮ ਬਣਾਇਆ ਜਾਵੇ ਤਾਂ ਹੀ ਉਸਦੀ ਸੁੱਤੀ ਹੋਈ ਪ੍ਰਤਿਭਾ ਜਾਗੇਗੀ. ਜਿਹੜੇ ਲੋਕ ਪੰਜਾਬੀ ਭਾਸ਼ਾ ਲਈ ਕੋਈ ਰਾਏ ਕਾਇਮ ਕਰਨਾ ਚਾਹੁੰਦੇ ਹਨ ਤਾਂ ਇਹ ਰਾਏ ਉਨ੍ਹਾਂ ਨੂੰ ਉੱਤਮ ਲੇਖਕਾਂ ਦੀਆਂ ਰਚਨਾਵਾਂ ਨੂੰ ਸਾਹਮਣੇ ਰੱਖ ਕੇ ਹੀ ਬਣਾਉਣੀ ਚਾਹੀਦੀ ਹੈ. ਪੰਜਾਬੀ ਭਾਸ਼ਾ ਦੀ ਭਲਾਈ ਲਈ ਵਿਦਵਾਨਾਂ ਅਤੇ ਸਰਕਾਰਾਂ ਦੀ ਸਰਪ੍ਰਸਤੀ ਦੀ ਬੇਸ਼ੱਕ ਅਣਹੋਂਦ ਰਹੀ ਹੈ, ਪਰ ਆਮ ਲੋਕਾਂ ਨੂੰ ਇਸ ਭਾਸ਼ਾ ਨੂੰ ਮਾਧਿਅਮ ਵਜੋਂ ਵਰਤਣ ਦੇ ਭਰਪੂਰ ਮੌਕੇ ਮਿਲਦੇ ਰਹੇ ਹਨ.

ਪ੍ਰੋ. ਪ੍ਰੀਤਮ ਸਿੰਘ ਨੇ ਮਾਧਿਅਮ ਬਦਲੀ ਬਾਰੇ ਬੜੇ ਸਪੱਸ਼ਟ ਵਿਚਾਰ ਸਾਂਝੇ ਕੀਤੇ ਹਨ.ਇਸ ਲੇਖ ਵਿਚ ਉਨ੍ਹਾਂ ਨੂੰ ਇਹ ਵਿਚਾਰ ਸਾਂਝੇ ਕਰਨ ਲਈ ਹੀ ਕਿਹਾ ਗਿਆ ਸੀ. ਉਹ ਚਾਹੁੰਦੇ ਹਨ ਪਾਠ-ਪੁਸਤਕ ਬੋਰਡ ਪਰਿਭਾਸ਼ਿਕ ਸ਼ਬਦਾਵਲੀ, ਪਾਠ-ਪੁਸਤਕਾਂ ਤੇ ਵਿਸ਼ੇ-ਕੋਸ਼ਾਂ ਦੀ ਤਿਆਰੀ ਵਰਗੀਆਂ ਸਮੱਸਿਆਵਾਂ ਦੇ ਨਜਿੱਠਣ ਲਈ ਨੀਤੀਆਂ ਤੇ ਵਿਧੀਆਂ,

ਆਦਿ ਬਾਰੇ ਵਿਚਾਰ-ਵਟਾਂਦਰੇ ਵੀ ਆਯੋਜਿਤ ਕਰੇ ਅਤੇ ਹੁਣ ਤੱਕ ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਸੰਸਥਾਵਾਂ ਤੇ ਪ੍ਰਾਈਵੇਟ ਅਦਾਰਿਆਂ ਵੱਲੋਂ ਪ੍ਰਕਾਸ਼ਿਤ ਸਾਰੀ ਸਮੱਗਰੀ ਦੀ ਚੰਗੀ ਤਰ੍ਹਾਂ ਛਾਣ-ਫਟੱਕ ਕਰਵਾਏ, ਤਾਂ ਜੋ ਅੱਗੋਂ ਲਈ ਸੇਧਾਂ ਨਿਰਧਾਰਿਤ ਹੋ ਜਾਣ.

ਪ੍ਰੋ. ਪ੍ਰੀਤਮ ਸਿੰਘ ਆਪਣੇ ਲੇਖ 'ਦਸੌਰਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ' ਵਿਚ ਦੱਸਦੇ ਹਨ ਕਿ ਪੰਜਾਬ ਵਿਚ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਦੇ ਆ ਜਾਣ ਕਾਰਨ ਪੰਜਾਬ ਦੇ ਸਿੱਖਿਆ ਦੇ ਖੇਤਰਾਂ ਵਿਚ ਪੰਜਾਬੀ ਨੂੰ ਜਿਹੜੀ ਥਾਂ ਮਿਲਣੀ ਚਾਹੀਦੀ ਸੀ ਉਹ ਨਹੀਂ ਮਿਲੀ. ਪ੍ਰੋ. ਪ੍ਰੀਤਮ ਸਿੰਘ ਨੂੰ ਵੱਖ-ਵੱਖ ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ ਤੇ ਉੱਥੋਂ ਦੇ ਕਾਲਜਾਂ ਵਿਚ ਘੁੰਮਣ ਦਾ ਮੌਕਾ ਮਿਲਿਆ ਹੈ.ਉੱਥੇ ਉਨ੍ਹਾਂ ਨੇ ਇਹ ਦੇਖਿਆ ਕਿ ਵੱਖ-ਵੱਖ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਹੋਣ ਵਾਲੀ ਪੜ੍ਹਾਈ ਉੱਥੋਂ ਦੀ ਆਪਣੀ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿਚ ਨਹੀਂ ਹੁੰਦੀ. ਪ੍ਰੋ. ਪ੍ਰੀਤਮ ਸਿੰਘ ਅਨੁਸਾਰ: ਮੈਨੂੰ ਵਿਦੇਸ਼ਾਂ ਵਿਚ ਜਾਣ ਦਾ ਮੌਕਾ ਨਾ ਮਿਲਿਆ ਹੁੰਦਾ ਤਾਂ ਸ਼ਬਰੇ ਮੈਂ ਢਿੱਲਾ ਹੋ ਜਾਂਦਾ ਤੇ ਅੰਤਰ-ਰਾਸ਼ਟਰੀ ਮਾਰਕੀਟ ਵਿਚ ਮੁੱਲ ਪੈਣ ਵਾਲੀ ਗੱਲ ਮੰਨ ਲੈਂਦਾ, ਪਰ ਯੂ.ਕੇ, ਯੂ. ਐਸ.ਏ ਤੇ ਕਨੇਡਾ ਵਿਚ ਜਾ ਕੇ ਪਤਾ ਲੱਗਾ ਕਿ 1960 ਤੱਕ ਪੰਜਾਬੀ ਪਰਵਾਸੀਆਂ ਦੇ ਜਿਹੜੇ ਪੂਰਾਂ ਦੇ ਪੂਰ ਉੱਥੇ ਪਹੁੰਚ ਰਹੇ, ਉਨ੍ਹਾਂ ਵਿਚੋਂ ਬਹੁਤੇ ਅੰਗਰੇਜ਼ੀ ਤਾਂ ਕਿਤੇ ਰਹੀ, ਮੁੱਢਲੀ ਸਕੂਲੀ ਵਿਦਿਆ ਤੋਂ ਵੀ ਕੋਰੇ ਸਨ.ਉੱਥੇ ਜਾ ਕੇ ਉਨ੍ਹਾਂ ਨੇ ਹੱਡ-ਭੰਨ ਮਿਹਨਤ ਕੀਤੀ ਤੇ ਸਿਰਫ਼ ਡਾਲਰ ਹੀ ਨਹੀਂ ਕਮਾਏ, ਆਪਣੀਆਂ ਫ਼ੈਕਟਰੀਆਂ ਤੇ ਕੰਪਨੀਆਂ ਵਿਚ ਗੋਰੇ ਅੰਗਰੇਜ਼, ਅਮਰੀਕਨ, ਕੈਨੇਡੀਅਨ, ਵੱਖ-ਵੱਖ ਅਸਾਮੀਆਂ ਉੱਤੇ ਇਹੋ ਜਿਹੀਆਂ ਸਾਡੀਆਂ ਬੋਲੀਆ ਨਾ ਜਾਣਨ ਵਾਲੇ ਲੋਕ ਦੇਸੀਆਂ ਕੋਲੋਂ ਲੈਂਦੇ ਸਨ ਵੱਡੀ ਗੱਲ ਤਾਂ ਇਹ ਹੈ ਕਿ ਸਫ਼ਲਤਾ ਦੀ ਇਹ ਕਹਾਣੀ ਇੱਕੇ-ਦੁੱਕੇ ਉੱਤੇ ਨਹੀਂ, ਹਜ਼ਾਰਾਂ ਪੰਜਾਬੀ ਪਰਵਾਸੀ ਪਰਿਵਾਰਾਂ ਉੱਤੇ ਢੁੱਕਦੀ ਹੈ.[4]

ਕੈਲੇਫੋਰਨੀਆਂ ਵਿਚ ਵੀ ਕਈ ਤਰ੍ਹਾਂ ਦੇ ਅਜਿਹੇ ਲੋਕ ਮਿਲਦੇ ਹਨ ਜਿਹੜੇ ਆਪਣੇ ਕਰੋੜਾਂ ਦੇ ਸੌਦੇ ਗੁਲਾਬੀ ਅੰਗਰੇਜ਼ੀ ਵਿਚ ਕਰਦੇ ਹਨ ਤੇ ਉਨ੍ਹਾਂ ਨੂੰ ਮਾਧਿਅਮ ਦੀ ਥੁੜ ਉੱਤੇ ਕੋਈ ਸੰਗ ਨਹੀਂ ਆਉਂਦੀ. ਇਸ ਲਈ ਸਾਰੇ ਲੋਕਾਂ ਦੇ ਸਮਝਣ ਵਾਲਾ ਨੁਕਤਾ ਇਹ ਹੈ ਕਿ ਜੇਕਰ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਅੰਤਰ-ਰਾਸ਼ਟਰੀ ਮਾਰਕੀਟ ਵਿਚ ਆਪਣਾ ਮੁੱਲ ਪਵਾ ਸਕਣ. ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਹੋਰ ਭਾਸ਼ਾਵਾਂ ਜਿੰਨੀਆਂ ਮਰਜ਼ੀ ਪੜ੍ਹਾਈਏ, ਅੰਗਰੇਜ਼ੀ ਵੀ ਜਿੰਨੀ ਮਰਜ਼ੀ ਪੜ੍ਹਾਈਏ, ਪਰ ਮਾਧਿਅਮ ਵਜੋਂ ਪੰਜਾਬੀ ਦਾ ਪ੍ਰਯੋਗ ਕਰੀਏ ਤਾਂ ਹੀ ਉਨ੍ਹਾਂ ਦੇ ਸਮੇਂ, ਸ਼ਕਤੀ ਤੇ ਪ੍ਰਤਿਭਾ ਨੂੰ ਅਜਾਈਂ ਜਾਣ ਤੋਂ ਬਚਾਇਆ ਜਾ ਸਕਦਾ ਹੈ.

ਪੰਜਾਬੀ ਭਾਸ਼ਾ ਦੀ ਅਸਮਰੱਥਾ ਦਾ ਬਹਾਨਾ ਲਗਾ ਕੇ ਉਸਦੀ ਜਗ੍ਹਾ ਅੰਗਰੇਜ਼ੀ ਮਾਧਿਅਮ ਦਾ ਪ੍ਰਯੋਗ ਇਕ ਲੰਗੜਾ ਬਹਾਨਾ ਹੈ. ਇਹ ਅਸਮਰੱਥਾ ਪੰਜਾਬੀ ਲੋਕਾਂ ਦੀ ਹੈ, ਨਾ ਕਿ ਭਾਸ਼ਾ ਦੀ. ਹਰ ਭਾਸ਼ਾ ਦੀ ਸਮਰੱਥਾ ਉਸਦੀ ਵਰਤੋਂ ਨਾਲ ਬਣਦੀ ਹੈ ਤੇ ਭਾਸ਼ਾ ਨੂੰ ਬੋਲਣ ਵਾਲੇ ਲੋਕ ਹੀ ਉਸਦੀ ਸਮਰੱਥਾ ਨੂੰ ਬਣਾਉਂਦੇ ਸਨ. ਫ਼ਰਾਂਸੀਸੀ ਲੇਖਕ ਆਪਣੀਆਂ ਰਚਨਾਵਾਂ ਲਈ ਆਪਣੀ ਭਾਸ਼ਾ ਦਾ ਪ੍ਰਯੋਗ ਕਰਦੇ ਸਨ ਤੇ

ਅੰਗਰੇਜ਼ੀ ਭਾਸ਼ਾ ਨੂੰ ਉਹ ਫ਼ਰਾਂਸੀਸੀ ਭਾਸ਼ਾ ਦੇ ਨੇੜੇ-ਤੇੜੇ ਦੀ ਭਾਸ਼ਾ ਵੀ ਨਹੀਂ ਸਮਝਦੇ.

ਅੰਗਰੇਜ਼ੀ, ਫਰਾਂਸੀਸੀ ਤੇ ਜਰਮਨ ਵਰਗੀਆਂ ਵਿਕਸਿਤ ਭਾਸ਼ਾਵਾਂ ਦਾ ਤਕਰੀਬਨ ਸਾਰਾ ਵਿਕਾਸ, ਪਿਛਲੀਆਂ ਤਿੰਨ ਚਾਰ ਸਦੀਆਂ ਦੇ ਵਿਚ ਹੀ ਹੋਇਆ ਹੈ ਤੇ ਜਿਹੜੀ ਪੰਜਾਬੀ ਨੂੰ ਅੱਜ ਪੱਛੜੀ ਹੋਈ ਤੇ ਆਧੁਨਿਕ ਗਿਆਨ ਦਾ ਭਾਰ ਚੁੱਕਣ ਦੇ ਨਾਕਾਬਲ ਦੱਸਿਆ ਜਾਂਦਾ ਹੈ, ਉਹ ਅੱਠ ਸਦੀਆਂ ਪਹਿਲਾਂ ਬੜੇ ਪ੍ਰਮੁੱਖ ਮੁਹਾਵਰੇ ਵਿਚ ਫ਼ਰੀਦੀ ਸੋਚ ਦਾ ਮਾਧਿਅਮ ਬਣਨ ਲਈ ਸਮਰੱਥਾਵਾਨ ਸਮਝੀ ਗਈ ਸੀ. ਬੁਲਾਰਿਆਂ ਦੀ ਗਿਣਤੀ ਦੇ ਲਿਹਾਜ਼ ਨਾਲ ਵੀ ਇਸਦਾ ਨੰਬਰ ਦੁਨੀਆਂ ਦੀਆਂ ਪਹਿਲੀਆਂ ਬਾਰ੍ਹਾਂ-ਤੇਰਾਂ ਭਾਸ਼ਾਵਾਂ ਵਿਚ ਆ ਜਾਂਦਾ ਹੈ. ਫੇਰ ਵੀ ਅਸੀਂ ਆਪਣੀ ਪੰਜਾਬੀ ਉੱਤੇ ਅਯੋਗਤਾ ਜਾਂ ਅਸਮਰੱਥਾ ਦਾ ਦੋਸ਼ ਲਾ ਕੇ, ਇਸਨੂੰ ਆਪਣੇ ਬੱਚਿਆਂ ਤੇ ਨੌਜਵਾਨਾਂ ਦੀ ਸਿੱਖਿਆ ਦੇ ਕਾਰਜ-ਕ੍ਰਮ ਤੋਂ ਬਾਹਰਵਾਰ ਰੱਖਣਾ ਲੋਚੀਏ ਤਾਂ ਕਿਹੜਾ ਮਨੋਵਿਗਿਆਨੀ, ਭਾਸ਼ਾ-ਸ਼ਾਸਤਰੀ ਜਾਂ ਸਿੱਖਿਆ ਸ਼ਾਸਤਰ ਦਾ ਮਾਹਰ ਹੀ ਕਹੇਗਾ ਕਿ ਦੋਸ਼ ਪੰਜਾਬੀ ਭਾਸ਼ਾ ਵਿਚ ਹੈ? ਫ਼ਿਰਕੂਪੁਣੇ, ਸੰਕੀਰਣਤਾ ਜਾਂ ਅਗਿਆਨ ਦੇ ਪੜਦੇ ਸਾਡੀਆਂ ਆਪਣੀਆਂ ਅੱਖਾਂ ਉੱਤੇ ਪਏ ਹੋਏ ਹਨ ਪੰਜਾਬੀ ਉੱਤੇ ਨਹੀਂ. ਇਹ ਤਾਂ ਉਹੀ ਭਾਸ਼ਾ ਹੈ, ਜਿਸ ਵਿਚ ਗੁਰੂ ਨਾਨਕ ਦੇਵ, ਭਾਈ ਗੁਰਦਾਸ, ਸੱਯਦ ਵਾਰਿਸ ਸ਼ਾਹ ਤੇ ਪ੍ਰੋ. ਪੂਰਨ ਸਿੰਘ ਦੇ ਭਾਵ ਵਿਅਕਤ ਕਰਨ ਦੀ ਸਮਰੱਥਾ ਮੌਜੂਦ ਸੀ.[5]

## ਹਵਾਲੇ ਤੇ ਟਿੱਪਣੀਆਂ

1. ਪ੍ਰੋ. ਪ੍ਰੀਤਮ ਸਿੰਘ, ਪੰਜਾਬ, ਪੰਜਾਬੀ, ਪੰਜਾਬੀਅਤ, ਪੰਨਾ 50.
2. ਉਹੀ, ਪੰਨਾ 82.
3. ਉਹੀ, ਪੰਨਾ 87.
4. ਉਹੀ, ਪੰਨਾ 134.
5. ਉਹੀ, ਪੰਨਾ 135-136.

***

# ਆਈ ਕੈਨੇਡਾ ਵਿਆਹੀ:

# ਸਮਾਜ–ਸਭਿਆਚਾਰਕ ਸਰੋਕਾਰ

ਹਰਦੀਪ ਕੁਮਾਰ

ਸੰਪਰਕ: 7696748526

ਹਰ ਇਕ ਸਮਾਜ ਦਾ ਆਪਣਾ ਵਿੱਲਖਣ ਤੇ ਨਿਵੇਕਲਾ ਸਭਿਆਚਾਰ ਹੁੰਦਾ ਹੈ ਜੋ ਕਿ ਉਸ ਦੀ ਬਾਕੀ ਸਮਾਜ-ਸਭਿਆਚਾਰ ਨਾਲੋਂ ਨਿਵੇਕਲੀ ਹੋਂਦ ਬਣਾਉਣ ਵਿਚ ਸਹਾਈ ਹੁੰਦਾ ਹੈ. ਇਸ ਵਿਚ ਉਨ੍ਹਾਂ ਦਾ ਰਹਿਣ-ਸਹਿਣ, ਖਾਣ-ਪੀਣ, ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਰਸਮਾਂ-ਰਿਵਾਜ, ਅਤੇ ਪਰਿਵਾਰਕ ਇਕਾਈ ਆਦਿ ਸਭਿਆਚਾਰ ਦੇ ਅੰਤਰਗਤ ਆ ਜਾਂਦੇ ਹਨ. ਸਭਿਆਚਾਰ ਦਾ ਹਰ ਇਕ ਅੰਗ ਆਪਣਾ ਇਕ ਅਹਿਮ ਸਥਾਨ ਰੱਖਦਾ ਹੈ, ਕਿਉਂਕਿ ਵਿਅਕਤੀ ਜਿਸ ਸਭਿਆਚਾਰਕ ਸਮਾਜ ਵਿਚ ਵਿਚਰ ਰਿਹਾ ਹੁੰਦਾ ਹੈ, ਉਹ ਸਮਾਜ ਦਾ ਉਸਦੇ ਜੀਵਨ ਵਿਚ ਅਹਿਮ ਸਥਾਨ ਰੱਖਦਾ ਹੈ.ਹਰ ਇਕ ਸਭਿਆਚਾਰ ਬਾਕੀ ਸਭਿਆਚਾਰਾਂ ਨਾਲੋਂ ਭਿੰਨ ਹੁੰਦਾ ਹੈ. ਇਹ ਭਿੰਨ੍ਹਤਾ ਆਰਥਿਕ, ਭੂਗੋਲਿਕ, ਰਾਜਨੀਤਿਕ ਤੇ ਸਮਾਜਕ ਪੱਖੋਂ ਹੁੰਦੀ ਹੈ. ਕੋਈ ਵੀ ਵਿਅਕਤੀ ਆਪਣੇ ਸਮਾਜਿਕ ਸਭਿਆਚਾਰ ਨਾਲੋਂ ਕਦੀ ਵੀ ਟੁੱਟ ਨਹੀਂ ਸਕਦਾ, ਕਿਓਕਿ ਉਹ ਸਭਿਆਚਾਰ ਉਸਦੇ ਲਹੂ-ਲੁਹਾਣ ਵਿਚ ਰਚ ਮਿਚ ਗਿਆ ਹੁੰਦਾ ਹੈ, ਭਾਵੇਂ ਉਹ ਆਪਣੇ ਦੇਸ਼ ਵਿਚ ਰਹੇ ਜਾਂ ਫ਼ਿਰ ਆਪਣੀ ਧਰਤੀ ਨਾਲੋਂ ਟੁੱਟ ਪਰਾਏ ਦੇਸ਼ ਵਿਚ ਵਿਚਰੇ. ਉਸਦੀ ਮਾਨਸਿਕਤਾ ਵਿਚ ਇਹ ਸਮਾਜਿਕ ਸਭਿਆਚਾਰ ਮੱਹਤਵ ਕੰਮ ਕਰ ਰਹੇ ਹੁੰਦੇ ਹਨ.

ਹਰੇਕ ਲੇਖਕ ਆਪਣੀਆ ਰਚਨਾਵਾਂ ਲਈ ਆਧਾਰ-ਸਮੱਗਰੀ ਆਪਣੇ ਸਮਾਜ ਵਿਚੋਂ ਲੈਂਦਾ ਹੈ. ਇਹ ਆਧਾਰ-ਸਮੱਗਰੀ ਉਸਦੇ ਸੰਸਕਾਰਾਂ ਵਿਚ ਘਰ ਬਣਾ ਚੁੱਕੀ ਹੁੰਦੀ ਹੈ. ਇਹ ਲਗਾਤਾਰ ਆਪਣੇ ਜੀਵਨ ਵਿਚ ਵਿਚਰਦਿਆਂ ਆਪਣੇ ਆਲੇ-ਦੁਆਲੇ ਵਿਚੋਂ, ਆਪਣੇ ਸਮਾਜ ਵਿਚੋਂ ਪ੍ਰਭਾਵ ਗ੍ਰਹਿਣ ਕਰ ਕੇ ਆਪਣੀ ਰਚਨਾ ਦੀ ਸਿਰਜਣਾ ਕਰਦਾ ਹੈ. ਇਹ ਪ੍ਰਭਾਵ ਉਸਦੇ ਸਮਾਜ ਸਭਿਆਚਾਰ ਸਰੋਕਾਰ ਹੀ ਹੁੰਦੇ ਹਨ. ਲੇਖਕ ਆਪਣੇ ਸਮਾਜਿਕ-ਸਭਿਆਚਾਰ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ. ਇਸਦੇ ਨਾਲ-ਨਾਲ ਆਪਣੇ ਸਭਿਆਚਾਰਕ ਤੋਂ ਬਾਹਰ ਵਾਪਰਦੇ ਵਰਤਾਰੇ ਨੂੰ ਆਪਣੀ ਰਚਨਾ ਨੂੰ ਪੇਸ਼ ਕਰਨ ਵਿਚ ਗੁਰੇਜ਼ ਨਹੀਂ ਕਰਦਾ, ਸਗੋਂ ਇਹ ਵੀ ਸਮਾਜਿਕ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਕਰਦੀਆਂ ਹਨ.

ਸਭਿਆਚਾਰ ਹਮੇਸ਼ਾ ਹੀ ਜਨਤਾ ਨੂੰ ਇਕ ਨਿਸ਼ਚਿਤ ਜੀਵਨ ਅਤੇ ਵਿਸ਼ਵਦ੍ਰਿਸ਼ਟੀ ਪ੍ਰਧਾਨ ਕਰਦਾ ਹੈ. ਮਨੁੱਖ ਆਪਣੇ ਜੀਵਨ ਦੇ ਨਿਰੰਤਰ ਘੋਲ ਹਰੇਕ ਸਮਾਜਿਕ ਘਟਨਾ, ਵਰਤਾਰੇ, ਵਿਚਾਰ, ਪ੍ਰਕਿਰਤੀ ਅਤੇ ਇਸਦੇ ਰੂਪਾਂ, ਨਿਯਮਾਂ, ਰੱਹਸਾਂ ਬਾਰੇ ਵਿਵਹਾਰਕ ਜੀਵਨ ਵਿਚੋਂ ਕਿਸੇ ਨਾ ਕਿਸੇ ਪੱਧਰ ਤੇ ਸੁਚੇਤ ਜਾਂ ਅਚੇਤ ਰੂਪ ਵਿਚ ਸਭਿਆਚਾਰ ਵਿਚੋਂ ਹੀ ਪ੍ਰਾਪਤ ਕੀਤਾ ਗਿਆ ਹੁੰਦਾ ਹੈ. ਸਾਹਿਤ ਸਮਾਜਿਕ ਸਭਿਆਚਾਰ ਸਰੋਕਾਰਾਂ ਨੂੰ ਪ੍ਰਗਟਾਉਣ ਦਾ ਅਜਿਹਾ ਮਾਧਿਅਮ ਹੁੰਦਾ ਹੈ, ਜਿਸ ਵਿਚ ਸਦੀਵੀਂ ਕੀਮਤਾਂ ਨੂੰ ਸਮਾਜਿਕ ਤੇ ਇਤਿਹਾਸਕ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੁੰਦਾ ਹੈ.

ਅਵਤਾਰ ਸਿੰਘ ਵਿਰਦੀ ਦਾ ਨਾਵਲ "ਆਈ ਕੈਨੇਡਾ ਵਿਆਹੀ" ਵਿਚ ਨਾਵਲਕਾਰ ਨੇ ਪੰਜਾਬੀ ਦੀਆਂ ਰਸਮਾਂ-ਰਿਵਾਜਾਂ, ਕੰਮ-ਧੰਦਿਆਂ, ਅੰਧ ਵਿਸ਼ਵਾਸ਼ਾਂ, ਸੰਸਕਾਰਾਂ, ਆਦਤਾਂ, ਭਾਵਨਾਵਾਂ, ਸੋਚਾਂ ਤੇ ਇਛਾਵਾਂ ਦੀ ਪੇਸ਼ਕਾਰੀ ਕੀਤੀ ਹੈ. ਜਿਸ ਵਿਚ ਨਾਵਲਕਾਰ ਨੇ ਨਾਵਲ ਦੇ ਆਰੰਭ ਤੋਂ ਲੈ ਕੇ ਅਖ਼ੀਰ ਤੱਕ ਨਾਵਲ ਵਿਚਲੀ ਨਾਇਕਾ ਤੇ ਬਾਕੀ ਨਾਵਲੀ ਰਚਨਾ ਸਮਾਜਿਕ-ਸਭਿਆਚਾਰਾਂ ਸਰੋਕਾਰਾਂ ਦੇ ਇਰਦ-ਗਿਰਦ ਘੁੰਮਦੀ ਹੈ. ਹੱਥਲੇ ਨਾਵਲ ਵਿਚ ਸਮਾਜਿਕ-ਸਭਿਆਚਾਰਾਂ ਸਰੋਕਾਰਾਂ ਦੀ ਪੇਸ਼ਕਾਰੀ ਨਾਵਲ ਵਿਚਲੀ ਮੁੱਖ ਪਾਤਰ ਸੋਨੀਆ ਵਿਆਹ ਨਾਲ ਹੀ ਹੋ ਜਾਂਦੀ ਹੈ. ਸੋਨੀਆ ਦੇ ਵਿਆਹ ਦੌਰਾਨ ਉਸਦੀਆਂ ਸਹੇਲੀਆਂ ਦਾ ਵਿਆਹ ਵਿਚ ਪੰਜਾਬੀ ਬੋਲੀਆ ਅਤੇ ਗਿਧੇ ਨੂੰ ਪਾਉਣਾ ਹੀ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਕਰਦੀਆਂ ਹਨ. ਉਸਦੇ ਵਿਆਹ ਨਾਲ ਉਸਦੀਆ ਸਹੇਲੀਆਂ ਦਾ ਨੱਚਣਾਂ ਤੇ ਚਾਵਾਂ ਨੂੰ ਇਸ ਪੇਸ਼ ਵਿਚ ਕੀਤਾ ਗਿਆ ਹੈ. ਜਦੋਂ ਸੋਨੀਆ ਦੀ ਸਹੇਲੀ ਪੰਜਾਬੀ ਬੋਲੀ ਪਾਉਦੀ ਹੈ ਤੇ ਉਹ ਆਖਦੀ ਹੈ ਕਿ, "ਬਾਰੀ ਖੱਟਣ ਗਿਆ ਸੀ ਖੱਟ ਕੇ ਲਿਆਂਦੇ ਚੌਲ, ਮਾਹੀ ਕਾਲੇ ਰੰਗ ਦਾ–ਵੇਖ ਪੈਣ ਮੈਨੂੰ ਹੌਲੀ...", ਅਤੇ ਬਾਕੀ ਸਾਥਨਾਂ ਇਸ ਬੋਲੀ ਨੂੰ ਚੁੱਕਦੀਆਂ ਹਨ. "ਬਾਰੀ ਬਰਸੀ ਖੱਟਣ ਗਿਆ ਸੀ ਖੱਟ ਲਿਆਂਦੇ ਢੱਗੇ, ਚੰਨ ਮਾਹੀ ਮੇਰਾ-ਫ਼ਿਲਮੀ ਹੀਰੋ ਲੱਗੇ."[1]

ਇਸ ਤਰ੍ਹਾਂ ਨਾਵਲਕਾਰ ਨੇ ਵਿਆਹ ਦੀਆ ਰਸਮਾਂ ਨੂੰ ਅਤੇ ਪੰਜਾਬੀ ਬੋਲੀਆਂ ਨੂੰ ਨਾਵਲ ਵਿਚ ਪੇਸ਼ ਕੀਤਾ ਹੈ. ਜਿਸ ਤੋਂ ਪੰਜਾਬੀ ਸਭਿਆਚਾਰ ਦੀ ਰਹਿਣੀ-ਬਹਿਣੀ ਬਾਰੇ ਵੀ ਜਾਣਕਾਰੀ ਮਿਲਦੀ ਹੈ. ਜਿਥੇ ਅਵਤਾਰ ਸਿੰਘ ਵਿਰਦੀ ਨੇ ਪੰਜਾਬੀ ਸਭਿਆਚਾਰ ਦੀ ਪਛਾਣ ਬਾਰੇ ਜਾਣਕਾਰੀ ਦਿੱਤੀ ਹੈ ਤੇ ਉਥੇ ਨਾਲ ਹੀ ਨਾਲ ਸਭਿਆਚਾਰਕ ਕਦਰਾਂ–ਕੀਮਤਾਂ ਜਿਵੇਂ ਕਿ ਨੈਤਿਕ ਕਦਰਾਂ-ਕੀਮਤਾਂ, ਸਮਾਜਿਕ ਕੀਮਤਾਂ, ਧਾਰਮਿਕ ਕੀਮਤਾਂ ਵੱਲ ਵੀ ਭਰਪੂਰ ਜਾਣਕਾਰੀ ਦਿੱਤੀ ਹੈ ਅਜਿਹੇ ਨਿਯਮ ਜਾਂ ਫ਼ਰਜ਼ ਮਨੁੱਖ ਉਪਰ ਥੋਪੇ ਨਹੀਂ ਗਏ ਹੁੰਦੇ ਹਨ, ਸਗੋਂ ਸਹਿਜ ਸੁਭਾਅ ਹੀ ਮਨੁੱਖ ਇਸਨੂੰ ਆਪਣੇ ਆਲੇ ਦੁਆਲੇ ਦੇ ਸਮਾਜ ਸਭਿਆਚਾਰ ਵਿਚ ਹੀ ਗ੍ਰਹਿਣ ਕਰਦਾ ਹੈ ਇਹਨਾਂ ਗ੍ਰਹਿਣ ਪਿਛੇ ਸਭ ਤੋਂ ਪਹਿਲੀ ਇਕਾਈ ਪਰਿਵਾਰ ਦਾ ਤਾਣਾ- ਬਾਣਾ ਹੁੰਦਾ ਹੈ ਜੋ ਕਿ ਮਨੁੱਖ ਨੂੰ ਆਦਰਸ਼ ਮਨੁੱਖ ਬਣਾਉਣ ਪਿਛੇ ਪਰਿਵਾਰ ਦਾ ਬਹੁਤ ਵੱਡਾ ਹੱਥ ਹੁੰਦਾ ਹੈ.ਨਾਵਲ ਵਿਚਲੀ ਪਾਤਰ ਸੋਨੀਆ ਦੇ ਪਰਿਵਾਰ ਵਾਲੇ ਆਦਰਸ਼ ਮਨੁੱਖ ਦੀ ਤਰ੍ਹਾਂ ਆਪਣਾ ਜੀਵਨ ਬਤੀਤ ਕਰਦੇ ਹਨ. ਜਿਸ ਤੋਂ ਪ੍ਰਭਾਵਿਤ ਹੋ ਕੇ ਸੋਨੀਆ ਤੇ ਉਸ ਦੇ ਭੈਣ ਭਰਾ ਇਕ ਆਦਰਸ਼ ਮਨੁੱਖ ਦੀ ਤਰ੍ਹਾਂ ਜੀਵਨ ਬਤੀਤ ਕਰਦੇ ਹਨ. ਜੋ ਕਿ ਸਮਾਜ ਦੀ ਸਭ ਤੋਂ ਵੱਡੀ ਸਮੱਸਿਆ ਤੇ ਉਸ ਦਾ ਪਰਿਵਾਰ ਤੇ ਆਪ ਵੀ ਆਪਣੀ ਪਰਿਵਾਰਿਕ ਪ੍ਰਰਵਿਸ਼ ਵਧੀਆ ਹੋਣ ਕਰ ਕੇ ਇਹਨਾਂ ਗਲਤ ਸੰਗਤ ਤੋਂ ਦੂਰ ਰਹਿੰਦੀ ਹੈ ਭਾਵੇਂ ਉਹ ਗ਼ਲਤ ਸੰਗਤ ਵਿਚ ਵਿਚਰਦੀ ਹੈ, ਪਰ ਉਹ ਆਪਣੇ ਆਪ ਨੂੰ ਇਸ ਨੂੰ ਇਸ ਤੋਂ ਬਚਾ ਕੇ ਰੱਖਦੀ ਹੈ.

ਨਾਵਲਕਾਰ ਜਿਥੇ ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕੀਤੀ ਉਥੇ ਨਾਲ ਹੀ ਨਾਲ ਨੌਜਵਾਨਾਂ ਦੀ ਨਸ਼ਿਆ ਵੱਲ ਵੱਧ ਰਹੇ ਰੁਝਾਨ ਦੀ ਗੱਲ ਕੀਤੀ ਹੈ, ਜੋ ਕਿ ਨਸ਼ਿਆਂ ਦੀ ਵਰਤੋਂ ਕਰ ਕੇ ਆਪਣੇ ਨਿੱਜੀ ਜੀਵਨ ਤਬਾਹ ਤਾਂ ਕਰ ਰਹੇ ਹਨ ਤੇ ਪਰਿਵਾਰ ਵਲੋਂ ਦਿਤੀ ਗਈ ਖੁੱਲ ਦਾ ਵੀ ਗਲਤ ਨਜਾਇਜ਼ ਫਾਇਦਾ ਵੀ ਉਠਾ ਰਿਹੈ ਹਨ, ਭਾਵੇਂ ਉਹ ਕੁੜੀਆ ਤੇ ਭਾਵੇਂ ਉਹ ਮੁੰਡੇ ਹਨ ਸਭ ਹੀ ਅਜੋਕੇ ਜੀਵਨ ਵਿਚ ਆਪਣੇ ਪਰਿਵਾਰ ਵਲੋਂ ਦਿੱਤੀ ਗਈ ਖੁੱਲ ਦਾ ਨਜਾਇਜ਼ ਫਾਇਦਾ ਵੀ

ਉਠਾ ਰਹੇ ਹਨ ਜਦੋਂ ਨਾਵਲ ਵਿਚਲੀ ਪਾਤਰ ਆਪਣੀ ਨਰਸਿੰਗ ਦੀ ਪੜ੍ਹਾਈ ਹੋਸਟਲ ਵਿਚ ਰਹਿ ਕੇ ਕਰਦੀ ਹੈ ਤਾਂ ਉਹ ਉਥੇ ਦੀਆਂ ਕੁੜੀਆ ਦੇ ਮਾੜੇ ਕਾਰਜ ਬਾਰੇ ਬਿਆਨ ਕਰਦੀ ਹੈ, "ਨਰਸਿੰਗ ਕਾਲਜ ਵਿਚ ਕੁਝ ਕੁੜੀਆ ਦੇ ਬੁਆਏ ਫ੍ਰੈਡਜ਼ ਸਨ. ਉਨਾਂ ਪੰਜ ਅਵਾਰਾ ਜਿਹੀਆ ਕੁੜੀਆ ਨੇ ਆਪਣਾ ਹੀ ਗਰੁੱਪ ਬਣਾਇਆ ਹੋਇਆ ਸੀ, ਪਰ ਸਾਡਾ ਗਰੁੱਪ ਉਨਾਂ ਕੁੜੀਆ ਨਾਲੋਂ ਬਿਲਕੁਲ ਵੱਖਰਾ ਸੀ .ਅਸੀਂ ਉਨ੍ਹਾਂ ਨੂੰ ਬੁਲਾਉਣਾ ਵੀ ਪਸੰਦ ਨਹੀ ਸੀ ਕਰਦੀਆਂ. ਸਾਨੂੰ ਉਹ ਅਕਸਰ ਆਉਦੀਆਂ-ਜਾਂਦੀਆਂ ਨੂੰ ਟਿਚਰਾਂ ਕਰਦੀਆ ਰਹਿੰਦੀਆਂ ਸਨ.ਕਿਸੇ ਨੇ ਕਹਿਣਾ, "ਸਾਧਣੀਆਂ ਆ ਗਈਆਂ." ਕਿਸੇ ਨੇ ਕਹਿਣਾ, "ਇਹਨ੍ਹਾਂ ਨੂੰ ਕੀ ਪਤਾ ਜ਼ਿੰਦਗੀ ਦੇ ਮਜ਼ੇ ਕੀ ਹੁੰਦੇ ਨੇ." ਕਿਸੇ ਨੇ ਕਹਿਣਾ, "ਬੜੀਆ ਈ ਸੱਚੀਆ- ਸੁਚੀਆ ਕੁੜੀਆ ਨੇ, ਪਰ ਸੱਚੇ ਸੁਚੇ ਮੁੰਡੇ ਕਿਥੋਂ ਲੱਭਣਗੀਆ?"[2]

ਇਸ ਵਾਰਤਾਲਾਪ ਵਿਚ ਨਾਵਲਕਾਰ ਨੇ ਸਿਰਫ਼ ਨੌਜਵਾਨ ਕੁੜੀਆ ਦੇ ਵਿਗੜਨ ਦੀ ਗੱਲ ਨਹੀਂ ਕੀਤੀ ਹੈ, ਸਗੋਂ ਮੁੰਡਿਆਂ ਦੀ ਵੀ ਗੱਲ ਕੀਤੀ ਹੈ ਜੋ ਕਿ ਕਿਸੇ ਵੀ ਗਲਤ ਕੰਮ ਅਭਿੱਜ ਨਹੀਂ ਹਨ. ਭਾਵੇਂ ਉਹੀ ਕੁੜੀ ਹੈ ਜਾਂ ਮੁੰਡਾ. ਉਹ ਸਾਰੇ ਹੀ ਆਪਣੀ ਭਵਿੱਖ ਅਤੇ ਜ਼ਿੰਦਗੀ ਦੀ ਪ੍ਰਵਾਹ ਕੀਤੇ ਬਿਨਾਂ ਸਿਰਫ਼ ਵਰਤਮਾਨ ਜ਼ਿੰਦਗੀ ਦੀ ਖੁੱਲ ਮਾਣਨ ਨੂੰ ਲੱਗੇ ਹਨ. ਨਾਵਲਕਾਰ ਨੇ ਦੇਸ਼ ਵਿਚ ਦਿਨ ਬ ਦਿਨ ਵੱਧਦੀ ਜਾ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਮਾਣਨ ਵਿਚ ਪੇਸ਼ ਕੀਤਾ ਹੈ ਅਤੇ ਇਸ ਉਪਰੰਤ ਭਵਿੱਖ ਵਿਚ ਪੈਦਾ ਹੋਣ ਵਾਲੇ ਗਲਤ ਨਤੀਜਿਆ ਬਾਰੇ ਵੀ ਭਰਪੂਰ ਚਰਚਾ ਕੀਤੀ ਹੈ ਨਾਵਲ ਵਿਚਲਾ ਮਰਦ ਪਾਤਰ ਬਲਜੀਤ ਦੀ ਆਪਣੀ ਜਵਾਨੀ ਵਿਚ ਨਸ਼ਿਆਂ ਵਿਚ ਪੈ ਜਾਂਦਾ ਹੈ ਅਤੇ ਬਾਅਦ ਵਿਚ ਉਹੀ ਨਸ਼ੇ ਭਵਿੱਖ ਵਿਚ ਉਸ ਦੀ ਬਰਬਾਦੀ ਦਾ ਕਾਰਨ ਬਣਦੇ ਹਨ ਤੇ ਮਾੜੀ ਸਥਿਤੀ ਦਾ ਕਾਰਨ ਬਣਦੇ ਹਨ. ਉਹ ਇਕ ਨਿੰਪੁਸਕ ਬਣ ਕੇ ਰਹਿ ਜਾਂਦਾ ਹੈ ਤੇ ਨਾ ਹੀ ਆਪਣੀ ਪਤਨੀ ਨਾਲ ਸਰੀਰਿਕ ਸੰਬੰਧ ਬਣਾਉਣ ਦੇ ਕਾਬਲ ਰਹਿੰਦਾ ਹੈ ਜਦੋਂ ਬਲਜੀਤ ਦੀ ਪਤਨੀ ਸੋਨੀਆ ਇਸ ਬਿਮਾਰੀ ਦਾ ਇਲਾਜ ਕਰਾਉਣ ਨੂੰ ਕਹਿੰਦੀ ਤਾਂ ਬਲਜੀਤ ਉਸ ਨੂੰ ਆਖਦਾ ਹੈ, "ਮੈਂ ਬੜਾ ਇਲਾਜ ਕਰਾਉਣ ਦੀ ਕੋਸ਼ਿਸ਼ ਕੀਤੀ. ਥੋੜੀ ਦੇਰ ਲਈ ਦਵਾਈਆਂ ਅਸਰ ਵੀ ਕਰਦੀਆਂ ਸਭ ਪਰ ਫਿਰ... ਇਹੋ ਜਿਹੀਆਂ ਦਵਾਈਆਂ ਲੈ-ਲੈ ਕੇ ਮੇਰੇ ਢਿੱਡ ਵਿਚ ਬਹੁਤ ਦਰਦ ਰਹਿਣ ਲੱਗ ਪਈ. ਫਿਰ ਮੈਂ ਆਪਣਾ ਸਾਰਾ ਚੈੱਕਅੱਪ ਕਰਵਾਇਆ. ਡਾਕਟਰ ਨੇ ਮੈਨੂੰ ਕਿਹਾ ਕਿ ਮੈਂ ਜੇ ਇਹੋ ਜਿਹੀਆ ਹੋਰ ਦਵਾਈਆਂ ਖਾਦੀਆਂ ਤਾ ਮੇਰੀਆ ਕਿਡਨੀਆ ਫੇਲ ਹੋ ਸਕਦੀਆਂ ਹਨ. ਮੈਂ ਹੋਰ ਵੀ ਡਾਕਟਰਾਂ ਦੀ ਰਾਏ ਵੀ ਲਈ. ਸਾਰਿਆਂ ਨੇ ਮੈਨੂੰ ਐਹੋ ਜਿਹੀਆ ਦਵਾਈਆਂ ਲੈਣ ਤੋਂ ਪਰਹੇਜ਼ ਕਰਨ ਨੂੰ ਕਿਹਾ."[3]

ਇਸ ਵਾਰਤਾਲਾਪ ਵਿਚ ਬਲਜੀਤ ਆਪਣੀ ਸਥਿਤੀ ਤੇ ਉਸਦੇ ਪਏ ਪ੍ਰਭਾਵਾਂ ਦੇ ਨਾਲ ਨਾਲ ਉਸਦੀ ਇਸ ਸਥਿਤੀ ਪਿਛੇ ਹੋਏ ਕਾਰਨਾਂ ਨੂੰ ਵੀ ਬਿਆਨ ਕਰਦਾ ਹੈ. "ਇਹ ਨਸ਼ਿਆ ਨੇ ਤਾਂ ਮੇਰੀ ਜਿੰਦਗੀ ਹੀ ਬਰਬਾਦ ਸੁੱਟੀ. ਕਿਹੜੀ ਘੜੀ ਮੈਂ ਉਸ ਮਾੜੀ ਸੰਗਤ ਵਿਚ ਪੈ ਗਿਆ."[4]

ਅਵਤਾਰ ਸਿੰਘ ਵਿਰਦੀ ਨੇ ਨੌਜਵਾਨ ਪੀੜੀ ਦੀ ਭਟਕਣ ਦੇ ਨਾਲ ਨਾਲ ਬਦਲਦੇ ਰਿਸ਼ਤਿਆ ਬਾਰੇ ਵੀ ਬਿਆਨ ਕੀਤਾ ਹੈ. ਜੋ ਕਿ ਆਪਣੀ ਆਰਥਿਕ ਸਥਿਤੀ ਨੂੰ ਠੀਕ ਕਰਨ ਤੇ ਆਪਣੇ ਉਚੇਰੇ ਭਵਿੱਖ ਲਈ ਆਪਣੀ ਧੀ ਵਿਆਹ ਕੈਨੇਡਾ ਦੇ ਪਰਵਾਸੀ ਨੌਜਵਾਨ ਨਾਲ ਕਰ ਦਿੰਦੇ ਜੋ ਕਿ ਸ਼ਰਾਬ ਪੀਂਦਾ ਹੈ ਅਤੇ ਉਸ ਉਪਰ ਹਰ ਰੋਜ਼ ਅੱਤਿਆਚਾਰ ਕਰ ਦਿੰਦਾ ਹੈ. ਜਦੋਂ ਨਾਵਲ ਵਿਚਲੀ ਪਾਤਰ ਉਸ ਕੋਲੋ ਤਲਾਕ ਲੈਣ ਬਾਰੇ ਆਪਣੀ ਮੰਮੀ ਨੂੰ ਆਖਦੀ ਹੈ ਤਾਂ ਉਹ ਅਜਿਹਾ ਨਾ ਕਰਨ ਲਈ ਕਹਿੰਦੀ ਹੈ, ਕਿਉਂਕਿ ਇਸ ਪਿਛੇ ਮੰਮੀ ਦੀਆ ਕਈ ਆਸਾ ਤੇ ਇਛਾਵਾਂ ਜੁੜੀਆ ਹੁੰਦੀਆ ਹਨ, ਕਿਉਂਕਿ ਸਮਾਜਿਕ ਵਿਕਾਸ ਵਿਚ ਪੈਦਾਵਾਰੀ ਸਾਧਨਾਂ ਦਾ ਵਿਸ਼ੇਸ਼ ਪੱਖ ਹੁੰਦਾ ਹੈ. ਪੈਦਾਵਾਰੀ ਸਾਧਨ ਸਮਾਜਿਕ, ਆਰਥਿਕ ਰਿਸ਼ਤਿਆ ਨੂੰ ਪ੍ਰਭਾਵਿਤ ਹੀ ਨਹੀਂ ਕਰਦੇ, ਸਗੋਂ ਉਨ੍ਹਾਂ ਤੋਂ ਪ੍ਰਭਾਵਿਤ ਵੀ ਹੁੰਦੇ ਹਨ. ਇਸ ਕਾਰਨ ਉਸ ਦੀ ਮੰਮੀ ਕੋਈ ਵੀ ਅਜਿਹਾ ਕਦਮ ਚੁੱਕਣ ਲਈ ਮਨ੍ਹਾਂ ਕਰਦੀ ਹੈ ਜੇਕਰ ਸੋਨੀਆ ਅਜਿਹਾ ਕਦਮ ਚੁੱਕਦੀ ਇਸ ਕਾਰਨ ਇਕ ਤਾਂ ਉਨ੍ਹਾਂ ਦੀ ਸਮਾਜ ਵਿਚ ਬਦਨਾਮੀ ਹੋਵੇਗੀ ਅਤੇ ਨਾਲ ਹੀ ਨਾਲ ਜੋ ਸੁਪਨੇ ਉਸਦੀ ਮੰਮੀ ਨੇ ਵਿਆਹ

ਬਾਅਦ ਦੇਖੇ ਹਨ ਉਹ ਵੀ ਚਕਣਾ ਚੂਰ ਹੋ ਜਾਣਗੇ. ਸੋਨੀਆ ਦੀ ਮੰਮੀ ਉਸ ਨੂੰ ਆਖਦੀ ਹੈ, "ਅਸੀਂ ਬਹੁਤ ਸੋਚਿਆ ਧੀਏ. ਜੇ ਆਪਾਂ ਹੁਣ ਕੋਈ ਕਦਮ ਚੁੱਕਦੇ ਆਂ ਤਾ ਪਤਾ ਨਹੀ ਵਿਚ ਇਸ ਤਰ੍ਹਾਂ ਦੇ ਲੋਕ ਨੇ .ਜੇ ਇਨ੍ਹਾਂ ਨੇ ਕੈਨੇਡਾਂ ਜਾ ਕੇ ਤੈਨੂੰ ਉਥੇ , ਨਾ ਸੋਚਿਆ ,ਫਿਰ ਕੀ ਕਰਾਗੇ. ਲੋਕਾਂ ਨੇ ਤਾ ਆਪਾਂ ਨੂੰ ਤਾਹਨੇ ਮਾਰ ਮਾਰ ਮਾਰ ਦੇਣਾ. ਚੱਲ ਲੋਕਾਂ ਦੀ ਛੱਡ, ਤੇਰੀ ਭੈਣ ਮੀਨੂੰ ਦਾ ਕੀ ਬਣੂ?"[5]

ਇਸ ਵਾਰਤਾਲਾਪ ਰਾਹੀਂ ਨਾਵਲਕਾਰ ਨੇ ਮਾੜੇ ਤੇ ਤਗੜੇ ਵਿਅਕਤੀ ਦੀ ਗੱਲ ਵੀ ਕੀਤੀ ਹੈ. ਇਸ ਵਿਚ ਸੋਨੀਆ ਦੀ ਮੰਮੀ ਦੀ ਇੱਛਾ ਹੈ ਕਿ ਸੋਨੀਆ ਕੈਨੇਡਾ ਜਾ ਕੇ ਬਾਅਦ ਵਿਚ ਮੀਨੂੰ ਨੂੰ ਕੈਨੇਡਾ ਸੱਦ ਲਵੇ. ਇਸ ਤਰ੍ਹਾਂ ਨਾਵਲ ਵਿਚਲੀ ਨਾਇਕਾ ਆਪਣੀ ਸਮਾਜਿਕ ਸਭਿਆਚਾਰ ਤੇ ਕਦਰਾਂ ਨੂੰ ਧਿਆਨ ਵਿਚ ਰੱਖ ਕੇ ਆਪਣੀ ਇਸ ਵਿਆਹੀ ਜਿੰਦਗੀ ਨੂੰ ਇਸੇ ਤਰ੍ਹਾਂ ਚੱਲਣ ਦਿੰਦੀ ਹੈ.

ਇਸ ਨਾਵਲ ਵਿਚ ਨਾਵਲਕਾਰ ਨੇ ਮਰਦ ਔਰਤ ਤੇ ਦਵੰਦਾਤਮਕ ਰਿਸ਼ਤੇ ਦੀ ਅਭਿਵਿਅਕਤੀ ਵੀ ਕੀਤੀ ਹੈ ਇਸ ਵਿਚ ਨਾਵਲਕਾਰ ਨੇ ਮਰਦ ਤੇ ਔਰਤ ਵਿਚਕਾਰ ਰਿਸ਼ਤੇ ਦੀ ਟੁੱਟ ਭੱਜ ਦੇ ਕਾਰਨ ਨੂੰ ਵੀ ਬੜੀ ਬਰੀਕੀ ਨਾਲ ਪੇਸ਼ ਕਰਨ ਦਾ ਸਖ਼ਤ ਉਪਰਾਲਾ ਕੀਤਾ ਹੈ. ਨਾਵਲਕਾਰ ਨੇ ਔਰਤ ਤੇ ਮਰਦ ਵਿਚਲੀ ਰਿਸ਼ਤੇ ਟੁਟ ਭੱਜ ਨੂੰ ਸਮਕਾਲੀ ਸਥਿਤੀ ਦੇ ਮੱਦੇਨਜ਼ਰ ਰੱਖ ਕੇ ਬਿਆਨ ਕੀਤਾ ਹੈ. ਨਾਵਲ ਵਿਚਲੀ ਪਾਤਰ ਸੋਨੀਆ ਤੇ ਸੈਮ ਦਾ ਆਪਸੀ ਰਿਸ਼ਤਾ ਇਸ ਕਰ ਕੇ ਸਿਰੇ ਨਹੀਂ ਚੜਦਾ, ਕਿਉਂ ਕਿ ਸੋਨੀਆ ਦਾ ਪਤੀ ਸੈਮ ਬਹੁਤ ਸ਼ਰਾਬ ਪੀਂਦਾ ਹੈ, ਜਿਸ ਨੂੰ ਸੋਨੀਆ ਬਿਲਕੁਲ ਵੀ ਬਰਦਾਸ਼ਤ ਕਰਦੀ. ਉਹ ਇਸ ਰਿਸ਼ਤੇ ਨੂੰ ਜਲਦੀ ਤੋਂ ਜਲਦੀ ਇਥੇ ਹੀ ਖ਼ਤਮ ਕਰਨਾ ਚਾਹੁੰਦੀ ਹੈ. ਜਿਸ ਕਰ ਕੇ ਉਹ ਸੈਮ ਤੋਂ ਤਲਾਕ ਲੈਣਾ ਚਾਹੁੰਦੀ ਹੈ ਅਤੇ ਆਪਣੇ ਉਤੇ ਹੋ ਰਿਹਾ ਅੱਤਿਆਚਾਰ ਨੂੰ ਰੋਕਣ ਲਈ ਕੋਈ ਨਾ ਕੋਈ ਨਵਾਂ ਤਰੀਕਾ ਲੱਭਦੀ, ਜਿਸ ਨਾਲ ਉਹ ਦੂਰ ਰਹਿ ਸਕੇ. ਜਦੋਂ ਸੈਮ ਉਸਨੂੰ ਕੁੱਟਦਾ ਹੈ ਤਾਂ ਛੁਰੀ ਚੁਕ ਲੈਂਦੀ ਹੈ ਤੇ ਉਸਨੂੰ ਆਖਦੀ ਹੈ, "ਹੁਣ ਅੱਗੇ ਨਾ ਵਧੀ ਸੈਮ"," ਕੀ ਕਰੇਗੀ? ਮਾਰੇਗੀ ਮੈਨੂੰ? ਚੱਲ ਮਾਰ." ਉਹ ਛੁਰੀ ਦਾ ਮੂੰਹ ਆਪਣੇ ਵਲ ਨੂੰ ਕਰ ਲੈਂਦੀ, "ਜੇ ਹੁਣ ਅੱਗੇ ਵਧਿਆ ਤਾਂ ਮੈਂ ਕੁਝ ਕਰ ਲੈਣਾ ਈ. ਫੇਰ ਨਾ ਕਹੀ ਦੱਸਿਆ ਨਹੀ. ਸਾਰੀ ਉਮਰ ਪਛਤਾਏਗਾ." "ਦੇਖ ਨਾਈਫ਼ ਇਕ ਪਾਸੇ ਰੱਖ ਦੇ."[6]

ਸੋਨੀਆ ਦੇ ਅਜਿਹਾ ਕਰਨ ਨਾਲ ਉਸਦਾ ਪਤੀ ਸੈਮ ਉਸ ਕੋਲੋ ਦੂਰ ਹੋ ਜਾਂਦਾ ਹੈ. ਨਾਵਲਕਾਰ ਨੇ ਮਰਦ ਔਰਤ ਦੇ ਦਵੰਦਾਤਮਕ ਰਿਸ਼ਤੇ ਨੂੰ ਪੇਸ਼ ਕਰਾਦਿਆ ਮਰਦ ਔਰਤ ਦੀ ਪਰਸਪਰ ਲੋੜਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਅਤੇ ਅਹਿਸਾਸ ਕਰਵਾਉਂਦਾ ਹੈ. ਸਾਡੇ ਗ੍ਰਹਿਸਥੀ ਜੀਵਨ ਵਿਚ ਔਰਤ ਬਿਨਾਂ ਮਰਦ ਅਧੂਰਾ ਹੈ. ਨਾਵਲ ਵਿਚ ਸੈਮ ਨੂੰ ਸੋਨੀਆ ਉਪਰ ਕੀਤੇ ਗਏ ਗ਼ਲਤ ਵਿਵਹਾਰ ਤੇ ਅੱਤਿਆਚਾਰ ਦਾ ਪਛਤਾਵਾਂ ਹੁੰਦਾ ਹੈ, ਜੋ ਕਿ ਬਾਅਦ ਵਿਚ ਇਕਲਤਾ ਵਾਲਾ ਜੀਵਨ ਬਤੀਤ ਕਰਦਾ ਹੈ. ਉਸਨੂੰ ਅਹਿਸਾਸ ਹੋ ਜਾਂਦਾ ਹੈ ਕਿ ਆਪਣੀ ਪਤਨੀ ਸੋਨੀਆ ਬਿਨਾਂ ਅਧੂਰਾ ਹੈ. ਇਸ ਕਰ ਕੇ ਉਹ ਆਪਣੀਆਂ ਬੁਰੀਆਂ ਆਦਤਾਂ ਛੱਡ ਦਿੰਦਾ ਹੈ. ਉਸਨੂੰ ਆਪਣੀ ਗ਼ਲਤੀ ਦਾ ਅਹਿਸਾਸ ਉਸ ਸਮੇਂ ਹੁੰਦਾ ਜਦੋਂ ਉਸ ਕੋਲੋ ਸੱਭ ਕੁਝ ਖੁੱਸ ਜਾਂਦਾ ਹੈ. ਜਿਸ ਕਰ ਕੇ ਉਹ ਸੋਨੀਆ ਆਪਣੀ ਪਤਨੀ ਕੋਲੋਂ ਆਪਣੇ ਵਲੋਂ ਕੀਤੇ ਗਏ ਜ਼ੁਲਮਾਂ ਦੀ ਮਾਫ਼ੀ ਮੰਗਦਾ ਹੈ ਅਤੇ ਉਸ ਨਾਲ ਸੋਨੀਆ ਨਾਲ ਜੀਵਨ ਗ਼ੁਜਾਰਨ ਲਈ ਤਿਆਰ ਹੋ ਜਾਂਦਾ ਹੈ ਭਾਵੇਂ ਸੋਨੀਆ ਨੂੰ ਆਪਣੇ ਤਲਾਕ ਦੌਰਾਨ ਬਹੁਤ ਸਾਰੀ ਪਰਿਸਥਿਤੀਆਂ ਵਿਚੋਂ ਦੀ ਲੰਘਣਾ ਪੈਂਦਾ ਹੈ. ਸੈਮ ਉਸਦੀ ਪ੍ਰਵਾਹ ਕੀਤੇ ਬਿਨਾਂ ਉਸ ਨਾਲ ਦੁਬਾਰਾ ਤੋਂ ਨਵੇਂ ਸਿਰੀਓ ਆਪਣਾ ਵਿਵਾਹਿਕ ਜੀਵਨ ਸ਼ੁਰੂ ਕਰਨਾ ਚਾਹੁੰਦਾ ਹੈ, ਜਿਸ ਕਰ ਕੇ ਉਹ ਆਪਣੀ ਹੁਣ ਦੀ ਸਥਿਤੀ ਬਾਰੇ ਸੋਨੀਆ ਦੀ ਸੱਸ ਨੂੰ ਆਪਣੇ ਬਾਰੇ ਬਿਆਨ ਕਰਦਾ ਹੈ, "ਐਂਟੀ ਜੀ, ਮੈਂ ਸੋਨੀਆ ਨੂੰ ਅਤੇ ਆਪਣੀ ਬੇਟੀ ਨੈਂਸੀ ਨੂੰ ਖੁਸ਼ ਰੱਖਣ ਵਿਚ ਕੋਈ ਕਮੀ ਨਹੀਂ ਰਹਿਣ ਦਿਆਗਾਂ.ਮੈਨੂੰ ਹੁਣ ਆਪਣੇ ਤੇ ਪਰਾਏ ਦੀ ਸਮਝ ਆ ਗਈ ਹੈ.ਤੁਸੀ ਭਾਵੇਂ ਕਹੋਗੇ ਮੈ ਉਵੇ ਹੀ ਕਰਾਂਗਾ.ਮੇਰੇ ਸਿਰ ਕੋਈ ਕਰਜ਼ਾ ਨਹੀਂ ਹੈ ਨਾ ਹੀ ਮੈਨੂੰ ਕੋਈ ਐਬ ਹੈ."

ਹੱਥਲੇ ਨਾਵਲ ਵਿਚ ਨਾਵਲਕਾਰ ਨੇ ਅਜੋਕੇ ਸਮੇਂ ਵਿਚ ਔਰਤ-ਮਰਦ ਵਿਚ ਆ ਰਹੇ ਰਿਸ਼ਤੇ ਵਿਚ ਅਣਬਣ ਦੇ

ਕਾਰਨ ਨੂੰ ਉਜਾਗਰ ਕੀਤਾ ਹੈ. ਇਸ ਵਿਚ ਨਾਵਲਕਾਰ ਨੇ ਪਤੀ-ਪਤਨੀ ਦੇ ਰਿਸ਼ਤੇ ਵਿਚ ਹੋ ਰਹੀ ਟੁੱਟ-ਭੱਜ ਨੂੰ ਵੀ ਪੇਸ਼ ਕੀਤਾ ਹੈ. ਨਾਵਲ ਵਿਚਲੀ ਪਾਤਰ ਸੋਨੀਆ ਦੀ ਵਿਆਹ ਬਿਨਾਂ ਲੜਕੇ ਦੀ ਜਾਣ-ਪਹਿਚਾਣ ਕੀਤੇ ਉਸਦਾ ਵਿਆਹ ਪਰਵਾਸੀ ਨੌਜਵਾਨ ਨਾਲ ਕਰ ਦਿੰਦੇ ਹਨ. ਜੋ ਕਿ ਨਸ਼ੇ ਕਰਦਾ ਹੈ ਤੇ ਉਸ ਨਾਲ ਗ਼ਲਤ ਵਿਵਹਾਰ ਕਰਦਾ ਹੈ. ਜਿਸ ਕਰ ਕੇ ਉਹ ਆਪਣੇ ਨਾਲ ਹੋ ਰਹੇ ਗ਼ਲਤ ਵਿਵਹਾਰ ਦੇ ਜ਼ਿਮੇਵਾਰ ਆਪਣੇ ਆਪਣੇ ਮਾਤਾ-ਪਿਤਾ ਨੂੰ ਦੱਸਦੀ ਹੈ, "ਇਹ ਕਿਹੋ ਜਿਹਾ ਰਿਸ਼ਤਾ ਲੱਭਿਆ ਸੀ ਮੇਰੇ ਘਰਦਿਆਂ ਨੇ ਮੇਰੇ ਲਈ? ਕੀ ਵਿਆਹ ਤੋਂ ਪਹਿਲਾਂ ਇਕ ਦੂਜੇ ਜਾਣ ਲੈਣਾ ਜਰੂਰੀ ਨਹੀਂ ਹੋਣਾ ਚਾਹੀਦਾ? ਮੈਂ ਸੈਮ ਨਾਲ ਜ਼ਿੰਦਗੀ ਨਹੀਂ ਬਿਤਾ ਸਕਦੀ. ਇਸਦਾ ਅਤੇ ਮੇਰਾ ਕੋਈ ਮੇਲ-ਜੋੜ ਹੀ ਨਹੀਂ ਹੈ. ਜਿਹੜੀ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਹੀ ਡਰਾਉਣੀ ਹੋਵੇ, ਉਹ ਅੱਗੇ ਕਿਵੇਂ ਚੱਲੇਗੀ? ਨਹੀ-ਨਹੀਂ, ਇਹ ਰਿਸ਼ਤਾ ਇਥੇ ਹੀ ਖਤਮ ਹੋ ਜਾਣਾ ਚਾਹੀਦਾ ਹੈ, ਪਰ ਕਿਵੇਂ? ਮੈਂ ਸੈਮ ਨੂੰ ਸਾਫ਼-ਸਾਫ਼ ਜਹਿ ਦਿਆਂਗੀ."[7]

ਅਵਤਾਰ ਸਿੰਘ ਵਿਰਦੀ ਦੇ ਨਾਵਲ "ਆਈ ਕੈਨੇਡਾ ਵਿਆਹੀ" ਵਿਚ ਨਾਵਲਕਾਰ ਨੇ ਔਰਤ ਦੀ ਸਮਾਜ ਵਿਚ ਸਮਕਾਲੀ ਸਥਿਤੀ ਬਾਰੇ ਵੀ ਭਰਪੂਰ ਚਰਚਾ ਕੀਤੀ ਹੈ. ਅਜੋਕੀ ਸਥਿਤੀ ਵਿਚ ਔਰਤ ਨੂੰ ਸਿਰਫ਼ ਵਰਤਣਯੋਗ ਵਸਤੂ ਸਮਝਿਆ ਜਾਂਦਾ ਹੈ. ਨਾਵਲ ਵਿਚਲੀ ਪਾਤਰ ਸੋਨੀਆ ਰਾਹੀ ਨਾਵਲਕਾਰ ਨੇ ਔਰਤ ਦੇ ਅਹਿਸਾਸਾਂ, ਉਨ੍ਹਾਂ ਦੀਆਂ ਅਤ੍ਰਿਪਤ ਭਾਵਨਾਵਾਂ-ਕਾਮਨਾਵਾਂ, ਉਸ ਉਪਰ ਹੋ ਰਹੇ ਜ਼ਬਰਾਂ, ਧੱਕਿਆਂ ਦੀਆਂ ਵੇਦਨਾਵਾਂ, ਸਾਡੀ ਸੰਵੇਦਨਾ ਵਿਚ ਡੂੰਘਾ ਉਤਾਰਾਂ ਕਰ ਜਾਂਦੀਆਂ ਹਨ ਅਤੇ ਫ਼ਿਰ ਉਸ ਦੀਆਂ ਪ੍ਰਤੀਧੁਨੀਆਂ ਨਾਲ ਸਾਡੀ ਚੇਤਨਾ ਵਿਚ ਹਲਚਲ ਜਿਹੀ ਮਚਾ ਦਿੰਦੀਆਂ ਹਨ. ਇਸ ਨਾਵਲ ਵਿਚ ਨਾਵਲਕਾਰ ਨੇ ਔਰਤ ਦੀ ਚੇਤਨਾ ਨੂੰ ਵੀ ਸਾਡੇ ਸਾਹਮਣੇ ਉਜਾਗਰ ਕੀਤਾ ਹੈ. ਨਾਵਲ ਵਿਚ ਉਸਦੇ ਪਤੀ ਤੇ ਸੱਸ ਵਲੋਂ ਬਹੁਤ ਸਾਰੇ ਅਤਿਆਚਾਰ ਉਸ ਉਪਰ ਕੀਤੇ ਜਾਂਦੇ ਹਨ. ਉਸਦੀ ਆਪਣੇ ਸਹੁਰੇ ਘਰ ਵਿਚ ਕੋਈ ਵੀ ਪ੍ਰਵਾਹ ਨਹੀਂ ਕੀਤੀ ਜਾਂਦੀ ਨਾ ਹੀ ਖਾਣ-ਪੀਣ ਤੇ ਸਰੀਰਕ ਸਿਹਤ ਪੱਖੋਂ. ਇਥੋਂ ਤਕ ਕਿ ਉਸਦੇ ਪਤੀ ਸੈਮ ਨੂੰ ਵੀ ਉਸ ਨਾਲ ਕੋਈ ਵੀ ਹਮਦਰਦੀ ਨਹੀਂ ਹੁੰਦੀ. ਉਹ ਹਰ ਰੋਜ਼ ਸ਼ਰਾਬ ਨਾਲ ਰੱਜ ਕੇ ਘਰ ਆਉਦਾ ਹੈ. ਉਸ ਲਈ ਉਸਦੀ ਪਤਨੀ ਸੋਨੀਆ ਉਸਦੀ ਹਵਸ ਜਾਂ ਸਰੀਰਕ ਸੰਬੰਧ ਬਣਾਉਣ ਤੱਕ ਹੀ ਰਿਸ਼ਤਾ ਜੋੜ ਕੇ ਰੱਖਦਾ ਹੈ. ਨਾਵਲ ਵਿਚਲੀ ਪਾਤਰ ਸੋਨੀਆ ਆਪਣੇ ਸਹੁਰੇ ਘਰ ਦੀ ਸਥਿਤੀ ਤੇ ਆਪਣੇ ਪਤੀ ਦੇ ਉਸ ਨਾਲ ਵਿਵਹਾਰ ਬਾਰੇ ਬਿਆਨ ਕਰਦੀ ਹੈ, "ਸ਼ਾਮ ਨੂੰ ਸੈਮ ਕਮਰੇ ਵਿਚ ਆਇਆ, ਪਰ ਮੈਂ ਲੇਟੀ ਹੀ ਰਹੀ. ਸੈਮ ਵੀ ਬਿਨਾ ਕੁਝ ਕਹੇ ਸ਼ਾਵਰ ਲੈ ਕੇ ਕੱਪੜੇ ਬਦਲ ਕੇ ਥੱਲੇ ਵਾਪਸ ਚਲਾ ਗਿਆ. ਉਹ ਖਾਣਾ ਖਾ ਕੇ ਅਤੇ ਸ਼ਰਾਬ ਨਾਲ ਰੱਜ ਕੇ ਆਇਆ. ਉਸਨੇ ਆਪਣੀ ਹਵਸ ਮਿਟਾਈ ਤੇ ਸੌ ਗਿਆ. ਮੈਂ ਜ਼ਿਆਦਾ ਵਿਰੋਧ ਨਾ ਕੀਤਾ, ਕਿਉਂਕਿ ਮੈਨੂੰ ਪਤਾ ਸੀ ਕਿ ਵਿਰੋਧ ਕਰਨ ਨਾਲ ਮੈਨੂੰ ਕੁੱਟ ਹੀ ਪੈਂਣੀ ਸੀ. ਮੈਂ ਇਸ ਲਈ ਬਿਲਕੁਲ ਤਿਆਰ ਨਹੀਂ ਸੀ. ਇਹ ਸਿਲਸਿਲਾ ਇਕ ਹਫ਼ਤਾ ਚਲਿਆ. ਮੈਨੂੰ ਰੋਟੀ ਵੀ ਦਿਨ ਵਿਚ ਇਕ ਟਾਇਮ ਹੀ ਮਿਲਦੀ ਸੀ."[8]

ਸੋਨੀਆ ਆਪਣੇ ਸਹੁਰੇ ਘਰ ਵਿਚ ਇਕ ਬੁੱਤ ਵਾਂਗ ਬਣ ਕੇ ਰਹਿ ਜਾਂਦੀ ਹੈ ਜੋ ਕਿ ਆਪਣੇ ਪਤੀ ਲਈ ਵਸਤੂ ਦੇ ਸਮਾਨ ਇਸ ਤੋਂ ਵੱਧ ਕੇ ਕੁੱਝ ਵੀ ਨਹੀਂ. ਉਸ ਵੱਲ ਨਾ ਬਹੁਤਾ ਧਿਆਨ ਦਿੱਤਾ ਜਾਂਦਾ ਹੈ ਨਾ ਹੀ ਉਸਦੇ ਖਾਣ-ਪੀਣ ਵੱਲ ਹੀ ਧਿਆਨ ਦਿੱਤਾ ਜਾਂਦਾ ਹੈ. ਨਾਵਲ ਨੇ ਔਰਤ ਦੀ ਤ੍ਰਾਸਦੀ ਨੂੰ ਹੀ ਨਹੀਂ ਨਾਵਲ ਵਿਚ ਪੇਸ਼ ਕੀਤਾ, ਸਗੋਂ ਸਮਕਾਲੀ ਸਮਾਜ ਦੀ ਪੜ੍ਹੀ ਲਿਖੀ ਔਰਤ ਦੀ ਸਹੁਰੇ ਘਰ ਉਸਦੀ ਸਥਿਤੀ ਨੂੰ ਵੀ ਬਿਆਨ ਕੀਤਾ ਹੈ. ਨਾਵਲ ਵਿਚਲੀ ਪਾਤਰ ਮਰਦ ਦੇ ਬਰਾਬਰ ਖੜੀ ਹੋ ਕੇ ਆਪਣਾ ਜੀਵਨ ਬਤੀਤ ਕਰਦੀ ਅਤੇ ਆਪਣੇ ਪਤੀ ਤਲਾਕ ਲੈ ਕੇ ਆਮ ਨੌਕਰੀ ਕਰ ਕੇ ਆਪਣਾ ਜੀਵਨ ਸਵੈ-ਨਿਰਭਰਤਾ ਵਾਲਾ ਜੀਵਨ ਬਤੀਤ ਕਰਦੀ ਹੈ. ਉਹ ਆਪਣੀ ਬੇਟੀ ਦਾ ਪਾਲਣ-ਪੋਸ਼ਣ ਕਰਨ ਵਿਚ ਕੋਈ ਕਮੀ ਨਹੀਂ ਰਹਿਣ ਦਿੰਦੀ. ਨਾਵਲ ਵਿਚ ਨਾਵਲਕਾਰ ਨੇ ਸਮਾਜ ਵਿਚ ਔਰਤ ਦਾ ਵਿਕਾਸ ਹਾਂ-ਪੱਖੀ ਅਤੇ ਨਾ-ਪੱਖੀ ਦੋਵਾਂ ਰੂਪਾਂ ਵਿਚ ਹੋਇਆ ਮਿਲਦਾ ਹੈ. ਨਾਵਲ ਵਿਚ ਸਾਰਾ ਤਾਣਾ-ਬਾਣਾ ਔਰਤ ਦੁਆਲੇ ਹੀ ਘੁੰਮਦਾ ਰਹਿੰਦਾ ਹੈ.

ਨਾਵਲਕਾਰ ਨੇ ਨਾਵਲ ਵਿਚ ਸਮਾਜ ਦੀਆਂ ਧਾਰਮਿਕ ਰੀਤਾਂ, ਧਾਰਮਿਕ ਪਾਖੰਡਾ, ਧਾਰਮਿਕ ਮਨੌਤਾ, ਤੇ ਵਿਸ਼ਵਾਸ਼ਾਂ ਵੱਲ ਵੀ ਧਿਆਨ ਕੇਂਦਰਿਤ ਕੀਤਾ ਹੈ. ਜਨ-ਜੀਵਨ ਦੀਆਂ ਅਨੇਕ, ਮਾਨਸਿਕ ਦੁਬਿਧਾਵਾਂ, ਗੁੰਝਲਾਂ, ਪ੍ਰੇਸ਼ਾਨੀਆਂ, ਸੰਕਟਾਂ-ਝੰਜਟਾਂ, ਭਟਕਣਾ ਤੋਂ ਨਿਜ਼ਾਤ ਪਾਉਣ ਲਈ, ਦੁੱਖਾਂ-ਦਰਦਾਂ, ਰੋਗਾਂ-ਭੋਗਾਂ ਦੇ ਨਿਵਾਰਨ ਲਈ ਤੇ ਮਾਨਸਿਕ ਸੰਤੁਸ਼ਟੀ ਲਈ ਸਾਦਾਂ-ਸੰਤਾਂ ਦੇ ਡੇਰਿਆਂ ਤੇ ਜਾਣਾ ਅਤੇ ਪੰਡਤਾਂ ਦੀਆਂ ਗੱਲਾਂ ਦੇ ਜਾਲ ਵਿਚ ਫੱਸ ਕੇ ਪੂਜਾ ਪਾਠ ਸਹਾਰਾ ਲੈਂਦੇ ਲੋਕਾਂ ਵੱਲ ਨਾਵਲਕਾਰ ਨੇ ਸੁਚੇਤ ਕੀਤਾ ਹੈ. ਨਾਵਲ ਵਿਚਲੀ ਪਾਤਰ ਸੋਨੀਆ ਆਪਣੇ ਪਤੀ ਦੀ ਸ਼ਰਾਬ ਛੁਡਾਉਣ ਲਈ ਤੇ ਆਪਣੇ ਵਿਆਹਿਕ ਜੀਵਨ ਵਧੀਆ ਢੰਗ ਨਾਲ ਚਲਾਉਣ ਲਈ ਪੰਡਿਤ ਕੋਲ ਜਾਂਦੀ ਹੈ.ਪੰਡਿਤ ਵਲੋਂ ਕੀਤੇ ਗਏ ਕਰਮਕਾਡਾਂ ਵਿਚ ਵਿਸ਼ਵਾਸ ਕਰਦੀ ਹੈ. ਸੋਨੀਆ ਦੀ ਮੰਮੀ ਆਪਣੀ ਧੀ ਦੇ ਸੁੱਖ ਲਈ ਪੰਡਿਤਾਂ ਕਹੇ ਗਏ ਕਰਮ-ਕਾਡਾਂ ਨੂੰ ਕਰਦੀ ਹੈ. ਜਿਸ ਕਾਰਨ ਉਹ ਬਹੁਤ ਸਾਰੇ ਪੰਡਿਤ ਉਸਦੀ ਇਸ ਮਜ਼ਬੂਰੀ ਦਾ ਫ਼ਾਇਦਾ ਉਠਾ ਕੇ ਪੈਸੇ ਦੀਆਂ ਠੱਗੀਆਂ ਮਾਰਦੇ ਹਨ. ਸੋਨੀਆ ਆਪਣੀ ਮੰਮੀ ਦੇ ਪੰਡਤਾਂ ਕੋਲ ਜਾਣ ਤੇ ਉਨ੍ਹਾਂ ਵਲੋਂ ਮਾਰੀਆ ਗਈਆ ਠੱਗੀਆਂ ਬਾਰੇ ਬਿਆਨ ਕਰਦੀ ਹੈ, "ਮੇਰੇ ਮੰਮੀ ਪੰਡਤਾਂ ਦੇ ਚੱਕਰ ਵਿਚ ਐਸੇ ਪਏ ਕਿ ਪਤਾ ਨਹੀਂ ਕਿਨ੍ਹੇ ਕੁ ਪੰਡਤਾਂ ਕੋਲੋ ਮੇਰੇ ਉਪਾਅ ਕਰਵਾਏ.ਕਈ ਪੰਡਤਾਂ ਨੇ ਉਨ੍ਹਾਂ ਨੂੰ ਭਵਿਖ ਬਾਰੇ ਡਰਾਂ ਕੇ ਕਿੰਨ੍ਹੇ ਹੀ ਪੈਸੇ ਠੱਗ ਲਏ."[10] ਇਹਨਾਂ ਪੰਡਤਾਂ ਦੇ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਇਸ਼ਤਿਹਾਰ ਬੇਸ਼ੁਮਾਰ ਹੁੰਦੇ ਹਨ ਜੋ ਕਿ ਆਪਣੀਆਂ ਗੱਲਾਂ ਨਾਲ ਭਲੇ-ਭਾਲੇ ਲੋਕਾਂ ਨੂੰ ਠੱਗਦੇ ਹਨ.ਨਾਵਲ ਵਿਚਲੀ ਸੋਨੀਆ ਇਹਨਾਂ ਪੰਡਤਾਂ ਤੋਂ ਵਧੇਰੇ ਘੁੰਮਣ ਕਰ ਕੇ ਅਤੇ ਆਪਣੇ ਨਾਲ ਹੋਈ ਇੰਨ੍ਹਾਂ ਵੱਲੋਂ ਕੀਤੀ ਲੁੱਟ ਬਾਰੇ ਦੱਸਦੀ ਹੈ ਅਤੇ ਇਹਨਾਂ ਦੀ ਅੰਦਰੂਨੀ ਸਚਾਈ ਬਾਰੇ ਨਾਵਲ ਵਿਚ ਬਿਆਂਨ ਕਰਦੀ ਹੈ, "ਇਹ ਕਿਵੇਂ ਐਨੇ ਵੱਡੇ-ਵੱਡੇ ਇਸ਼ਤਿਆਰ ਪਾਉਦੇ ਨੇ.ਇਹ ਜ਼ਰੂਰ ਭੋਲੇ-ਭਾਲੇ ਲੋਕਾਂ ਠੱਗਦੇ ਹੋਣੇ ਆ." ਇਸ ਤਰ੍ਹਾਂ ਸੋਨੀਆ ਦੀ ਮੰਮੀ ਉਸਦੇ ਖੁਸ਼ਹਾਲ ਜੀਵਨ ਲਈ ਕਾਫ਼ੀ ਸਮੇਂ ਤਕ ਪੰਡਿਤਾਂ ਦੇ ਚੱਕਰਾਂ ਵਿਚ ਘੁੰਮਦੀ ਰਹਿੰਦੀ ਹੈ.ਨਾਵਲਕਾਰ ਨੇ ਹੱਥਲੇ ਨਾਵਲ ਵਿਚ ਇੰਨ੍ਹਾਂ ਕਰਮਕਾਡਾਂ ਦੇ ਨਾਲ ਸੋਨੀਆ 'ਤੇ ਪਏ ਮਾੜੇ ਪ੍ਰਭਾਵਾਂ ਦੀ ਵੀ ਚਰਚਾ ਕੀਤੀ ਹੈ.ਸੋਨੀਆ ਨੂੰ ਪੰਡਤਾਂ 'ਤੇ ਇਨ੍ਹਾ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਪੰਡਤ ਵਲੋਂ ਉਸਦੇ ਪਤੀ ਸੈਮ ਦੀ ਸ਼ਰਾਬ ਛੁਡਾਉਣ ਲਈ ਦਿੱਤਾ ਗਿਆ ਤਵੀਤ ਹੀ ਉਸਦੀ ਜ਼ਿੰਦਗੀ ਨੂੰ ਤਬਾਅ ਕਰਨ ਵਿਚ ਮੂਲ ਕਾਰਨ ਬਣ ਕੇ ਸਾਹਮਣੇ ਪੇਸ਼ ਹੁੰਦਾ ਹੈ. ਸੋਨੀਆ ਆਪਣੀ ਇਸ ਗ਼ਲਤੀ ਦਾ ਪਛਤਾਵਾਂ ਉਸ ਵੇਲੇ ਹੁੰਦਾ ਹੈ ਜਦੋਂ ਪੰਡਤ ਦੇ ਦਿੱਤੇ ਗਏ ਤਵੀਤ ਕਾਰਨ ਉਸਦੀ ਸੱਸ ਤੇ ਪਤੀ ਵਲੋਂ ਤਵੀਤ ਫੜੇ ਜਾਣ ਤੇ ਆਪਣੇ ਪਤੀ ਤੋਂ ਕੁੱਟ ਖਾਣੀ ਪੈਂਦੀ ਹੈ, "ਮਰ ਜਾਣੇ ਪੰਡਤਾਂ, ਤੇਰਾ ਬੇੜਾ ਬਹਿ ਜਾਵੇ! ਥੇਰੇ ਤਵੀਤ ਨੇ ਮੇਰੀਆਂ ਵੱਖੀਆਂ ਤੁੜਵਾਂ ਦਿੱਤੀਆਂ ਵੇ. ਜੇ ਇਹ ਤਵੀਤ ਨਾ ਹੁੰਦਾ ਤਾਂ ਅੱਜ ਮੇਰੀ ਇਹ ਹਾਲਤ ਨਾ ਹੁੰਦੀ. ਕਿਹੜੀ ਮਨਹੂਸ ਘੜੀ ਮੈਂ ਇਹ ਤਵੀਤ ਸਰ੍ਹਾਣੇ ਵਿਚ ਰੱਖ ਦਿੱਤਾ ਸੀ.ਮੈਂ ਉਦੋਂ ਹੀ ਸੁੱਟ ਕਿਉ ਨਾ ਦਿੱਤਾ? ਵੇ ਪੰਡਤਾਂ! ਤੇਰਾ ਤਵੀਤ ਤਾਂ ਮੇਰੇ 'ਤੇ ਹੀ ਪੁੱਠਾ ਪੈ ਗਿਆ. ਹਾਏ, ਮੈ ਮਰ ਗਈ!"[11]

ਇਸ ਸੰਵਾਦ ਰਾਹੀ ਨਾਵਲਕਾਰ ਨੇ ਇਨ੍ਹਾਂ ਕਰਮਕਾਡਾਂ ਤੇ ਪੰਡਤਾਂ ਦੇ ਚੱਕਰਾਂ ਵਿਚ ਆ ਜਾਣ ਕਾਰਨ ਇਸ ਦੇ ਪ੍ਰਭਾਵਾਂ ਦੀ ਜਾਣਕਾਰੀ ਦਿੱਤੀ ਹੈ. ਨਾਵਲ ਵਿਚ ਪੰਡਤ ਵਲੋਂ ਭਲਾਈ ਲਈ ਦਿੱਤਾ ਗਿਆ ਤਵੀਤ ਹੀ ਉਸਦੀ ਤ੍ਰਾਸਦੀ ਦਾ ਕਾਰਨ ਬਣ ਕੇ ਪੇਸ਼ ਹੋਇਆ ਹੈ.

ਹੱਥਲੇ ਨਾਵਲ ਵਿਚ ਨਾਵਲਕਾਰ ਨੇ ਪੰਜਾਬੀ ਸਭਿਆਚਾਰ ਅਤੇ ਪੱਛਮੀ ਸਭਿਆਚਾਰ ਬਾਰੇ ਵੀ ਨਾਵਲ ਚਾਨਣਾ ਪਾਉਂਦਾ ਹੈ. ਇਸ ਵਿਚ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਤੇ ਪਰਵਾਸੀ ਲੋਕਾਂ ਦੀ ਰਹਿਣੀ-ਬਹਿਣੀ ਬਾਰੇ ਜਾਣਕਾਰੀ ਨਾਵਲ ਵਿਚੋਂ ਪ੍ਰਾਪਤ ਹੁੰਦੀ ਹੈ. ਨਾਵਲ ਵਿਚ ਪੰਜਾਬੀ ਸਭਿਆਚਾਰ ਅਤੇ ਪੱਛਮੀ ਸਭਿਆਚਾਰ ਵਿਚਕਾਰ ਵੱਖਰਤਾ ਵੀ ਵਿਖਾਈ ਦਿੰਦੀ ਹੈ. ਨਾਵਲ ਵਿਚ ਜਦੋਂ ਸੈਮ ਸੋਨੀਆ ਨੂੰ ਸ਼ਰਾਬ ਪੀਣ ਲਈ ਕਹਿੰਦਾ ਹੈ ਤਾਂ ਸੋਨੀਆ ਇਸ ਲਈ ਮਨ੍ਹਾਂ ਕਰ ਦਿੰਦੀ ਹੈ ਤੇ ਇਸ ਸੰਬੰਧ ਵਿਚ ਸੈਮ ਕੈਨੇਡਾ ਦੀਆ ਕੁੜੀਆਂ ਬਾਰੇ ਆਖਦਾ ਹੈ, "ਅੱਜ ਦੀ ਰਾਤ ਪੀ ਕੇ ਵੇਖ, ਜ਼ੰਨਤ ਦਾ ਨਜ਼ਾਰਾ

ਆ ਜੂ! ਕੈਨੇਡਾ ਵਿਚ ਤਾਂ ਗੋਰੀਆਂ ਸ਼ਰਾਬ 'ਤੇ ਮਰ ਜਾਂਦੀਆਂ ਹਨ."[12]

ਇਸ ਵਿਚ ਪੱਛਮੀ ਤੇ ਪੰਜਾਬੀ ਸਭਿਆਚਾਰ ਦੇ ਬਾਰੇ ਗੱਲ ਕੀਤੀ ਗਈ ਹੈ ਕਿਉਕਿ ਇਸ ਪਿੱਛੇ ਮੇਜ਼ਬਾਨ ਸਭਿਆਚਾਰ ਦਾ ਸਮਾਜਿਕ ਪ੍ਰਬੰਧ ਕਾਰਜ ਕਰ ਰਿਹਾ ਹੁੰਦਾ ਹੈ. ਪੱਛਮੀ ਸਭਿਆਚਾਰ ਵਿਚ ਨੌਜਵਾਨ ਕੁੜੀਆਂ ਤੇ ਮੁੰਡਿਆਂ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਦਿੱਤੀ ਜਾਂਦੀ ਹੈ.ਜਿਸ ਕਾਰਨ ਉਹ ਆਪਣੀ ਜ਼ਿੰਦਗੀ ਨੂੰ ਆਪਣੇ ਅਨੁਸਾਰ ਜਿਉਂਦੇ ਹਨ. ਉਨ੍ਹਾਂ ਜੀਵਨ ਬਤੀਤ ਕਰਨ ਦਾ ਅੰਦਾਜ਼ ਸਾਡੇ ਪੰਜਾਬੀ ਸਭਿਆਚਾਰ ਨਾਲੋਂ ਬਿਲਕੁਲ ਵੱਖਰਾ ਹੈ, ਕਿਉਂਕਿ ਸਾਡੇ ਸਮਾਜਿਕ ਸਭਿਆਚਾਰ ਪਿੱਛੇ ਸਾਡੀਆਂ ਕਦਰਾਂ-ਕੀਮਤਾਂ ਸਾਡੀ ਰਹਿਣੀ-ਬਹਿਣੀ ਵਿਚ ਮੱਹਤਵ ਕਰ ਰਹੀਆ ਹੁੰਦੀਆ ਹਨ.ਜਿਸ ਕਾਰਨ ਪੰਜਾਬੀ ਸਭਿਆਚਾਰ ਅਤੇ ਪੱਛਮੀ ਸਭਿਆਚਾਰ ਇਸ ਤਰ੍ਹਾਂ ਦੀਆ ਬਹੁਤ ਸਾਰੀਆਂ ਵੱਖਰਤਾਵਾਂ ਪਾਈਆ ਜਾਂਦੀਆਂ ਹਨ.

ਇਸ ਦੇ ਨਾਲ-ਨਾਲ ਪੰਜਾਬੀਆਂ ਨੂੰ ਪਰਵਾਸ ਧਾਰਨ ਕਰਨ ਸਮੇਂ ਕਈ ਤਰ੍ਹਾਂ ਦੀਆਂ ਹੋਰ ਵੀ ਸਮੱਸਿਆਵਾਂ ਵੀ ਆਉਦੀਆਂ ਹਨ. ਪਰਵਾਸ ਧਾਰਨ ਦੌਰਾਨ ਪਰਵਾਸੀ ਪੰਜਾਬੀਆਂ ਦੀ ਇਹ ਤ੍ਰਾਸਦੀ ਬਣ ਜਾਂਦੀ ਹੈ ਕਿ ਨਾ ਤਾਂ ਆਪਣੇ ਸਭਿਆਚਾਰ ਨਾਲ ਪੂਰੀ ਤਰ੍ਹਾਂ ਜੁੜੇ ਰਹਿ ਸਕੇ ਹਨ ਤੇ ਨਾ ਹੀ ਪੱਛਮੀ ਸਭਿਆਚਾਰ ਨੂੰ ਪੂਰੀ ਤਰ੍ਹਾਂ ਸਵੀਕਾਰ ਕਰ ਸਕੇ ਹਨ. ਇਹ ਅੰਤਰ-ਦਵੰਦ ਸਦਾ ਹੀ ਬਣਿਆ ਰਹਿੰਦਾ ਹੈ. ਹੱਥਲੇ ਨਾਵਲ ਵਿਚ ਸੋਨੀਆ ਆਪਣਾ ਜੀਵਨ ਪੱਛਮੀ ਸਭਿਆਚਾਰ ਵਿਚ ਬਤੀਤ ਤਾਂ ਕਰਦੀ ਹੈ, ਪਰ ਉਸਦੀ ਮਾਨਸਿਕਤਾ ਵਿਚ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਕਾਰਜਸ਼ੀਲ ਰਹਿੰਦੀਆਂ ਹਨ.ਨਾਵਲ ਵਿਚ ਸੋਨੀਆ ਆਪਣੇ ਪਤੀ ਦੀਆਂ ਮਾੜੀਆਂ ਆਦਤਾਂ ਕਾਰਨ ਉਸ ਨਾਲ ਤਲਾਕ ਤਾਂ ਲੈਣਾ ਚਾਹੁੰਦੀ ਹੈ. ਜਿਸ ਕਰ ਕੇ ਉਹ ਪੱਛਮੀ ਕਾਨੂੰਨੀ ਵਿਵਸਥਾ ਸਹਾਰਾ ਵੀ ਲੈਂਦੀ ਹੈ. ਜਦੋ ਉਸਦਾ ਵਕੀਲ ਉਸਨੂੰ ਦੱਸਦਾ ਹੈ ਕਿ ਉਸਦੇ ਪਤੀ ਨੇ ਉਸ ਨਾਲ ਤਲਾਕ ਲੈਣ ਤਲਾਕ ਦੇ ਪੇਪਰ ਭੇਜੇ ਹਨ.ਜਿਸ ਕਰ ਕੇ ਉਹ ਪ੍ਰੇਸ਼ਾਨ ਹੋ ਜਾਂਦੀ ਹੈ ਕਿ ਉਸਦੇ ਵਿਆਹ ਹੋਏ ਨੂੰ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ ਤੇ ਇੰਨੀ ਜਲਦੀ ਉਸਦਾ ਤਲਾਕ ਹੋਣ ਜਾ ਰਿਹਾ ਸੀ. ਪੱਛਮੀ ਸਭਿਆਚਾਰ ਵਿਚ ਤਲਾਕ ਵਾਲੀ ਗੱਲ ਨੂੰ ਆਮ ਜਿਹੀ ਗੱਲ ਸਮਝਿਆ ਜਾਂਦਾ ਹੈ. ਉਹ ਪਤੀ-ਪਤਨੀ ਦੇ ਰਿਸ਼ਤੇ ਵਿਚ ਮਾੜੀ ਜਿਹੀ ਗੱਲ ਕਰ ਕੇ ਤਲਾਕ ਲੈਣ ਲਈ ਤਿਆਰ ਹੋ ਜਾਂਦੇ ਹਨ.ਪਰ ਪੰਜਾਬੀ ਸਭਿਆਚਾਰ ਵਿਚ ਤਲਾਕ ਵਾਲੀ ਗੱਲ ਨੂੰ ਚੰਗਾ ਨਹੀਂ ਸਮਝਿਆ ਜਾਂਦਾ. ਉਹ ਆਪਣੇ ਤਲਾਕ ਸ਼ੁਦਾ ਹੋਣ ਨੂੰ ਮੱਥੇ ਦੇ ਕਲਕ ਵਾਂਗ ਸਮਝਦੀ ਹੈ.ਜਦੋ ਉਸ ਨਾਲ ਤਲਾਕ ਵਾਲੀ ਵਾਪਰਦੀ ਹੈ ਤਾਂ ਉਹ ਉਸ ਸਮੇਂ ਜੋ ਉਸਦੀ ਮਾਨਸਿਕਤਾਂ ਵਿਚ ਜਿਹੜੀ ਵਿਚਾਰ ਚਰਚਾ ਚੱਲ ਰਹੀ ਹੁੰਦੀ ਹੈ ਤਾਂ ਉਸ ਸਥਿਤੀ ਨੂੰ ਬਿਆਨ ਕਰਦੀ ਹੈ, "ਮੇਰੇ ਦਿਲ ਨੂੰ ਇਕ ਬਹੁਤ ਵੱਡਾ ਧੱਕਾ ਲੱਗਾ ਕਿ ਮੈਂ ਜਲਦੀ ਹੀ ਤਲਾਕਸ਼ੁਦਾ ਹੋ ਜਾਣਾ ਸੀ.ਇਕ ਸ਼ਰਮਨਾਕ ਸਿਹਰਾ! ਮੇਰੀ ਜ਼ਿੰਦਗੀ ਪਿਛਲੇ ਡੇਢ ਸਾਲ ਵਿਚ ਕਿੰਨ੍ਹੇ ਪੜ੍ਹਾਵਾ ਵਿਚੋਂ ਨਿਕਲੀ ਸੀ. ਮੈਂ ਸਾਰਾ ਦਿਨ ਰੋਂਦੀ ਰਹੀ. ਉਸ ਦਿਨ ਮੈਂ ਨਾ ਕਿਸੇ ਨਾਲ ਕੋਈ ਗੱਲ ਕੀਤੀ ਅਤੇ ਨਾ ਹੀ ਫ਼ੋਨ ਕੀਤਾ. ਮੈਂ ਆਪਣਾ ਫ਼ੋਨ ਬੰਦ ਕਰ ਲਿਆ. ਮੈਂ ਆਪਣੇ ਸਿ ਦੁੱਖ ਨਾਲ ਇਕੱਲੀ ਰਹਿਣੀ ਚਾਹੰਦੀ ਸੀ. ਹਲੇ ਕੱਲ ਦੀ ਗੱਲ ਸੀ ਕਿ ਐਨੇ ਚਾਵਾਂ ਨਾਲ ਵਿਆਹ ਹੋਇਆ ਸੀ."[13]

ਨਾਵਲ ਵਿਚਲੀ ਪਾਤਰ ਸੋਨੀਆ ਆਪਣੇ ਤਲਾਕ ਵਾਲੀ ਗੱਲ ਸੁਣ ਕੇ ਉਸਦੇ ਮਨ ਵਿਚ ਵਿਚਾਰ ਚੱਲਣ ਲੱਗ ਪੈਂਦੇ ਹਨ. ਇਸਦੇ ਪੰਜਾਬੀਆਂ ਨੂੰ ਪਰਵਾਸ ਧਾਰਨ ਕਰਨ ਸਮੇਂ ਤੇ ਪੱਛਮੀ ਸਭਿਆਚਾਰ ਅਪਣਾਉਣ ਦੇ ਨਾਲ-ਨਾਲ ਬਾਕੀ ਪਰਵਾਸੀ ਸਰੋਕਾਰ, ਨਸਲੀ ਵਿਤਕਰਾ, ਕੰਮ ਦਾ ਬੋਝ, ਭੂ-ਹੇਰਵੇ, ਪੀੜ੍ਹੀ-ਪਾੜੇ ਦੀ ਸੱਮਸਿਆ, ਸਭਿਆਚਾਰ ਤਣਾਉ ਦੇ ਨਾਲ-ਨਾਲ ਭਾਸ਼ਾ ਦੀ ਵੀ ਸੱਮਸਿਆ ਆਉਂਦੀ ਹੈ ਜੋ ਕਿ ਪਰਵਾਸੀ ਪੰਜਾਬੀਆਂ ਲਈ ਇਕ ਚੁਣੌਤੀ ਬਣ ਜਾਂਦੀ ਹੈ.ਜੋ ਕਿ ਪਰਵਾਸੀ ਪੰਜਾਬੀਆਂ ਦੀ ਤ੍ਰਾਸਦੀ ਬਣ ਕੇ ਵੀ ਪੇਸ਼ ਹੁੰਦੀ ਹੈ. ਅਵਤਾਰ ਸਿੰਘ ਵਿਰਦੀ ਨੇ 'ਆਈ ਕੈਨੇਡਾ ਵਿਆਹੀ' ਵਿਚਲੀ ਪਾਤਰ ਨੂੰ ਪੜੀ ਲਿਖੀ ਹੋਣ ਦੇ ਬਾਵਜੂਦ ਵੀ ਅੰਗਰੇਜ਼ੀ ਭਾਸ਼ਾ ਵਿਚ ਕਾਫ਼ੀ ਤਕਲੀਫ਼ ਹੁੰਦੀ ਹੈ.ਜਦੋਂ ਨਾਵਲ ਵਿਚਲੀ ਪਾਤਰ ਸੋਨੀਆ ਆਪਣੇ ਪਤੀ ਤੇ ਸੱਸ ਦੇ ਅੱਤਿਆਚਾਰਾਂ ਤੋਂ ਤੰਗ ਆ ਜਾਂਦੀ ਹੈ ਤਾਂ ਉਸਨੂੰ ਆਪਣੀ

ਗੱਲ ਪੁਲਿਸ ਨੂੰ ਦੱਸਣ ਕਾਫ਼ੀ ਲੰਮਾ ਸਮਾਂ ਇੰਤਜ਼ਾਰ ਕਰ ਕੇ ਆਪਣੇ ਉੱਤੇ ਹੋ ਰਹੇ ਅਤਿਆਚਾਰਾਂ ਨੂੰ ਪੁਲਿਸ ਨੂੰ ਟੁੱਟੀ-ਫੁਟੀ ਅੰਗਰੇਜ਼ੀ ਵਿਚ ਦੱਸਦੀ ਹੈ:

"ਪੁਲਿਸ" ਮੈਂ ਕਿਹਾ

"ਯੋਰ ਨੇਮ?"

"ਸੋਨੀਆ ਬਰਾਰ"

"ਵੱਟਸ ਦੀ ਪ੍ਰਾਬਲਮ"

"ਮਾਈ ਹਸਬੈਡ ਬੀਟਿੰਗ ਮੀ"

"ਵਟ ਲੈਂਗੁਇਜ਼ ਡੂ ਯੂ ਸਪੀਕ?"

"ਪੰਜਾਬੀ"

"ਵੇਅਰ ਆਰ ਯੂ ਨਾਉ?"

"ਇਨ ਵਾਸ਼ਰੂਮ"

"ਐਂਡ ਯੋਰ ਹਸਬੈਂਡ?"

"ਆਉਟਸਾਈਡ ਵਾਸ਼ਰੂਮ.ਆਈ ਡੋਰ ਲਾਕ."[14]

ਇਸ ਤਰ੍ਹਾਂ ਨਾਵਲ ਵਿਚਲੀ ਪਾਤਰ ਸੋਨੀਆ ਆਪਣੀ ਟੁੱਟੀ-ਫੁੱਟੀ ਅੰਗਰੇਜ਼ੀ ਵਿਚ ਆਪਣੀ ਹਾਲਤ ਬਿਆਨ ਕਰਦੀ ਹੈ. ਨਾਵਲਕਾਰ ਨੇ ਆਪਣੇ ਨਾਵਲ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਮਾਜਿਕ ਸਰੋਕਾਰ ਨੂੰ ਆਪਣੇ ਨਾਵਲ ਵਿਚ ਪੇਸ਼ ਕੀਤਾ ਹੈ. ਸਮਾਜ ਵਿਚ ਦਿਨ-ਬ-ਦਿਨ ਵੱਧ ਰਿਹਾ ਭ੍ਰਿਸ਼ਟਾਚਾਰ ਵੱਲ ਨਾਵਲ ਵਿਚ ਇਸ਼ਾਰਾ ਕੀਤਾ ਹੈ ਜੋ ਕਿ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ. ਅਵਤਾਰ ਸਿੰਘ ਵਿਰਦੀ ਨੇ ਆਪਣੇ ਨਾਵਲ "ਆਈ ਕੈਨੇਡਾ ਵਿਆਹੀ" ਵਿਚ ਪੰਜਾਬੀ ਅਤੇ ਪੱਛਮੀ ਸਭਿਆਚਾਰ ਵਿਚ ਪੇਸ਼ ਹੋਏ ਸਮਾਜਿਕ-ਸਭਿਆਚਾਰਕ ਸਰੋਕਾਰਾਂ ਨੂੰ ਬੜੀ ਸ਼ਿੱਦਤ ਤੇ ਬਰੀਕੀ ਨਾਲ ਪੇਸ਼ ਕੀਤਾ ਹੈ.

## ਹਵਾਲੇ ਤੇ ਟਿੱਪਣੀਆਂ


1. ਵਿਰਦੀ, ਅਵਤਾਰ ਸਿੰਘ, ਆਈ ਕੈਨੇਡਾ ਵਿਆਹੀ ਪੰਨਾ-18
2. ਉਹੀ ਪੰਨਾ-22
3. ਉਹੀ ਪੰਨਾ-113
4. ਉਹੀ ਪੰਨਾ-49
5. ਉਹੀ ਪੰਨਾ-48
6. ਉਹੀ ਪੰਨਾ-186
7. ਉਹੀ ਪੰਨਾ-27
8. ਉਹੀ ਪੰਨਾ-76
9. ਉਹੀ ਪੰਨਾ-133
10. ਉਹੀ ਪੰਨਾ-134
11. ਉਹੀ ਪੰਨਾ-74
12. ਉਹੀ ਪੰਨਾ-23
13. ਉਹੀ ਪੰਨਾ-84
14. ਉਹੀ ਪੰਨਾ-100


***

# ਆਰਥਿਕ ਆਤਮ-ਨਿਰਭਰਤਾ ਦੇ ਪੱਖ ਤੋਂ ਔਰਤ ਦੀ ਭੂਮਿਕਾ ਤੇ ਸਥਿਤੀ

ਡਾ. ਮੇਜਰ ਸਿੰਘ

ਅਸਿਸਟੈਂਟ ਪ੍ਰੋਫ਼ੈਸਰ,

ਦੇਸ਼ ਭਗਤ ਯੂਨੀਵਰਸਟਿੀ, ਮੰਡੀ ਗੋਬਿੰਦਗੜ੍ਹ

ਸੰਪਰਕ: 97790-06299

ਸੰਸਾਰ ਵਿਚ ਨਰ ਅਤੇ ਮਾਦਾ ਦੁਨੀਆ ਦੇ ਉਹ ਦੋ ਧੁਰੇ ਹਨ, ਜਿਨ੍ਹਾਂ ਤੇ ਸਾਰੀ ਕਾਇਨਾਤ ਟਿਕੀ ਹੋਈ ਹੈ. ਭਾਵੇਂ ਜੀਵ-ਜਗਤ ਦੀ ਗੱਲ ਕਰੋ ਜਾਂ ਬਨਸਪਤੀ-ਜਗਤ ਦੀ ਨਰ ਅਤੇ ਮਾਦਾ ਦਾ ਸੰਕਲਪ ਦੋਵਾਂ ਥਾਵਾਂ ਤੇ ਪ੍ਰਧਾਨ ਹੁੰਦਾ ਹੈ, ਕਿਉਂਕਿ ਇਹਨਾਂ ਦੋਵਾਂ ਦੀ ਸਹਿਹੋਂਦ ਹੀ ਇਸ ਦੁਨੀਆ ਨੂੰ ਪੈਦਾ ਕਰਨ ਅਤੇ ਵਿਗਸਣ ਵਿਚ ਸਹਾਇਤਾ ਕਰਦੀ ਹੈ. ਇਸ ਸੰਸਾਰ ਵਿਚ ਔਰਤ-ਮਰਦ ਦਾ ਰਿਸ਼ਤਾ ਉਨ੍ਹਾਂ ਦੀ ਆਪਣੀ ਹੋਂਦ ਵਾਂਗ ਹੀ ਸਦੀਆਂ ਪੁਰਾਣਾ ਹੈ. ਜਦੋਂ ਤੋਂ ਮਰਦ ਜਾਤੀ ਦੇ ਅਸਤਿਤਵ ਦਾ ਪਤਾ ਚਲਦਾ ਹੈ. ਔਰਤ ਵੀ ਉਸ ਸਮੇਂ ਤੋਂ ਹੈ. ਦੋਵਾਂ ਦੀ ਹੋਂਦ ਇਕ ਦੂਜੇ ਤੋਂ ਬਿਨਾਂ ਅਸੰਭਵ ਹੈ. ਦੋਵਾਂ ਦੇ ਮਿਲਾਪ ਨਾਲ ਹੀ ਮਨੁੱਖ ਜਾਤੀ ਦਾ ਵਿਕਾਸ ਹੁੰਦਾ ਹੈ. ਔਰਤ-ਮਰਦ ਦੋਵੇਂ ਹੀ ਸਮਾਜ ਦੀ ਨੀਂਹ ਹਨ. ਸਮਾਜ ਹੋਵੇ ਤਾਂ ਸਮਾਜਕ ਵਿਕਾਸ ਵੀ ਹੋਵੇਗਾ. ਜਿਵੇਂ-ਜਿਵੇਂ ਸਮਾਜ ਵਿਚ ਸਮਾਜਕ ਵਿਕਾਸ ਹੋਵੇਗਾ ਔਰਤ-ਮਰਦ ਦੇ ਰਿਸ਼ਤੇ ਹੋਰ ਜਟਿਲ ਹੋਣਗੇ. ਇਸ ਪ੍ਰਕਾਰ ਔਰਤ ਅਤੇ ਮਰਦ ਤੋਂ ਬਿਨਾਂ ਸਮਾਜਕ ਜੀਵਨ ਅਧੂਰਾ ਹੈ. ਦੋਵਾਂ ਦੇ ਬਰਾਬਰ ਚੱਲਣ ਨਾਲ ਹੀ ਸਾਰਥਿਕ ਜੀਵਨ ਦਾ ਅਨੰਦ ਮਾਣਿਆ ਜਾ ਸਕਦਾ ਹੈ. ਸਮੁੱਚਤਾ ਵਿਚ ਔਰਤ ਅਤੇ ਮਰਦ ਦਾ ਸੰਯੋਗ ਹੀ ਸੰਸਾਰ ਦੀ ਹੋਂਦ ਦਾ ਬੁਨਿਆਦੀ ਆਧਾਰ ਹੈ.

ਪਰ ਸਮਾਜ ਵਿਚ ਔਰਤ ਦਾ ਸਮਾਜਕ ਅਤੇ ਆਰਥਿਕ ਪੱਖ ਤੋ ਕੀ ਸਥਾਨ ਹੈ. ਇਸ ਬਾਰੇ ਫ਼ੈਸਲਾ ਕਰਨ ਲਈ ਪੁਰਾਤਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਜਾਂ ਅਜੋਕੇ ਸਮੇਂ ਤੱਕ ਪਹੁੰਚਣ ਅਤੇ ਵਿਚਾਰਨ ਲਈ ਮਨੁੱਖੀ ਸਮਾਜ ਨੇ ਜਿਨ੍ਹਾਂ ਵਿਭਿੰਨ-ਵਿਭਿੰਨ ਦੌਰਾ ਦੇ ਮਿੱਠੇ ਕੌੜੇ ਅਤੇ ਚੰਗੇ ਮਾੜੇ ਅਨੁਭਵ

ਕੀਤੇ ਹਨ. ਉਨ੍ਹਾਂ ਦੌਰਾਂ ਵਿਚੋਂ ਔਰਤ-ਮਰਦ ਦੇ ਸੰਬੰਧਾਂ ਅਤੇ ਸਮਾਜਕ, ਆਰਥਿਕ ਰੁਤਬੇ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ. ਮਨੁੱਖ ਇਸ ਦੁਨੀਆ ਦਾ ਉਹ ਹਿੱਸਾ ਹੈ, ਜਿਸ ਦੇ ਬੋਧਿਕ ਸਫ਼ਰ ਨੇ ਉਸ ਨੂੰ ਸਮਾਜਕ, ਆਰਥਿਕ ਵੰਡ ਦੀ ਜਾਚ ਸਿਖਾਈ ਹੈ. ਇਸ ਵੰਡ ਦੇ ਕਾਰਨ ਇਸ ਹੱਕ ਨਾਲ ਆਦਮ ਜਾਤ ਨੂੰ ਸਿਰਮੌਰ ਅਤੇ ਔਰਤ ਜਾਤ ਨੂੰ ਦੁਜੈਲੀ ਥਾਂ ਤੇ ਰੱਖ ਦਿੱਤਾ ਹੈ.

ਇਸ ਪ੍ਰਕਾਰ ਮਨੁੱਖ ਜਾਤੀ ਨੇ ਕੰਮ-ਧੰਦੇ, ਵਰਤ-ਵਿਹਾਰ, ਜੀਵਨ-ਜਾਚ ਆਦਿ ਨੂੰ ਧਿਆਨ ਵਿਚ ਰੱਖ ਕੇ ਮਨੁੱਖਤਾ ਨੂੰ ਸਮਾਜਕ ਅਤੇ ਆਰਥਕ ਪੱਖ ਤੋਂ ਦੋ ਹਿੱਸਿਆ ਵਿਚ ਵੰਡ ਦਿੱਤਾ ਹੈ. ਇਹ ਵੰਡ ਭਾਰਤੀ ਸਮਾਜ ਮਰਦ-ਪ੍ਰਧਾਨ ਸਮਾਜ ਹੋਣ ਦੇ ਨਾਤੇ ਮਰਦ ਨੇ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਹੈ. ਜਿਵੇਂ ਕਿ ਬਾਹਰਲੇ ਕੰਮਾਂ ਨੂੰ ਕਰਨ ਦੀ ਜ਼ਿੰਮੇਵਾਰੀ ਮਰਦ ਨੇ ਆਪਣੇ ਹਿੱਸੇ ਲੈ ਲਈ ਹੈ ਤੇ ਘਰ ਦੀ ਚਾਰਦੀਵਾਰੀ ਵਿਚ ਰਹਿ ਕੇ ਘਰੇਲੂ ਕੰਮ-ਧੰਦਾ, ਬੱਚਿਆ ਦੀ ਸਾਂਭ ਸੰਭਾਲ ਆਦਿ ਔਰਤ ਹੀ ਕਰੇਗੀ. ਇਸ ਪ੍ਰਕਾਰ ਔਰਤ ਬਿਨਾਂ ਤਨਖ਼ਾਹ ਵਾਲੀਆਂ ਮਜਦੂਰਨੀਆਂ ਬਣ ਕੇ ਰਹਿ ਜਾਂਦੀਆਂ ਹਨ. ਪੈਸੇ ਦਾ ਸਾਰਾ ਅਧਿਕਾਰ ਮਰਦ ਕੋਲ ਹੋਣ ਕਰ ਕੇ ਉਹ ਮਰਦ ਦੀਆਂ ਗ਼ੁਲਾਮ ਬਣ ਕੇ ਰਹਿ ਜਾਂਦੀਆਂ ਹਨ. ਔਰਤ ਨੂੰ ਆਪਣੀ ਘਰੇਲੂ ਜ਼ਰੂਰਤ ਪੂਰੀ ਕਰਨ ਦੇ ਸੰਬੰਧ ਵਿਚ ਪੈਸੇ ਲੈਣ ਲਈ ਮਰਦ ਅੱਗੇ ਹੱਥ ਫੈਲਾਉਣੇ ਪੈਂਦੇ ਹਨ. ਔਰਤ ਨੂੰ ਸਿਰਫ਼ ਘਰ ਦਾ ਕੰਮ-ਧੰਦਾ, ਪਤੀ, ਬੱਚੇ ਅਤੇ ਬਜ਼ੁਰਗਾਂ ਦਾ ਪਾਲਣ-ਪੋਸ਼ਣ ਕਰਨ ਤੱਕ ਹੀ ਸੀਮਤ ਰੱਖਿਆ ਜਾਂਦਾ ਸੀ.

ਇਸ ਪ੍ਰਕਾਰ ਔਰਤ ਨੂੰ ਸਮਾਜਕ, ਆਰਥਿਕ ਪੱਖ ਤੋਂ ਮਰਦ ਉੱਪਰ ਨਿਰਭਰ ਰਹਿਣਾ ਪੈਂਦਾ ਹੈ. ਔਰਤ-ਮਰਦ ਉੱਪਰ ਆਰਥਿਕ, ਸਮਾਜਿਕ ਪੱਖ ਤੋਂ ਨਿਰਭਰ ਰਹਿਣ ਕਾਰਨ ਸਦਾ ਤਰਾਸਦੀ ਦੀ ਪਾਤਰ ਬਣ ਕੇ ਰਹਿ ਜਾਂਦੀ ਹੈ. ਅਜਿਹੀ ਸਥਿਤੀ ਵਿਚ ਘਿਰੀ ਔਰਤ ਹਮੇਸ਼ਾ ਗ਼ੁਲਾਮ ਬਣ ਕੇ ਜ਼ਿੰਦਗੀ ਗੁਜ਼ਾਰਦੀ ਹੈ. ਅਜ਼ਾਦੀ ਨਾਲ ਉਹ ਆਪਣਾ ਕੋਈ ਵੀ ਕੰਮ-ਧੰਦਾ ਨਹੀਂ ਕਰ ਸਕਦੀ. ਇਸ ਪ੍ਰਕਾਰ ਅਜਿਹੀ ਤ੍ਰਾਸਦਿਕ ਭਰੀ ਸਥਿਤੀ ਵਿਚੋਂ ਨਿਕਲਣ ਲਈ ਔਰਤ ਨੂੰ ਆਰਥਿਕ ਪੱਖ ਤੋਂ ਆਤਮ-ਨਿਰਭਰ

ਹੋਣਾ ਜ਼ਰੂਰੀ ਹੈ. ਸੋ ਜਿਹੜੀਆਂ ਔਰਤਾਂ ਆਰਥਿਕ ਪੱਖ ਤੋਂ ਆਤਮ-ਨਿਰਭਰ ਹੋ ਜਾਂਦੀਆਂ ਹਨ. ਉਨ੍ਹਾਂ ਦੇ ਆਰਥਿਕ ਮਸਲੇ ਸੁਲਝਣ ਦੇ ਨਾਲ-ਨਾਲ ਸਮਾਜਕ ਮਸਲੇ ਵੀ ਸੁਲਝ ਜਾਂਦੇ ਹਨ ਤੇ ਸਮਾਜ ਵਿਚ ਉਨ੍ਹਾਂ ਔਰਤਾਂ ਦਾ ਮਾਣ-ਸਨਮਾਨ ਵੀ ਵੱਧ ਜਾਂਦਾ ਹੈ. ਜਿਸ ਕਾਰਨ ਉਨ੍ਹਾਂ ਨੂੰ ਆਪਣੇ ਨਿੱਜੀ ਮਸਲੇ ਅਤੇ ਫ਼ੈਸਲੇ ਆਪ ਲੈਣ ਦੀ ਖੁੱਲ੍ਹ ਪ੍ਰਦਾਨ ਹੋ ਜਾਂਦੀ ਹੈ. ਇਹਨਾਂ ਔਰਤਾਂ ਲਈ ਸਮਾਜਕ ਬੁਰਾਈਆਂ ਨਾਲ ਸੰਬੰਧਿਤ ਮਸਲੇ ਆਰਥਿਕ ਆਤਮ-ਨਿਰਭਰਤਾ ਕਾਰਨ ਕਾਫ਼ੀ ਹੱਦ ਤੱਕ ਹੱਲ ਹੋ ਜਾਂਦੇ ਹਨ. ਇਸ ਪ੍ਰਕਾਰ ਆਰਥਿਕ ਆਤਮ-ਨਿਰਭਰਤਾ ਔਰਤਾਂ ਲਈ ਵਰਦਾਨ ਸਾਬਤ ਹੋ ਜਾਂਦੀ ਹੈ.

ਅਜੋਕੇ ਸਮੇਂ ਵਿਚ ਔਰਤਾਂ ਆਰਥਿਕ ਪੱਖ ਤੋਂ ਕਾਫ਼ੀ ਹੱਦ ਤੱਕ ਮਰਦਾ ਦੇ ਬਰਾਬਰ ਹਨ. ਪ੍ਰੰਤੂ ਸਮੇਂ ਦੀ ਲੋੜ ਅਨੁਸਾਰ ਹੋਰ ਪਰਿਵਰਤਨ ਹੋਣ ਦੀ ਸੰਭਾਵਨਾ ਤੇ ਜ਼ਰੂਰਤ ਹੈ. ਕਿਉਂਕਿ ਆਧੁਨਿਕ ਸਮੇਂ ਵਿਚ ਪੜ੍ਹ ਲਿਖ ਕੇ ਔਰਤਾਂ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਹੋ ਚੁੱਕੀਆਂ ਹਨ. ਉਹ ਆਪਣੀ ਅਛਾਈ ਬੁਰਾਈ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੀਆਂ ਹਨ. ਅਜੋਕੇ ਸਮੇਂ ਵਿਚ ਔਰਤਾਂ ਘਰ ਦੇ ਘਰੇਲੂ ਕੰਮਾਂ ਤੋਂ ਇਲਾਵਾ ਬਾਹਰਲੇ ਕੰਮਾਂ ਨੂੰ ਵੀ ਬੜੀ ਦਿਲਚਸਪੀ ਅਤੇ ਦ੍ਰਿੜ੍ਹ ਇਰਾਦੇ ਨਾਲ ਕਰਦੀਆਂ ਹਨ. ਜਿਵੇਂ ਕਿ ਸਰਕਾਰੀ ਨੌਕਰੀਆਂ, ਡਾਕਟਰ, ਵਕੀਲ, ਕੰਪਿਊਟਰ ਇੰਜੀਨੀਅਰ, ਖੋਜ-ਵਿਗਿਆਨ, ਖੇਤੀਬਾੜੀ, ਘਰੇਲੂ ਬਿਜ਼ਨਸ ਆਦਿ ਨਾਲ ਸੰਬੰਧਿਤ ਅਹੁੱਦਿਆਂ ਉੱਪਰ ਬਿਰਾਜਮਾਨ ਹਨ. ਅਜੋਕੇ ਸਮੇਂ ਵਿਚ ਔਰਤਾਂ-ਮਰਦਾ ਬਰਾਬਰ ਰਾਜਨੀਤਿਕ ਪਾਰਟੀਆਂ ਵਿਚ ਬਰਾਬਰ ਰੁਤਬਾ ਹਾਸਿਲ ਕਰ ਚੁੱਕੀਆਂ ਹਨ. ਇਸ ਤਰ੍ਹਾਂ ਔਰਤਾਂ ਲਈ ਇਹ ਸੰਕ੍ਰਾਂਤੀ ਕਾਲ ਹੈ. ਜਿਸ ਵਿਚ ਭਾਰਤੀ ਔਰਤ ਪਰੰਪਰਾ ਅਤੇ ਆਧੁਨਿਕਤਾ ਵਿਚਲੇ ਦਵੰਦ ਦਾ ਸਾਹਮਣਾ ਕਰ ਰਹੀ ਹੈ.

ਇਸ ਪ੍ਰਕਾਰ ਅਜੋਕੇ ਸਮੇਂ ਵਿਚ ਔਰਤਾਂ ਆਪਣੇ ਨਿੱਜੀ ਹਿੱਤਾਂ, ਹੱਕਾਂ ਪ੍ਰਤੀ ਪੂਰਨ ਰੂਪ ਵਿਚ ਸੁਚੇਤ ਹਨ. ਕਿਉਂਕਿ ਅਜਿਹੀਆਂ ਔਰਤਾਂ ਸਿੱਖਿਅਤ ਅਤੇ ਗਿਆਨਵਾਦੀ ਹਨ. ਆਧੁਨਿਕ ਸਮੇਂ ਦੀਆਂ ਔਰਤਾਂ ਘਰ ਦੀ ਗ਼ੁਲਾਮ ਭਰੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਆਜ਼ਾਦੀ ਭਰੇ ਖੁੱਲ੍ਹੇ ਮੈਦਾਨਾਂ ਵਿਚ

ਆ ਗਈਆਂ ਹਨ. ਇਸ ਪ੍ਰਕਾਰ ਹਰ ਖੇਤਰ ਵਿਚ ਔਰਤਾਂ ਮਰਦਾਂ ਤੋਂ ਅੱਗੇ ਹੋ ਕੇ ਕੰਮ ਕਰ ਰਹੀਆਂ ਹਨ. ਔਰਤ ਨੇ ਜੇਕਰ ਪੂਰਨ ਤੌਰ ਤੇ ਸੁਤੰਤਰ ਹੋਣਾ ਹੈ ਤਾਂ ਉਸ ਲਈ ਆਰਥਕ ਆਤਮ-ਨਿਰਭਰਤਾ ਜ਼ਰੂਰੀ ਹੈ. ਕਿਉਂਕਿ ਅਜੋਕੇ ਪਦਾਰਥਵਾਦੀ ਯੁੱਗ ਦੀ ਇਹ ਸਭ ਤੋਂ ਵੱਡੀ ਜ਼ਰੂਰਤ ਹੈ. ਜੇਕਰ ਅਜੋਕੇ ਸਮੇਂ ਦੀ ਔਰਤ ਖ਼ੁਦ ਨਹੀਂ ਕਮਾਉਂਦੀ ਤਾਂ ਉਸ ਨੂੰ ਆਪਣੀਆਂ ਘਰੇਲੂ ਜ਼ਰੂਰਤਾਂ ਲਈ ਪਤੀ ਜਾਂ ਕਿਸੇ ਹੋਰ ਸੰਬੰਧੀ ਉੱਪਰ ਨਿਰਭਰ ਰਹਿਣਾ ਪੈਂਦਾ ਹੈ. ਦੂਜਿਆਂ ਉੱਪਰ ਨਿਰਭਰ ਰਹਿਣ ਵਾਲੇ ਕਦੇ ਸੁਤੰਤਰ ਹੋ ਹੀ ਨਹੀਂ ਸਕਦੇ. ਆਰਥਕ ਪੱਖ ਤੋਂ ਆਤਮ-ਨਿਰਭਰ ਹੋਣਾ ਤੇ ਆਜ਼ਾਦ ਹੋਣਾ ਸਿੱਕੇ ਦੇ ਦੋ ਪਹਿਲੂ ਹਨ. ਆਰਥਕ ਪੱਖ ਤੋਂ ਆਜ਼ਾਦੀ ਸਿੱਕੇ ਦੇ ਇਕ ਪਹਿਲੂ ਨੂੰ ਹੀ ਦੇਖਣ ਤੇ ਮੰਨਣ ਵਾਲੀ ਗੱਲ ਹੈ. ਸਿੱਕੇ ਦੇ ਦੂਸਰੇ ਪਹਿਲੂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਜਿਸ ਕਾਰਨ ਉਹ ਦੂਹਰੇ ਦਮਨ ਚੱਕਰ ਵਿਚ ਫਸ ਜਾਂਦੀ ਹੈ. ਕਿਉਂਕਿ ਪਰੰਪਰਾਗਤ ਘਰੇਲੂ ਜ਼ਿੰਮੇਵਾਰੀਆਂ ਤਾਂ ਸ਼ੁਰੂ ਤੋਂ ਹੀ ਉਸ ਦੇ ਹਿੱਸੇ ਹਨ. ਬਾਹਰੀ ਕੰਮ ਤੇ ਘਰੇਲੂ ਕੰਮਾਂ ਕਾਰਨ ਔਰਤਾਂ ਦਾ ਕੰਮ ਤਾਂ ਮਰਦਾ ਨਾਲੋਂ ਦੁੱਗਣਾ ਹੋ ਗਿਆ ਹੈ. ਮਰਦ ਵੱਲੋਂ ਕਦੇ ਵੀ ਉਸ ਦੇ ਘਰੇਲੂ ਕੰਮਾਂ ਵਿਚ ਮਦਦ ਨਹੀਂ ਕੀਤੀ ਜਾਂਦੀ ਤੇ ਨਾ ਹੀ ਉਸ ਨੂੰ ਘਰ ਦਾ ਕੰਮ ਕਰਨ ਤੇ ਕੋਈ ਵਿਸ਼ੇਸ਼ ਮਾਣ ਪ੍ਰਾਪਤ ਹੁੰਦਾ ਹੈ. ਕਿਉਂਕਿ ਸਾਡੇ ਸਮਾਜ ਦੀ ਧਾਰਨਾ ਹੈ ਕਿ ਔਰਤ ਦਾ ਅਸਲ ਥਾਂ ਘਰ ਹੈ, ਕਮਾਈ ਕਰਨਾ ਤਾਂ ਮਰਦਾ ਦਾ ਕੰਮ ਹੈ. ਇਸ ਪ੍ਰਕਾਰ ਜਿਹੜੀ ਔਰਤ ਆਪ ਕਮਾਉਂਦੀ ਹੈ. ਉਸ ਦੇ ਰੁਜ਼ਗਾਰ ਤੇ ਕਮਾਈ ਨੂੰ ਘਰੇਲੂ ਪਤਨੀ ਦੇ ਕੰਮ ਦਾ ਸਹਾਇਕ ਮਾਤਰ ਕੰਮ ਹੀ ਮੰਨਿਆ ਜਾਂਦਾ ਹੈ. ਕਿਉਂਕਿ ਸਾਡਾ ਭਾਰਤੀ ਸਮਾਜ ਮਰਦ ਪ੍ਰਧਾਨ ਸਮਾਜ ਹੈ ਤੇ ਘਰ ਦਾ ਪ੍ਰਧਾਨ ਵੀ ਮਰਦ ਮੰਨਿਆ ਜਾਂਦਾ ਹੈ.

ਪ੍ਰੰਤੂ ਫਿਰ ਵੀ ਇਹਨਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ 21ਵੀ ਸਦੀ ਦੀ ਔਰਤ ਆਪਣੇ ਅਸਤਿਤਵਵਾਦੀ ਖੋਜ ਵਿਚ ਲੱਗੀ ਹੋਈ ਹੈ. ਉਹ ਆਰਥਿਕ ਪੱਖੋਂ ਆਤਮ-ਨਿਰਭਰ ਹੋ ਰਹੀ ਹੈ. ਪ੍ਰੰਤੂ ਇਸ ਨਾਲ ਇਹ ਵੀ ਜ਼ਰੂਰੀ ਹੈ ਕਿ ਇਸ ਸਮਾਜ ਦੀ ਸੋਚ ਵੀ ਔਰਤ ਦੇ ਬਰਾਬਰ ਹੋਵੇ ਤਾਂ ਹੀ ਉਹ

ਆਪਣੀ ਹੋਂਦ ਨੂੰ ਪਛਾਣ ਸਕੇਗੀ ਤੇ ਸਮਾਜ ਉਸ ਦੀ ਆਰਥਿਕ ਆਤਮ-ਨਿਰਭਰਤਾ ਨੂੰ ਪਛਾਣ ਸਕੇਗਾ. ਨਹੀਂ ਤਾਂ ਉਹ ਆਰਥਿਕ ਆਤਮ-ਨਿਰਭਰ ਹੋ ਕੇ ਵੀ ਮਰਦ ਦੀ ਗ਼ੁਲਾਮ ਰਹੇਗੀ. ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਔਰਤਾਂ ਆਪਣੇ ਨਿੱਜੀ ਹੱਕਾਂ ਪ੍ਰਤੀ ਬਹੁਪਰਤੀ ਬਹੁ-ਪਸਾਰੀ ਸੋਚ ਲੈ ਕੇ ਜਾਗ੍ਰਿਤ ਹੋ ਗਈਆਂ ਹਨ. ਬਿਨਾਂ ਕਿਸੇ ਸੱਕ ਆਧੁਨਿਕ ਔਰਤ ਆਪਣੇ ਹੱਕਾਂ ਪ੍ਰਤੀ, ਨਿੱਜਤਾ ਪ੍ਰਤੀ ਚੇਤੰਨ ਹੋਈ ਹੈ. ਉਸ ਨੂੰ ਕਾਨੂੰਨੀ ਤੌਰ ਤੇ ਬਰਾਬਰੀ ਦੇ ਵੋਟ ਅਧਿਕਾਰ ਮਿਲ ਚੁੱਕੇ ਹਨ. ਸਿੱਖਿਆ ਸੰਬੰਧੀ ਅਧਿਕਾਰ ਪ੍ਰਾਪਤ ਕਰ ਕੇ ਉਹ ਆਰਥਿਕ ਆਤਮ-ਨਿਰਭਰ ਹੋ ਚੁੱਕੀ ਹੈ.

ਇਸ ਪ੍ਰਕਾਰ ਅਜੋਕੇ ਸਮੇਂ ਵਿਚ ਔਰਤ ਨੇ ਆਰਥਿਕ ਆਜ਼ਾਦੀ ਲਹਿਰ ਦੇ ਨਾਲ-ਨਾਲ ਵਿਅਕਤੀਗਤ ਇੱਛਾ ਨੂੰ ਵੀ ਮਰਦ ਤੋਂ ਅਜ਼ਾਦ ਕਰਨ ਦੀ ਦਲੇਰੀ ਕੀਤੀ ਹੈ ਅਤੇ ਕਾਫ਼ੀ ਹੱਦ ਤੱਕ ਆਪਣੇ ਮਿਸ਼ਨ ਵਿਚ ਸਫਲ ਹੋ ਚੁੱਕੀ ਹੈ. ਜਿਵੇਂ-ਜਿਵੇਂ ਸਮਾਜ ਦੀ ਚੇਤਨਤਾ ਵਧੀ ਅਤੇ ਸਮਾਜ ਵਿਚ ਜਾਗਰੂਕਤਾ ਆਈ. ਤਿਵੇਂ-ਤਿਵੇਂ ਔਰਤਾਂ ਨੂੰ ਮਰਦਾ ਦੇ ਬਰਾਬਰ ਸਮਝਿਆ ਅਤੇ ਮੰਨਿਆ ਜਾਣ ਲੱਗਾ. ਅਜੋਕੇ ਸਮੇਂ ਵਿਚ ਔਰਤ ਮਰਦ ਤੋਂ ਕਿਸੇ ਵੀ ਖੇਤਰ ਵਿਚ ਘੱਟ ਨਹੀਂ ਅੱਜ ਦੀ ਔਰਤ ਪੁਲਾੜ ਵਿਚ ਜਾ ਚੁੱਕੀ ਹੈ. ਉਹ ਧਰਤੀ ਦੇ ਸਭ ਤੋਂ ਉੱਚੇ ਪਰਬਤ ਉੱਪਰ ਜਿੱਤ ਹਾਸਿਲ ਕਰ ਚੁੱਕੀ ਹੈ. ਅੱਜ ਦੀਆਂ ਔਰਤਾਂ ਨੇ ਕਈ ਮੱਲਾ ਮਾਰੀਆਂ ਹਨ. ਵੱਖ-ਵੱਖ ਖੇਤਰਾਂ ਵਿਚ ਭਾਵੇਂ ਬਾਲੀਵੁੱਡ, ਹਾਲੀਵੁੱਡ, ਬਿਊਟੀ, ਸਾਹਿਤ, ਖੇਡ, ਵਿਗਿਆਨ, ਵਪਾਰ, ਖੇਤੀਬਾੜੀ ਆਦਿ ਕੋਈ ਖੇਤਰ ਹੋਵੇ ਔਰਤਾਂ ਨੇ ਆਪਣੇ ਹੁਨਰ ਨਾਲ ਸਾਰੇ ਪਾਸੇ ਆਪਣਾ ਨਾਮ ਚਮਕਾਇਆ ਹੋਇਆ ਹੈ. ਇਸ ਹੁਨਰ ਨਾਲ ਹੀ ਔਰਤ ਆਰਥਿਕ ਆਤਮ-ਨਿਰਭਰਤਾ ਦਾ ਰੁਤਬਾ ਹਾਸਿਲ ਕਰ ਚੁੱਕੀ ਹੈ. ਇਸ ਤਰ੍ਹਾਂ ਆਰਥਿਕ ਰੁਤਬੇ ਦੇ ਨਾਲ-ਨਾਲ ਉਸ ਨੂੰ ਸਮਾਜਕ ਰੁਤਬਾ ਵੀ ਮਿਲ ਰਿਹਾ ਹੈ.

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਸਮੇਂ ਵਿਚ ਆਰਥਿਕ ਆਤਮ-ਨਿਰਭਰਤਾ ਦਾ ਪਰਿਵਰਤਨ ਔਰਤਾਂ ਲਈ ਇਕ ਕ੍ਰਾਂਤੀਕਾਰੀ ਪਰਿਵਰਤਨ ਸਾਬਤ

ਹੋਇਆ ਹੈ. ਦਰਅਸਲ ਸੰਸਾਰ ਵਿਚ ਆਰਥਿਕਤਾ ਹੀ ਇਕ ਬਹੁਮੰਤਵੀ ਤੇ ਬਹੁ-ਪਸਾਰੀ ਧੁਰਾ ਹੈ. ਜਿਸ ਦੇ ਦੁਆਲੇ ਇਹ ਮਨੁੱਖੀ ਸੰਸਾਰ ਆਪਣਾ ਪੈਂਡਾ ਤੈਅ ਕਰਦਾ ਹੈ. ਕੁਦਰਤ ਨੇ ਜੀਵਾਂ ਦੇ ਖਾਣ-ਪੀਣ ਲਈ ਪੇਟ ਲਾ ਕੇ ਇਨ੍ਹਾਂ ਨੂੰ ਕਾਰੇ ਲਾ ਦਿੱਤਾ ਹੈ. ਜੇਕਰ ਜੀਵ-ਜੰਤੂਆਂ ਵਿਸ਼ੇਸ਼ ਕਰ ਇਨਸਾਨਾਂ ਦੇ ਪੇਟ ਨਾਂ ਲਾਇਆ ਹੁੰਦਾ ਤਾਂ ਇਨ੍ਹਾਂ ਨੂੰ ਕੋਈ ਕੰਮ ਕਰਨ ਦੀ ਲੋੜ ਹੀ ਨਾ ਪੈਂਦੀ ਤੇ ਇਹ ਜੜ੍ਹ ਜੀਵਾਂ ਵਾਂਗ ਸੁਸਤ ਖੜ੍ਹੇ ਰਹਿੰਦੇ ਤੇ ਸੰਸਾਰ ਵਿਚ ਬਹੁਤ ਘੱਟ ਤਬਦੀਲੀਆਂ ਆਉਂਦੀਆਂ. ਇਸ ਤਰ੍ਹਾਂ ਮਨੁੱਖੀ ਸੰਸਾਰ ਦੇ ਬਹੁਤੇ ਮਸਲੇ ਆਰਥਿਕਤਾ ਨਾਲ ਜੁੜੇ ਹੋਏ ਹਨ. ਜਿਨ੍ਹਾਂ ਨੂੰ ਕੋਈ ਵੀ ਮਨੁੱਖ ਆਰਥਿਕ ਆਤਮ-ਨਿਰਭਰਤਾ ਤੋਂ ਬਿਨਾਂ ਹੱਲ ਨਹੀਂ ਕਰ ਸਕਦਾ, ਜਿਸ ਕਾਰਨ ਅਜਿਹਾ ਪਰਿਵਰਤਨ ਜ਼ਰੂਰੀ ਹੈ.

***

# ਅੱਲਾਮਾ ਇਕਬਾਲ ਦਾ ਮਰਦ-ਏ-ਕਾਮਿਲ "ਗੁਰੂ ਨਾਨਕ"

**ਮੂਲ ਰੂਪ (ਉਰਦੂ):** ਡਾ. ਕਲਿਆਣ ਸਿੰਘ ਕਲਿਆਣ

ਪ੍ਰੋਫ਼ੈਸਰ,

ਗੌਰਮਿੰਟ ਕਾਲਜ ਯੂਨੀਵਰਸਿਟੀ, ਲਾਹੌਰ.

**ਪੰਜਾਬੀ ਰੂਪ:** ਮਨਦੀਪ ਕੌਰ 'ਨਸੀਰੇਵਾਲ'

ਕੁਦਰਤ ਦਾ ਇਕ ਸਿਧਾਂਤ ਹੈ ਕਿ ਜਦੋਂ ਵੀ ਕਿਸੇ ਸਮਾਜ ਵਿਚ ਜ਼ੁਲਮ ਜ਼ਿਆਦਾ ਵੱਧ ਜਾਂਦਾ ਹੈ ਤਾਂ ਮਜ਼ਲੂਮ ਬੇਵੱਸ ਹੋ ਜਾਂਦਾ ਹੈ. ਉਸ ਦਹਿਸ਼ਤ ਨੂੰ ਖ਼ਤਮ ਕਰਨ ਦੇ ਲਈ ਪਰਮਾਤਮਾ ਆਪਣੇ ਖ਼ਾਸ ਬੰਦਿਆਂ ਦੀ ਚੋਣ ਕਰਦਾ ਹੈ, ਜੋ ਇਸ ਜ਼ੁਲਮ ਦੇ ਖ਼ਿਲਾਫ਼ ਤਨ, ਮਨ, ਧਨ ਦੇ ਨਾਲ ਖੜੇ ਹੋ ਕੇ ਜ਼ਾਲਿਮ ਦੇ ਜ਼ੁਲਮ ਨੂੰ ਤਹਿਸ-ਨਹਿਸ ਕਰ ਕੇ ਆਮ ਲੋਕਾਂ ਨੂੰ ਸੁੱਖ ਦਾ ਸਾਹ ਲੈਣ ਦੇਣ. ਜ਼ੁਲਮ ਦੀ ਉਸ ਰਾਤ ਨੂੰ ਸ਼ਾਇਰਾਂ ਅਤੇ ਬੁੱਧੀਜੀਵਾਂ ਨੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ: ਮੌਲਾ ਬਖ਼ਸ਼ ਕੁਸ਼ਤਾ ਪੰਜਾਬੀ ਦੇ ਅਜ਼ੀਮ ਸ਼ਾਇਰਾਂ ਵਿਚੋਂ ਇਕ ਹਨ ਉਨ੍ਹਾਂ ਦਾ ਫ਼ਰਮਾਨ ਹੈ:

ਜਦੋਂ ਜ਼ੁਲਮ ਹਰਨਾਕਸ਼ ਦਾ ਹੋਂਦ ਵਰਿਆ.

ਉਹਦੇ ਮਿਟਾਵਣੇ ਨੂੰ ਪ੍ਰਹਿਲਾਦ ਆਇਆ.

ਹਿੰਦੂ ਧਰਮ ਦੇ ਫ਼ਲਸਫ਼ੇ ਦੇ ਮੁਤਾਬਿਕ ਹਰਨਾਕਸ਼ ਨੇ ਆਮ ਲੋਕਾਂ ਉੱਤੇ ਜ਼ੁਲਮ ਦੇ ਪਹਾੜ ਢਾਹ ਦਿੱਤੇ ਤਾਂ ਉਨ੍ਹਾਂ ਦੇ ਆਪਣੇ ਘਰ ਵਿਚ ਪ੍ਰਹਿਲਾਦ ਨੇ ਜਨਮ ਲਿਆ. ਉਸਦੇ ਜ਼ੁਲਮਾਂ ਦਾ ਖ਼ਾਤਮਾ ਕੀਤਾ ਅਤੇ ਹਿੰਦ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ. ਇਸ ਤਰ੍ਹਾਂ ਇਕ ਘਟਨਾ ਨੂੰ ਸ਼ਾਇਰ ਡਾਕਟਰ ਅੱਲਾਮਾ ਮੁਹੰਮਦ ਇਕਬਾਲ ਨੇ ਵੀ ਇਸਲਾਮ ਵਿਚ ਬੜੇ ਖ਼ੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ

ਬੇ-ਖ਼ਤਰ ਕੂਦ ਪੜਾ ਆਤਿਸ਼-ਏ-ਨਮਰੂਦ ਮੇਂ ਇਸ਼ਕ.

ਅਕਲ ਹੈ ਮਹਵ-ਏ-ਤਮਾਸ਼ਾ-ਏ-ਲਬ-ਏ-ਬਾਮ ਅਭੀ.

ਪਰਮਾਤਮਾ ਨੇ ਹਜ਼ਰਤ ਇਬਰਾਹੀਮ ਨੂੰ ਨਮਰੂਦ ਦੇ ਜ਼ੁਲਮ ਨੂੰ ਰੋਕਣ ਲਈ ਪੈਦਾ ਕੀਤਾ. ਇਸ ਤਰ੍ਹਾਂ ਪੰਦਰਵੀਂ

ਸਦੀ ਵਿਚ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਵਿਚ ਜ਼ੁਲਮ ਅਤੇ ਧੱਕੇਸ਼ਾਹੀ ਦਾ ਅੰਤ ਹੋ ਚੁੱਕਾ ਸੀ. ਲੋਕ ਛੂਤ-ਛਾਤ ਅਤੇ ਜ਼ਾਤ-ਪਾਤ ਦੇ ਨਾਮ ਉੱਤੇ ਇਕ-ਦੂਜੇ ਨੂੰ ਨਫ਼ਰਤ ਕਰਦੇ ਸਨ. ਸਮਾਜ ਵਿਚ ਸਤੀ-ਪ੍ਰਥਾ ਅਤੇ ਕੁੜੀਆਂ ਨੂੰ ਜਿਉਂਦਿਆਂ ਦਫ਼ਨ ਕਰਨ ਦਾ ਰਿਵਾਜ ਆਮ ਸੀ. ਇਸ ਗੱਲ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਪੰਜਾਬੀ ਜ਼ੁਬਾਨ ਵਿਚ ਕੁਝ ਇਸ ਤਰ੍ਹਾਂ ਕੀਤਾ ਹੈ:

> ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ..
>
> ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ..

ਗੁਰੂ ਨਾਨਕ ਦੇ ਧਰਤੀ ਉੱਤੇ ਪ੍ਰਗਟ ਹੋਣ ਨਾਲ ਸੁੱਖਾਂ ਦਾ ਸੂਰਜ ਜ਼ੁਲਮ ਦੇ ਹਨ੍ਹੇਰਿਆਂ ਨੂੰ ਚੀਰਦਾ ਹੋਇਆ ਚੜ੍ਹਿਆ. ਪੂਰਬੀ ਸ਼ਾਇਰ (ਸ਼ਇਰ-ਏ-ਮਸ਼ਰਿਕ) ਡਾਕਟਰ ਅੱਲਾਮਾ ਮੁਹੰਮਦ ਇਕਬਾਲ ਨੇ ਗੁਰੂ ਨਾਨਕ ਜੀ ਦੇ ਜਨਮ ਉੱਤੇ ਗੁਰੂ ਜੀ ਨੂੰ "ਖ਼ਿਰਾਜ-ਏ-ਅਕੀਦਤ" ਸ਼ਬਦਾਂ ਨਾਲ ਪੇਸ਼ ਕੀਤਾ ਅਤੇ ਇਸ ਦਾ ਸਿਰਲੇਖ ਵੀ "ਨਾਨਕ" ਰੱਖਿਆ.

> ਆਹ! ਸ਼ੂਦਰ ਕੇ ਲੀਏ ਹਿੰਦੋਸਤਾਨ ਗ਼ਮ ਖ਼ਾਨਾ ਹੈ.
>
> ਦਰਦ-ਏ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ.
>
> ਬ੍ਰਾਹਮਣ ਸਰਸ਼ਾਦ ਹੈ ਅਬ ਤੱਕ ਮਏ-ਪਿੰਦਾਰ ਮੇਂ.
>
> ਸ਼ਮਾ-ਏ-ਗੌਤਮ ਜਲ ਰਹੀ ਹੈ ਮਹਿਫ਼ਲ-ਏ-ਅਗ਼ਿਯਾਰ ਮੇਂ.
>
> ਬੁਤ-ਕਦਾ ਫਿਰ ਬਾਅਦ ਮੁਦੱਤ ਕੇ ਮਗਰ ਰੋਸ਼ਨ ਹੂਆ.
>
> ਨੂਰ-ਏ-ਇਬਰਾਹਿਮ ਸੇ ਆਜ਼ਰ ਕਾ ਘਰ ਰੋਸ਼ਨ ਹੂਆ.
>
> ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ.
>
> ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ੁਆਬ ਸੇ.

ਪੂਰਬੀ ਸ਼ਾਇਰ (ਸ਼ਇਰ-ਏ-ਮਸ਼ਰਿਕ) ਨੇ ਸ਼ਬਦਾਂ ਦੇ ਰੂਪ ਵਿਚ ਚਾਹਤ ਦੇ ਮੋਤੀ "ਗੁਰੂ ਨਾਨਕ" ਦੇ ਸਮੇਂ ਦੇ ਹਾਲਾਤ ਖ਼ੂਬਸੂਰਤੀ ਨਾਲ ਬਿਆਨ ਕੀਤੇ ਹਨ. ਉਸ ਸਮੇਂ ਬ੍ਰਾਹਮਣਾਂ ਦਾ ਦਾਅਵਾ ਸੀ ਕਿ ਪਰਮਾਤਮਾ ਦੀ ਭਗਤੀ ਕਰਨ ਦਾ ਹੱਕ ਉਨ੍ਹਾਂ ਨੂੰ ਹੀ ਹੈ. ਦੇਵਤੇ ਲੋਕ ਬ੍ਰਾਹਮਣਾਂ ਦੀ ਸਲਾਹ ਦੇ ਬਿਨ੍ਹਾਂ ਕਿਸੇ ਇਨਸਾਨ ਉੱਤੇ ਰਹਿਮ ਕਰਨ ਨੂੰ ਤਿਆਰ ਨਹੀਂ ਹਨ. ਬ੍ਰਾਹਮਣ ਇਹ ਵੀ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੇ ਬਿਨ੍ਹਾਂ ਕੋਈ ਵੀ ਚੀਜ਼ ਦੂਜੀ ਦੁਨੀਆ ਵਿਚ ਪਹੁੰਚਾਈ ਨਹੀਂ ਜਾ ਸਕਦੀ ਅਤੇ ਜੋ ਕੁਝ ਵੀ ਉਨ੍ਹਾਂ ਨੂੰ ਖਵਾਇਆ ਜਾਵੇਗਾ ਉਹ ਖਵਾਉਣ ਵਾਲੇ ਦੇ ਬਜ਼ੁਰਗਾਂ ਤੱਕ ਪਹੁੰਚ ਜਾਵੇਗਾ. ਬ੍ਰਾਹਮਣ ਹੀ ਸਿਰਫ਼ ਮਾਲਕ ਨੂੰ ਮੰਜ਼ਿਲ ਤੱਕ ਪਹੁੰਚਾਉਣ ਦਾ ਇਕੋ-ਇਕ ਰਾਹ ਹਨ. ਇਹ ਉਹ ਹਾਲਾਤ ਸਨ ਜਿਸਨੂੰ ਹਰ ਰਚਨਾਕਾਰ ਨੇ ਆਪਣੇ-ਆਪਣੇ ਸ਼ਬਦਾਂ ਵਿਚ ਬਿਆਨ ਕੀਤਾ. ਜੋ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦੇ ਸਮੇਂ ਗ਼ੈਰ-ਸਿੱਖ ਸ੍ਰੋਤਾਂ ਵਿਚ ਬਿਆਨ ਕੀਤੇ ਗਏ ਹਨ. ਉਨ੍ਹਾਂ ਵਿਚੋਂ ਇਕ ਵੱਡਾ ਸ੍ਰੋਤ ਗੁਰੂ ਨਾਨਕ ਦੇ ਇਕ ਸਦੀ ਦੇ ਬਾਅਦ ਫ਼ਾਰਸੀ ਰੂਪ ਵਿਚ ਬਾਹਮੀ ਆਲਮ ਅਤੇ ਸਿਆਹ ਮੂਬਿਦ ਜ਼ੁਲਫ਼ਿਕਾਰ ਦਸਤਾਈ ਦੀ ਦੁਰਲੱਭ ਕਿਤਾਬ "ਦਬਿਸਤਾਨ-ਏ-ਮਜ਼ਾਹਿਬ" ਹੈ. ਜਿਸ ਵਿਚ ਸਿੱਖਾਂ ਨੂੰ "ਨਾਨਕ ਪੰਥੀਆਂ" ਦੇ ਨਾਮ ਨਾਲ ਦਰਸਾਇਆ ਗਿਆ ਹੈ

ਭਾਵ ਨਾਨਕ ਦੇ ਰਾਹ 'ਤੇ ਚੱਲਣ ਵਾਲਿਆ ਦੇ ਨਾਮ ਨਾਲ ਲਿਖਿਆ ਗਿਆ ਹੈ.

ਜਨਮ ਸਾਖੀਆਂ ਵਿਚੋਂ ਇਕ ਵੱਡੀ ਜਨਮ ਸਾਖੀ ਜਿਸਨੂੰ ਸੋਢੀ ਮਿਹਰਬਾਨ(1531 ਈ. ਤੋਂ 1640 ਈ) ਨੇ ਲਿਖਿਆ ਹੈ. ਸੋਢੀ ਮਿਹਰਬਾਨ ਚੌਥੇ ਗੁਰੂ ਰਾਮ ਦਾਸ ਜੀ ਦੇ ਪੋਤਰੇ ਸਨ ਅਤੇ ਗੁਰੂ ਸਾਹਿਬ ਦੇ ਖ਼ਾਨਦਾਨ ਵਿਚ ਪੈਦਾ ਹੋਏ. ਉਨ੍ਹਾਂ ਦੇ ਮੁਤਾਬਿਕ ਗੁਰੂ ਸਾਹਿਬ ਦਾ ਜਨਮ ਪੂਰਨਮਾਸ਼ੀ 1526 ਬਿਕਰਮੀ (15ਅਪ੍ਰੈਲ, 1469ਈ.) ਨੂੰ ਰਾਏ ਭੋਇ ਦੀ ਤਲਵੰਡੀ ਵਿਚ ਹੋਇਆ. ਆਪ ਦੇ ਪਿਤਾ ਦਾ ਨਾਂ ਕਲਿਆਣ ਦਾਸ (ਮਹਿਤਾ ਕਾਲੂ ਜੀ) ਅਤੇ ਮਾਤਾ ਦਾ ਨਾਂ ਤ੍ਰਿਪਤਾ ਜੀ ਸੀ. ਆਪ ਜੀ ਤੋਂ ਪੰਜ ਸਾਲ ਵੱਡੀ ਭੈਣ “ਨਾਨਕੀ” (ਬੇਬੇ ਨਾਨਕੀ ਜੀ) ਆਪ ਜੀ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਉਨ੍ਹਾਂ ਦੇ ਘਰ ਵਿਚ ਪਰਮਾਤਮਾ ਦਾ ਦਿੱਤਾ ਸਭ ਕੁਝ ਸੀ. ਇਸ ਲਈ “ਨਾਨਕ” (ਸ੍ਰੀ ਗੁਰੂ ਨਾਨਕ ਸਾਹਿਬ ਜੀ) ਅਤੇ “ਨਾਨਕੀ” (ਬੇਬੇ ਨਾਨਕੀ ਜੀ) ਦਾ ਪਾਲਣ ਪੋਸ਼ਣ ਬਹੁਤ ਸੁਚੱਜੇ ਢੰਗ ਨਾਲ ਹੋਇਆ.

ਗੁਰੂ ਸਾਹਿਬ ਨੇ 15 ਸਾਲ ਦੀ ਉਮਰ ਤੱਕ ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਨਾਲ-ਨਾਲ ਅਰਬੀ ਦੇ ਇਲਮ ਉੱਤੇ ਮੁਹਾਰਿਤ ਹਾਸਿਲ ਕੀਤੀ. ਉਨ੍ਹਾਂ ਦੇ ਫ਼ਾਰਸੀ ਅਤੇ ਅਰਬੀ ਦੇ ਉਸਤਾਦ ਮੌਲਾਨਾ ਕੁਤਬ ਉੱਲਦੀਨ ਸਨ. ਜਿਵੇਂ-ਜਿਵੇਂ ਚੇਤਨਾ ਅਤੇ ਗਿਆਨ ਵਿਚ ਵਾਧਾ ਹੁੰਦਾ ਗਿਆ, ਗੁਰੂ ਸਾਹਿਬ ਵਿਚ ਪਰਮਾਤਮਾ ਦੀ ਭਗਤੀ ਅਤੇ ਵਿੱਦਿਆ ਦੀ ਤਲਬ ਵੱਧਦੀ ਗਈ. ਵਿੱਦਿਆ ਅਤੇ ਗਿਆਨ ਦੀ ਰੋਸ਼ਨੀ ਲਈ ਜੋ ਸਫ਼ਰ ਕੀਤੇ ਉਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ. ਗੁਰੂ ਸਾਹਿਬ ਦੇ ਇਹ ਚਾਰੇ ਸਫ਼ਰ ਦੁਨੀਆ ਵਿਚ ਪਰਮਾਤਮਾ ਦੀ ਸਰਵ ਵਿਆਪਕਤਾ ਅਤੇ ਇਨਸਾਨੀ ਦੋਸਤੀ ਦੁਆਲੇ ਫੈਲੇ ਹੋਏ ਹਨ. ਗੁਰੂ ਸਾਹਿਬ ਨੇ ਸ਼ੁਰੂਆਤੀ ਦੌਰ ਵਿਚ, ਜਦੋਂ ਉਨ੍ਹਾਂ ਬਚਪਨ ਤੋਂ ਨੌਜਵਾਨੀ ਵਿਚ ਕ਼ਦਮ ਰੱਖਿਆ ਹੀ ਸੀ ਤਾਂ ਉਨ੍ਹਾਂ ਦਾ ਕੰਮ-ਕਾਜ ਕਰਨ ਦੇ ਲਈ ਜਾਂ ਮਨੁੱਖਤਾ ਨੂੰ ਬਚਾਉਣ ਲਈ ਇਕ ਖ਼ਾਸ ਉਦੇਸ਼ ਸੀ. ਉਨ੍ਹਾਂ ਨੇ ਖ਼ਾਸ ਮਕਸਦ ਨੂੰ ਚੁਣ ਕੇ ਆਪਣੀ ਜ਼ਿੰਦਗੀ ਮਨੁੱਖਤਾ ਦੇ ਲੇਖੇ ਲਾ ਦਿੱਤੀ. ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿਚ ਵੀ ਇਨਸਾਨੀ ਦੋਸਤੀ ਦੇ ਖ਼ਿਲਾਫ ਬਣੇ ਰਸਮ-ਰਿਵਾਜਾਂ ਦਾ ਖੁੱਲ ਕੇ ਵਿਰੋਧ ਕੀਤਾ ਗਿਆ. ਆਪਣੀ ਮੁੱਢਲੀ ਸਿੱਖਿਆ ਵਿਚ ਬ੍ਰਾਹਮਣਾਂ ਦੇ ਸੱਤ ਧਾਗਿਆਂ ਤੋਂ ਬਣਾਏ ਹੋਏ ਜਨੇਊ ਨੂੰ ਨਾ ਸਿਰਫ਼ ਮੰਨਣ ਤੋਂ ਇਨਕਾਰ ਕਰ ਦਿੱਤਾ ਸਗੋਂ ਆਪਣੀ ਸਿੱਖਿਆ ਵਿਚ ਇਸ ਤਰ੍ਹਾਂ ਦਾ ਜਨੇਊ ਮੰਗਿਆ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਡੀ ਸਤੁ ਵਟੁ..
ਏਹੁ ਜਨੇਊ ਜੀਅ ਕਾ ਹਈ ਤਾਂ ਪਾਡੇ ਘਤੁ..
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ..
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ..

ਰਹਿਮ ਦੀ ਕਪਾਹ ਨਾਲ ਸੰਤੋਖ ਅਤੇ ਧੀਰਜ ਦਾ ਸੂਤ ਬਣਾਓ ਅਤੇ ਉਸਨੂੰ ਪਰਹੇਜ਼ ਦੀਆਂ ਗੰਢਾਂ ਦੇ ਕੇ ਸੱਚਾਈ ਦੇ ਸਹਾਰੇ ਚੜਾਓ. ਜੇਕਰ ਇਸ ਤਰ੍ਹਾਂ ਦਾ ਕੋਈ ਜਨੇਊ ਹੋਵੇ ਤਾਂ ਮੈਨੂੰ ਪਹਿਨਣ ਲਈ ਦੇ ਦਵੋ ਕਿਉਂਕਿ ਇਹ ਨਾ ਤਾਂ ਮੈਲ਼ਾ ਹੋਵੇਗਾ, ਨਾ ਹੀ ਟੁੱਟੇਗਾ ਅਤੇ ਨਾ ਹੀ ਹਰੇਕ ਮਨੁੱਖੀ ਦੇਹ ਦੇ ਨਾਲ ਸੜੇਗਾ. ਉਹ ਬਹੁਤ ਖ਼ੁਸ਼ਕ਼ਿਸਮਤ ਹੋਵੇਗਾ ਜਿਸਨੂੰ ਅਜਿਹਾ ਜਨੇਊ ਗਲ਼ ਵਿਚ ਪਾਉਣ ਨੂੰ ਮਿਲੇਗਾ. ਗੁਰੂ ਨਾਨਕ ਸਾਹਿਬ ਜੀ ਨੌਜਵਾਨੀ ਵਿਚ ਪਰਮਾਤਮਾ ਦੀ ਇਬਾਦਤ ਅਤੇ ਇਕੱਲ ਵਿਚ ਸੱਚੇ ਕਰਤਾਰ

ਦਾ ਜਾਪ ਕਰਦੇ. ਜਦੋਂ ਆਪ ਜੀ ਦੇ ਪਿਤਾ ਜੀ ਨੂੰ ਨਜ਼ਰ ਆਇਆ ਕਿ ਆਪ ਕੰਮ-ਕਾਜ ਵਿਚ ਦਿਲਚਸਪੀ ਨਹੀਂ ਰੱਖਦੇ ਤਾਂ ਆਪ ਜੀ ਨੂੰ ਮੋਦੀਖ਼ਾਨੇ ਵਿਚ ਨੌਕਰੀ ਲਗਵਾ ਦਿੱਤਾ. ਮੋਦੀਖ਼ਾਨੇ ਵਿਚ ਆਪ ਜੀ ਰਾਸ਼ਨ ਤੋਲਦੇ ਤਾਂ ਸ਼ਬਦ "ਤੇਰਾ" (13) ਉੱਤੇ ਖੜ੍ਹ ਜਾਂਦੇ. ਤੇਰਾ-ਤੇਰਾ ਅਤੇ ਸਿਰਫ਼ ਤੇਰਾ ਦਾ ਜਾਪ ਕਰਦੇ. ਇਸ ਬਾਰੇ ਬਾਣੀ ਵਿਚ ਦਰਜ ਹੈ:

ਨਾਨਕ ਤੇਰਾ ਬਾਣੀਆ ਤੂੰ ਸਾਹਿਬ ਮੈਂ ਰਾਸ..

ਮਨ ਤੇ ਧੋਤਾ ਹੈ ਜਾ ਸਿਫ਼ਤ ਕਰੀ ਅਰਦਾਸ..

ਹੇ ਪਰਮਾਤਮਾ! ਨਾਨਕ ਤੁਹਾਡਾ ਵਣਜਾਰਾ ਹੈ ਅਤੇ ਤੂੰ ਹੀ ਮੇਰੀ ਜਮ੍ਹਾਂ ਪੂੰਜੀ ਹੈ. ਮੇਰੇ ਮਨ ਤੋਂ ਮੈਲ਼ ਉਵੇਂ-ਉਵੇਂ ਹੀ ਮੁੱਕਦੀ ਜਾਵੇਗੀ, ਜਿਵੇਂ-ਜਿਵੇਂ ਮੈਂ ਤੁਹਾਡਾ ਜਾਪ ਕਰਦਾ ਰਹਾਗਾਂ.

ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਵਿਚ ਜਿੱਥੇ-ਜਿੱਥੇ ਵੀ ਮਨੁੱਖਤਾ ਦੇ ਖ਼ਿਲਾਫ਼ ਬਣੇ ਹੋਏ ਰਸਮ-ਰਿਵਾਜਾਂ ਜਾਂ ਰੂੜੀਆਂ ਨੂੰ ਖ਼ਤਮ ਕਰ ਦਿੱਤਾ ਉੱਥੇ ਹੀ ਉਨ੍ਹਾਂ ਵਿਚ ਸਦਾਚਾਰ ਅਤੇ ਸੂਝ ਦੀ ਰੋਸ਼ਨੀ ਪੈਦਾ ਕੀਤੀ. ਗੁਰੂ ਸਾਹਿਬ ਨੇ ਆਪਣੇ ਹਿੰਦੁਸਤਾਨ, ਪਾਕਿਸਤਾਨ ਦੇ ਇਲਾਵਾ ਈਰਾਨ, ਚੀਨ, ਕਾਬਿਲ, ਮਿਸਰ, ਮੱਕਾ, ਮਦੀਨਾ ਅਤੇ ਤੁਰਕੀ ਦੇ ਸਫ਼ਰ ਦੇ ਦੌਰਾਨ ਸੱਚਾਈ ਦੀ ਦਾਅਵਤ ਦਿੱਤੀ. ਇਸ ਅਜ਼ੀਮ ਸਫ਼ਰ ਵਿਚ ਗੁਰੂ ਸਾਹਿਬ ਦੇ ਨਾਲ ਉਨ੍ਹਾਂ ਦੇ ਮੁਸਲਮਾਨ ਭਰਾ ਜਿਨ੍ਹਾਂ ਨੂੰ ਆਪ 'ਭਾਈ ਮਰਦਾਨਾ ਜੀ' ਕਹਿ ਕੇ ਬੁਲਾਉਂਦੇ ਸੀ, ਉਨ੍ਹਾਂ ਨੇ ਆਪ ਦਾ ਪੂਰਾ ਸਾਥ ਦਿੱਤਾ. ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਦੇ ਤਿੰਨ ਸ਼ਬਦਾਂ ਨੂੰ ਸਿੱਖਾਂ ਦੇ ਧਾਰਮਿਕ ਅਤੇ ਇਲਹਾਮੀ ਗ੍ਰੰਥ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਸ਼ਾਮਿਲ ਕੀਤਾ ਹੈ.

ਗੁਰੂ ਸਾਹਿਬ ਜੀ ਨੇ ਇਨਸਾਨ ਦੋਸਤੀ ਦੇ ਇਲਾਵਾ ਦੂਜੇ ਅਹਿਮ ਵਿਸ਼ਿਆਂ ਨੂੰ ਆਪਣਾ ਇਲਾਹੀ ਬਾਣੀ ਵਿਚ ਬਿਆਨ ਕੀਤਾ ਹੈ. ਇਹ ਪਰਮਾਤਮਾ ਦੀ ਸਰਵ ਵਿਆਪਕਤਾ ਦੀ ਹੋਂਦ ਹੈ. ਉਨ੍ਹਾਂ ਦੀ ਬਾਣੀ ਬਿਲਕੁਲ ਸੂਰਾਹ-ਇਖ਼ਲਾਸ ਜੋ ਕੁਰਾਨ ਪਾਕ ਦੇ 30ਵੇਂ ਹਿੱਸੇ ਵਿਚ ਆਇਤ ਨੰਬਰ 112 ਦਾ ਅਨੁਵਾਦ ਬਣਦੀ ਹੈ, ਪੇਸ਼ ਹੈ:

ਇਕੋ ਹੈ ਭਾਈ ਇਕੋ ਹੈ..

ਬੇ-ਮੁਥਾਜ ਬੇ-ਅੰਤ ਅਪਾਰਾ..

ਨਾ ਤਿਸੁ ਮਾਤ ਪਿਤਾ ਬੰਧਪ..

ਨਾ ਤਿਸੁ ਕੰਮ ਨਾ ਨਾਰੀ..

ਤੂੰ ਸਮ ਔਰ ਕੋ ਨਾਹੀਂ..

ਮੇਰਾ ਪਰਮਾਤਮਾ ਇਕੋ ਹੈ. ਉਹ ਬੇ-ਮੁਥਾਜ ਅਤੇ ਬੇਅੰਤ ਹੈ. ਉਸ ਦੀ ਨਾ ਹੀ ਕੋਈ ਮਾਂ ਹੈ ਨਾ ਹੀ ਕੋਈ ਪਿਤਾ. ਉਹ ਧੀਆਂ-ਪੁੱਤਰਾਂ ਤੋਂ ਪਾਕ ਹੈ. ਉਸ ਦੀ ਨਾ ਕੋਈ ਪਤਨੀ ਹੈ ਅਤੇ ਨਾ ਹੀ ਕੋਈ ਹੋਰ ਰਿਸ਼ਤਾ.

ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਸਭ ਇਨਸਾਨਾਂ ਲਈ ਹਨ. ਉਹ ਸਾਰੀਆਂ ਕੌਮਾਂ, ਧਰਮਾਂ ਅਤੇ ਫ਼ਿਰਕਿਆਂ ਨੂੰ ਬਰਾਬਰ ਸਮਝਦੇ ਹਨ. ਉਹ ਹਿੰਦੂਆਂ, ਮੁਸਲਮਾਨਾਂ, ਸਾਧੂਆਂ ਅਤੇ ਸੂਫ਼ੀਆਂ ਨਾਲ ਇਕ ਹੀ ਲਹਿਜੇ ਵਿਚ ਪੇਸ਼ ਆਉਂਦੇ ਸਨ. ਉਨ੍ਹਾਂ ਨੇ ਸਾਰੀ ਜ਼ਿੰਦਗੀ ਰੂੜ ਹੋ ਚੁੱਕੀਆਂ ਰਸਮਾਂ ਦਾ ਵਿਰੋਧ ਕੀਤਾ ਅਤੇ ਕਿਸੇ ਧਰਮ ਨੂੰ ਮਾੜਾ ਨਹੀਂ ਕਿਹਾ. ਨੇਕ ਅਮਲ ਨੂੰ ਜ਼ਿੰਦਗੀ ਦਾ ਜੌਹਰ ਕਰਾਰ ਦਿੱਤਾ.

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ..

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ..

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ..
ਕਰਮਿ ਮਿਲੈ ਸਚੁ ਪਾਇਐ ਧੁਰਿ ਬਖਸ ਨ ਮੇਟੈ ਕੋਇ..

ਸੱਚਾਈ ਸਭ ਚੀਜਾਂ ਤੋਂ ਉੱਪਰ ਹੈ, ਉਸ ਤੋਂ ਉੱਪਰ ਸਿਰਫ਼ ਸੱਚਾ ਅਮਲ ਹੈ. ਕੋਈ ਵੀ ਨੀਚ ਨਹੀਂ ਹੈ. ਸਭ ਇਨਸਾਨ ਬਰਾਬਰ ਹਨ. ਇਕ ਹੀ ਚੀਜ਼ ਤੋਂ ਅਸੀਂ ਸਭ ਬਣੇ ਹਾਂ ਅਤੇ ਇਕ ਹੀ ਰੋਸ਼ਨੀ ਸਾਨੂੰ ਮਿਲਦੀ ਹੈ. ਪਰਮਾਤਮਾ ਦੇ ਖ਼ਾਸ ਕਰਮ ਨਾਲ ਸੱਚ ਮਿਲਦਾ ਹੈ ਜਿਸਨੂੰ ਕੋਈ ਖ਼ਤਮ ਨਹੀਂ ਕਰ ਸਕਦਾ.

ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਨਜ਼ਮ ਵਿਚ ਹੈ. ਜ਼ਾਤ-ਪਾਤ ਦੇ ਖ਼ਿਲਾਫ਼ ਉਨ੍ਹਾਂ ਦੀ ਬੇਕਰਾਰੀ ਅਤੇ ਤੜਫ਼, ਉਨ੍ਹਾਂ ਦੀ ਸਿਰਜਣਾ ਦੀ ਖ਼ੂਬਸੂਰਤੀ ਉੱਤੇ ਉਨ੍ਹਾਂ ਦਾ ਅਨੰਦ, ਹੈਰਤ, ਹਰ ਇਨਸਾਨ ਲਈ ਉਨ੍ਹਾਂ ਦੀ ਦਰਦ ਭਰੀ ਮੁਹੱਬਤ, ਉਨ੍ਹਾਂ ਦੇ ਇਖ਼ਲਾਕੀ ਵਿਚਾਰ, ਆਪਣੇ ਦੌਰ ਦੇ ਇਨਸਾਨਾਂ ਉੱਤੇ ਜਬਰ-ਜ਼ੁਲਮ ਅਤੇ ਲੁੱਟ ਮਾਰ ਉੱਤੇ ਉਨ੍ਹਾਂ ਦਾ ਫ਼ਿਕਰ ਅਤੇ ਭਾਵਨਾ ਇਹ ਸਭ ਕੁਝ ਉਨ੍ਹਾਂ ਦੀ ਸ਼ਾਇਰੀ ਦੇ ਬੁਨਿਆਦੀ ਵਿਸ਼ੇ ਹਨ.

ਅੱਜ-ਕੱਲ੍ਹ ਪੂਰੀ ਦੁਨੀਆ ਤੋਂ ਸਿੱਖ ਧਰਮ ਦੇ ਪੈਰੋਕਾਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ 549ਵੇਂ ਜਨਮ ਦਿਨ 'ਤੇ ਨਨਕਾਣਾ ਸਾਹਿਬ ਆਏ ਹਨ. ਪਾਕਿਸਤਾਨ ਦੀ ਸਰਕਾਰ ਨੇ ਸਿੱਖ ਮੁਸਾਫਰਾਂ ਲਈ ਖ਼ਾਸ ਇੰਤਜ਼ਾਮ ਕੀਤਾ ਹੋਇਆ ਹੈ. 550ਵੇਂ ਜਨਮ ਦਿਨ ਉੱਤੇ ਕਰਤਾਰਪੁਰ ਦੇ ਹਵਾਲੇ ਨਾਲ ਸਿੱਖ ਕੌਮ ਜ਼ਿਆਦਾ ਪੁਰਜੋਸ਼ ਹੈ. ਉਨ੍ਹਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ ਅਤੇ ਆਉਣ ਵਾਲੇ ਸਾਲ ਨੂੰ ਪਾਕਿਸਤਾਨ ਸਰਕਾਰ ਦੇ ਨਾਲ ਮਿਲ ਕੇ ਮਨਾਉਣਾ ਚਾਹੁੰਦੀ ਹੈ. ਜਿਸਦੇ ਲਈ ਖ਼ਾਸ ਤੌਰ ਉੱਤੇ ਮੌਜੂਦਾ ਸਰਕਾਰ ਦੇ ਨਾਲ-ਨਾਲ ਪਾਕਿਸਤਾਨ ਆਰਮੀ ਦੇ ਵੀ ਸ਼ੁਕਰਗੁਜ਼ਾਰ ਹਨ ਜਿਨ੍ਹਾਂ ਨੇ ਕਰਤਾਰਪੁਰ ਖੋਲ੍ਹਣ ਦੇ ਬੰਦੋਬਸਤ ਕੀਤੇ ਹਨ.

ਮਤਰੂਕਾ ਵਕਫ਼ ਇਮਲਾਕ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਏ ਹੋਏ ਸ਼ਰਧਾਲੂਆਂ, ਸਿੱਖ ਯਾਤਰੂਆਂ ਦੀ ਮੇਜ਼ਬਾਨੀ ਦੇ ਲਈ ਢੁੱਕਵੇਂ ਇੰਤਜਾਮ ਦੇ ਰਹੇ ਹਨ. ਮੈਂ ਖ਼ਾਸ ਤੌਰ 'ਤੇ ਸੈਕਟਰੀ ਮਤਰੂਕਾ ਵਕਫ਼ ਇਮਲਾਕ ਬੋਰਡ ਜਨਾਬ ਤਾਰਿਕ ਵਜ਼ੀਰ ਖ਼ਾਨ ਅਤੇ ਡਿਪਟੀ ਸੈਕਟਰੀ ਇਮਰਾਨ ਗੋਂਦਲ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਬਹੁਤ ਵਧੀਆ ਪ੍ਰਬੰਧ ਕਰ ਕੇ ਪੂਰੀ ਦੁਨੀਆ ਵਿਚ ਵੱਸਣ ਵਾਲੇ ਪੰਜਾਬੀਆਂ ਅਤੇ ਸਿੱਖ ਕੌਮ ਦਾ ਦਿਲ ਜਿੱਤ ਲਿਆ ਹੈ.

***

# ਰੋਮਾਂਸਵਾਦੀ ਰਚਨਾ ਜ਼ਿਆਦਾ ਸਮੇਂ ਤੱਕ ਜਿਊਂਦੀ ਨਹੀਂ ਰਹਿ ਸਕਦੀ: ਜਰਨੈਲ ਸਿੰਘ

ਮੁਲਾਕਾਤੀ: ਕਿਰਨ ਮਿਸ਼ਰਾ

ਮੋਬਾਇਲ ਨੰ. 8559066433

**ਪ੍ਰਸ਼ਨ:- ਸਾਹਿਤ ਪ੍ਰਤੀ ਲਗਨ ਕਿਵੇਂ ਲੱਗੀ ਅਤੇ ਸਾਹਿਤ ਦੀ ਵਿਧਾ ਕਹਾਣੀ ਨਾਲ ਕਿਵੇਂ ਜੁੜੇ?**

ਉੱਤਰ: ਸਾਹਿਤ ਨੂੰ ਪੜ੍ਹਨ ਦਾ ਰਿਵਾਜ ਸਾਡੇ ਖ਼ਾਨਦਾਨ ਤੋਂ ਚਲਦਾ ਆ ਰਿਹਾ ਸੀ. ਮੇਰੇ ਦਾਦਾ ਜੀ ਨੂੰ ਸੂਫ਼ੀ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ. ਉਨ੍ਹਾਂ ਦੁਆਰਾ ਸਾਡੀ ਵਿਰਾਸਤ 'ਚ ਇਕੱਠਾ ਕੀਤਾ ਸਾਹਿਤ ਮੈਂ ਬੜੇ ਸ਼ੋਕ ਨਾਲ ਪੜ੍ਹਦਾ ਸਾਂ. ਮੇਰੇ ਪਿਤਾ ਜੀ ਰਾਤ ਨੂੰ ਬੜੀਆਂ ਲੰਮੀਆਂ–ਗੱਲਾਂ ਕਰਦੇ ਸਨ. ਰਾਤ ਮੁੱਕਣ ਨੂੰ ਆ ਜਾਂਦੀ, ਸਾਰੇ ਸੌਂ ਜਾਂਦੇ, ਪਰ ਗੱਲਾਂ ਨਾ ਮੁੱਕਦੀਆਂ. ਪਿਤਾ ਜੀ ਧਾਰਮਿਕ ਕਵਿਤਾਵਾਂ ਲਿਖਦੇ ਸਨ. ਮੈਂ ਵੀ ਸ਼ੁਰੂ 'ਚ ਕਵਿਤਾਵਾਂ ਹੀ ਲਿਖੀਆਂ. ਐਤਵਾਰ ਦਾ ਦਿਨ ਮੇਰਾ ਦਰਿਆ ਕੰਢੇ ਹਰੇ ਭਰੇ ਜੰਗਲਾਂ ਅਤੇ ਮੀਲਾਂ ਦੇ ਕਿਨਾਰੇ ਘੁੰਮਦੇ ਹੋਏ ਬੀਤਦਾ. ਉਨ੍ਹਾਂ ਸਮਿਆਂ ਵਿਚ ਮੈਂ ਪੰਜਾਬੀ ਦੇ ਨਾਵਲਕਾਰਾਂ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਦੇ ਨਾਵਲ ਨੂੰ ਪੜ੍ਹਿਆ. ਨਾਵਲ ਪੜ੍ਹਨ ਤੋਂ ਬਾਅਦ ਮੇਰਾ ਮਨ ਵਿਚ ਨਾਵਲ ਲਿਖਣ ਦੀ ਇੱਛਾ ਉਜਾਗਰ ਹੋਈ ਤੇ ਮੈਂ ਨਾਵਲ ਲਿਖਣਾ ਆਰੰਭ ਕਰ ਦਿੱਤਾ. ਪੰਜਾਬੀ ਦੀ ਐਮ. ਏ. ਕਰਦਿਆਂ ਮੈਂ ਕਹਾਣੀ ਵਿਧਾ ਅਤੇ ਉਸਦੇ ਲਿਖਣ ਦੇ ਢੰਗ ਬਾਰੇ ਪੜ੍ਹਿਆਂ ਤੇ ਮੈਨੂੰ ਇੰਝ ਲੱਗਾ ਕਿ ਮੇਰਾ ਮਨ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੇ ਲਈ ਲੋਚਦਾ ਹੈ. ਕਹਾਣੀ ਨੂੰ ਲਿਖਣ ਦੀ ਰੁਚੀ ਮੇਰੇ ਮਨ ਵਿਚ ਵਧੀ ਤੇ ਮੈਂ ਕਹਾਣੀ ਲਿਖਣ ਲੱਗ ਪਿਆ.

**ਪ੍ਰਸ਼ਨ:- ਤੁਸੀਂ ਕਨੈਡਾ ਕਦੋਂ ਅਤੇ ਕਿਵੇਂ ਗਏ?**

ਉੱਤਰ:- ਮੈਂ 1988 ਈ. ਵਿਚ ਕੈਨੇਡਾ ਗਿਆ ਅਤੇ ਮੇਰੀ ਕਿਸਮਤ ਹੀ ਮੈਨੂੰ ਕੈਨੇਡਾ ਲੈ ਗਈ.

**ਪ੍ਰਸ਼ਨ:- ਪਰਵਾਸੀ ਸਭਿਆਚਾਰਕ ਮਾਹੌਲ 'ਚ ਜਾ ਕੇ ਵਸਣ ਨਾਲ ਤੁਹਾਡੇ ਉੱਪਰ ਕਿਹੋ ਜਿਹਾ ਅਸਰ ਪਿਆ?**

ਉੱਤਰ:- ਕਨੇਡਾ 'ਚ ਜਾ ਕੇ ਪਹਿਲਾਂ ਮੈਨੂੰ ਪੰਜ ਸਾਲ ਕਈ ਮੁਸ਼ਕਲਾਂ ਵਿੱਚੋਂ ਗੁਜਰਨਾ ਪਿਆ.ਸਾਹਿਤ ਲਿਖਣ ਦਾ ਸ਼ੋਕ ਵੀ ਮੇਰਾ ਕਿਤੇ ਗੁੰਮ ਹੋ ਗਿਆ, ਪਰ ਕੁੱਝ ਸਾਲਾਂ ਬਾਅਦ ਮੇਰੇ ਅੰਦਰ ਫਿਰ ਤੋਂ ਕਹਾਣੀ ਲਿਖਣ ਦੀ ਪਿਰਤ ਜਾਗ ਪਈ ਤੇ ਮੈਂ ਕਹਾਣੀਆਂ ਲਿਖਣ ਲੱਗ ਪਿਆ.

**ਪ੍ਰਸ਼ਨ:- ਪੰਜਾਬੀ ਸਾਹਿਤ ਵਿਚ ਪਰਵਾਸੀ ਕਹਾਣੀ ਨੇ ਆਪਣੀ ਖ਼ਾਸ ਜਗ੍ਹਾ ਬਣਾ ਲਈ ਹੈ ਅਤੇ ਇਸ ਦੀ ਪੇਸ਼ਕਾਰੀ ਵੀ ਨਿਵੇਕਲੀ ਹੈ, ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?**

ਉੱਤਰ:- ਵਿਦੇਸ਼ ਪੰਜਾਬੀ ਬੰਦੇ ਦੀ ਹੋਣੀ ਦੇ ਨਾਲ ਜੁੜਿਆ ਹੋਇਆ ਹੈ. ਵਿਦੇਸ਼ਾਂ ਵਿਚ ਵਸਣ ਵਾਲੇ ਲੋਕ ਜ਼ਿਆਦਾਤਰ ਪੰਜਾਬੀ ਹਨ. ਵਿਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਵਿਚ ਕਹਾਣੀ ਆਪਣਾ ਵਿਸ਼ੇਸ਼ ਸਥਾਨ ਇਸੇ ਕਰ ਕੇ ਰੱਖਦੀ ਹੈ, ਕਿਉਂਕਿ ਇਸਦੀ ਪੇਸ਼ਕਾਰੀ ਬਿਲਕੁਲ ਰਵਾਇਤੀ ਕਹਾਣੀ ਤੋਂ ਅਲੱਗ ਹੈ.

**ਪ੍ਰਸ਼ਨ:- ਤੁਹਾਡੀਆਂ ਸਾਰੀਆਂ ਕਹਾਣੀਆਂ ਦੇ ਵਿਚ ਤ੍ਰਾਸਦੀ ਵਿਚਰਦੀ ਹੈ. ਤੁਸੀਂ ਕਹਾਣੀ ਦਾ ਅੰਤ ਤ੍ਰਾਸਦਿਕ ਯੁਗਤ ਨਾਲ ਹੀ ਕਿਉਂ ਪੇਸ਼ ਕਰਦੇ ਹੋ. ਇਸਦੇ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?**

ਉੱਤਰ:- ਮੈਂ ਜਦੋਂ ਵੀ ਕਹਾਣੀਆਂ ਲਿਖਦਾ ਹਾਂ ਤਾਂ ਮੇਰੀ ਇਹ ਕੋਸ਼ਿਸ਼ ਹੁੰਦੀ ਹੈ, ਕਿ ਮੈਂ ਪੁਰਾਣੀ ਲਿਖਤ ਨਾਲੋਂ ਕੁੱਝ ਨਵਾਂ ਕਰਾਂ, ਉਹ ਮੇਰੀ ਪਹਿਲੀ ਕਹਾਣੀਆਂ ਦੇ ਨਾਲੋ ਵੱਖਰੀ ਹੋਵੇ.ਮੇਰੇ ਤੋਂ ਪਹਿਲਾਂ ਸਮਕਾਲੀ ਕਹਾਣੀਕਾਰ ਜੋ ਕਹਾਣੀਆਂ ਲਿਖ ਰਹੇ ਹਨ. ਉਨ੍ਹਾਂ ਨਾਲੋ ਵੀ ਮੈਂ ਵੱਖਰਤਾ ਬਣਾ ਕੇ ਰੱਖਦਾ ਹਾਂ. ਮੈਨੂੰ ਹਮੇਸ਼ਾ ਨਵੇਂ ਵਿਸ਼ਿਆਂ ਦੀ ਤਲਾਸ਼ ਰਹਿੰਦੀ ਹੈ. ਬਾਹਰ ਜਾ ਕੇ ਮੈਂ ਸਭ ਤੋਂ ਪਹਿਲਾ ਕਹਾਣੀ ਸੰਗ੍ਰਹਿ 'ਦੋ ਟਾਪੂ' ਲਿਖਿਆ. 'ਟਾਰਵਜ਼' ਦੀਆਂ ਪੰਜ ਕਹਾਣੀਆਂ ਹਨ. ਪਹਿਲਾ ਤਿੰਨ ਕਹਾਣੀਆਂ ਵਿਦੇਸ਼ 'ਚ ਵਸਦੇ ਪੰਜਾਬੀ ਸਮਾਜ ਬਾਰੇ ਹੈ. ਉਹਦੇ ਵਿਚ ਜਿਹੜੇ ਮੈਂ ਵਿਸ਼ੇ ਪੇਸ਼ ਕੀਤੇ ਹਨ. ਉਨ੍ਹਾਂ ਨੂੰ ਬਾਹਰ ਜਾ ਕੇ ਕਿੰਨ੍ਹਾਂ ਸੰਘਰਸ਼ ਕਰਨਾ ਪੈਂਦਾ ਹੈ. ਆਰਥਿਕ ਹਾਲਤਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਕਿਹੜੀਆਂ-ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਆਦਿ ਦਾ ਵਿਆਖਿਆਨ ਕਰਦਾ ਹਾਂ. ਅੰਤ ਵਿਚ ਮੈਂ ਇਹ ਕਹਾਂਗਾ ਕਿ ਕੋਈ ਰੋਮਾਂਸਵਾਦੀ ਰਚਨਾ ਜ਼ਿਆਦਾ ਸਮੇਂ ਤੱਕ ਜਿਉਂਦੀ ਨਹੀਂ ਰਹਿ ਸਕਦੀ, ਹਰ ਵਿਅਕਤੀ ਦੇ ਜੀਵਨ ਵਿਚ ਖ਼ੁਸ਼ਹਾਲੀ ਹੀ ਨਹੀਂ ਹੋ ਸਕਦੀ, ਉਸਦੇ ਜੀਵਨ ਵਿਚ ਦੁਖਾਂਤ ਵੀ ਵਾਪਰਦਾ ਹੈ. ਜਿਹੜੀ ਰਚਨਾ ਦੇ ਵਿਚ ਦੁਖਾਂਤ ਹੁੰਦਾ ਹੈ, ਜਿਹੜੀ ਪੜ੍ਹਦੇ ਸਮੇਂ ਪਾਠਕ ਨੂੰ ਝਿੰਜੋੜ ਦੇਵੇ ਤਾਂ ਉਸੇ ਦੀ ਸਾਹਿਤ ਦੇ ਵਿਚ ਉਮਰ ਲੰਬੀ ਹੋ ਜਾਂਦੀ ਹੈ.

**ਪਸ਼ਨ:- ਤੁਹਾਡੀਆਂ ਕਹਾਣੀਆਂ ਦੇ ਪਾਤਰ ਪਿਛਲਝਾਤ ਵਿਚ ਕਿਉਂ ਚਲੇ ਜਾਂਦੇ ਹਨ?**

ਉੱਤਰ:- ਹਰੇਕ ਦਾ ਆਪਣਾ ਮੌਲਿਕ ਨਜ਼ਰੀਆ ਹੁੰਦਾ ਹੈ. ਮੈਨੂੰ ਇਸ ਤਕਨੀਕ ਵਿਚ ਕੰਮ ਕਰਨਾ ਚੰਗਾ ਲੱਗਦਾ ਹੈ. ਮੇਰੇ ਪਾਤਰ ਪਿਛਲਝਾਤ ਵਿਚ ਜਾ ਕੇ ਕਹਾਣੀ ਨੂੰ ਚੰਗੇ ਢੰਗ ਨਾਲ ਬਿਆਨ ਕਰਦੇ ਹਨ.

***

## ਬਾਲ ਕਹਾਣੀ

# ਭੁੱਖ

ਸਿਮਰਨਜੀਤ ਸਿੰਘ ਸਿਮਰਾ

ਸੰਪਰਕ: 95929-52108

"ਮੰਮੀ-ਮੰਮੀ ਭੁੱਖ ਲੱਗੀ ਐ," ਜੀਵਨ ਨੇ ਘਰ ਆਉਂਦਿਆਂ ਹੀ ਕਿਹਾ. ਮਾਤਾ ਜੀ ਨੇ ਉਸ ਅੱਗੇ ਰੋਟੀ ਲਿਆ ਕੇ ਰੱਖ ਦਿੱਤੀ, ਪਰ ਉਸ ਨੇ ਰੋਟੀ ਨਾ ਖਾਧੀ ਅਤੇ ਉਹ ਪੈਸਿਆਂ ਦੀ ਮੰਗ ਕਰਦੀ ਹੋਈ ਕਹਿਣ ਲੱਗੀ ਕਿ ਉਸ ਨੇ ਰੋਟੀ ਨਹੀਂ ਚੀਜ਼ੀ ਲੈਣੀ ਹੈ. "ਲੈ, ਭਲਾ ਚੀਜ਼ੀ ਨਾਲ ਤੇਰਾ ਢਿੱਡ ਭਰ ਜੂ, ਤੂੰ ਐਨੀ ਵੱਡੀ ਤੇ ਚੀਜ਼ੀ ਨਿੱਕੀ ਜਿਹੀ, ਚੁੱਪ ਕਰ ਕੇ ਰੋਟੀ ਖਾ ਲੈ ਨਾਲੇ ਅੱਜ ਮੈਂ ਤੇਰੇ ਲਈ ਖੀਰ ਬਣਾਈ ਐ." ਮਾਤਾ ਜੀ ਨੇ ਉਸ ਨੂੰ ਪਿਆਰ ਕਰਦਿਆਂ ਕਿਹਾ ਪਰ ਉਸ ਜ਼ਿੱਦ ਕਰਦੀ ਹੋਈ ਕਹਿਣ ਲੱਗੀ, "ਨਹੀਂ-ਨਹੀਂ ਮੈਨੂੰ ਨਹੀਂ ਪਤਾ, ਮੈਂ ਇਕ ਵਾਰ ਕਹਿ ਤਾ ਮੈਂ ਰੋਟੀ ਨਹੀਂ ਖਾਣੀ ਮੈਂ ਤਾਂ ਚੀਜ਼ੀ ਖਾਊਂਗੀ."

ਮਾਤਾ ਜੀ ਨੇ ਉਸ ਨੂੰ ਦਸ ਰੁਪਏ ਲਿਆ ਕੇ ਫੜਾ ਦਿੱਤੇ. ਪੈਸੇ ਲੈ ਕੇ ਉਹ ਖੁਸ਼ ਹੋ ਗਈ ਅਤੇ ਮਾਤਾ ਜੀ ਦਾ ਧੰਨਵਾਦ ਕਰਨ ਲੱਗੀ.

ਜੀਵਨ ਹੱਸਮੁੱਖ, ਜਜ਼ਬਾਤੀ ਤੇ ਕਿਤਾਬਾਂ ਪੜ੍ਹਨ ਵਾਲੀ ਇਕ ਸਿਆਣੀ ਅਤੇ ਸਮਝਦਾਰ ਕੁੜੀ ਸੀ. ਬੇਸ਼ੱਕ ਉਹ ਘਰ ਵਿਚ ਕਦੇ-ਕਦੇ ਜ਼ਿੱਦ ਕਰਦੀ ਸੀ, ਪਰ ਉਹ ਕਿਤਾਬਾਂ ਪੜ੍ਹਨ ਕਰ ਕੇ ਸਿਆਣੀ ਵੀ ਬਹੁਤ ਸੀ ਅਤੇ ਹਰ ਸਾਲ ਆਪਣੀ ਕਲਾਸ ਵਿੱਚੋਂ ਪਹਿਲਾ ਸਥਾਨ ਹਾਸਲ ਕਰਦੀ ਸੀ.

ਜਦੋਂ ਉਹ ਚੀਜ਼ ਲਿਆਉਣ ਲਈ ਦੁਕਾਨ ਵੱਲ ਨੂੰ ਤੁਰੀ ਤਾਂ ਕੁਝ ਹੀ ਦੂਰੀ ਤੇ ਉਸ ਨੂੰ ਨਿੱਕੇ-ਨਿੱਕੇ ਕਤੂਰੇ ਮਿਲੇ ਜੋ ਕਿ ਭੁੱਖੇ ਹੋਣ ਕਰ ਕੇ ਚਊਂ-ਚਊਂ ਕਰ ਰਹੇ ਸਨ ਅਤੇ ਕੁੰਗੜ ਕੇ ਬੈਠੇ ਸਨ. ਉਨ੍ਹਾਂ ਵੱਲ ਵੇਖ ਕੇ ਜੀਵਨ ਠਹਿਰ ਗਈ ਅਤੇ ਸਾਰੇ ਕਤੂਰੇ ਉਸ ਦੁਆਲੇ ਇਕੱਠੇ ਹੋ ਗਏ ਸ਼ਾਇਦ ਉਹ ਸੋਚ ਰਹੇ ਸਨ ਕਿ ਉਹ ਉਨ੍ਹਾਂ ਲਈ ਕੁਝ ਖਾਣ ਲਈ ਲਿਆਈ ਹੈ, ਪਰ ਜੀਵਨ ਉੱਥੋਂ ਚੁੱਪ ਕਰ ਕੇ ਅੱਗੇ ਲੰਘੇ ਗਈ.

ਕੁਝ ਦੂਰੀ 'ਤੇ ਜਾ ਕੇ ਹੀ ਉਹ ਸੋਚਦੀ ਹੈ ਕਿ ਹਾਏ! ਵਿਚਾਰੇ ਕਤੂਰੇ ਉਹ ਭੁੱਖੇ ਹੋਣਗੇ ਤਾਂ ਹੀ ਭੁੱਖ ਨਾਲ ਵਿਲਕ ਰਹੇ ਸਨ. ਉਹ ਸੋਚਦੀ ਹੈ ਕਿ ਉਹ ਉਨ੍ਹਾਂ ਲਈ ਕੁਝ ਖਾਣ ਨੂੰ ਲੈ ਕੇ ਜਾਵੇ, ਪਰ ਫਿਰ ਇਕ ਪਲ ਉਸ ਨੂੰ ਖਿਆਲ ਆਉਂਦਾ ਹੈ ਕਿ ਉਸ ਕੋਲ ਤਾਂ ਸਿਰਫ਼ ਦਸ ਰੁਪਏ ਹੀ ਹਨ ਤੇ ਉਸ ਨੂੰ ਤਾਂ ਆਪ ਭੁੱਖ ਲੱਗੀ ਹੈ ਉਹ ਪੁਲਾਂਘ ਪੁੱਟਣ ਹੀ ਲੱਗੀ ਸੀ ਕਿ ਉਸ ਅੰਦਰ ਦਇਆ ਭਰ ਗਈ ਦੁਕਾਨ ਤੇ ਜਾ ਕੇ ਉਸ ਨੇ ਬਰੈੱਡ ਖ਼ਰੀਦੇ ਤੇ ਭੱਜ ਕੇ ਕਤੂਰਿਆਂ ਕੋਲ ਪਹੁੰਚ ਗਈ ਅਤੇ ਉਨ੍ਹਾਂ ਨੂੰ ਬਰੈੱਡ ਭੋਰ-ਭੋਰ ਕੇ ਖਵਾਉਣ ਲੱਗੀ. ਸਾਰੇ ਕਤੂਰੇ ਕਾਹਲੀ-ਕਾਹਲੀ ਬਰੈੱਡ ਖਾਣ ਲੱਗੇ. ਜੀਵਨ ਉਨ੍ਹਾਂ ਨੂੰ ਬਰੈੱਡ ਖਾਂਦਿਆਂ ਤੇ ਇਕ-ਦੂਜੇ ਨਾਲ ਖੇਡਦਿਆਂ ਵੇਖ ਕੇ ਐਨੀ ਖੁਸ਼ ਹੋਈ ਕਿ ਉਹ ਆਪਣੀ ਭੁੱਖ ਵੀ ਭੁੱਲ ਗਈ. ਹੁਣ ਉਸ ਦੇ ਚਿਹਰੇ 'ਤੇ ਇਕ ਵੱਖਰਾ ਜਿਹਾ ਨੂਰ ਝਲਕ ਰਿਹਾ ਸੀ.

# ਕਾਵਿ-ਸੰਸਾਰ

## ਕੌੜਾ ਸੱਚ

ਗੁਰਵਿੰਦਰ 'ਗੋਸਲ'

ਦੌਲਤ ਪੁਰਾ (ਗੋਸਲ), ਬਠਿੰਡਾ

ਸੰਪਰਕ: 97796-96042

ਪਹਿਲਾਂ ਵਾਲਾ ਮੋਹ ਨਾਂ ਰਿਹਾ
ਮੋਹ ਨਾਂ ਰਿਹਾ ਜਹਾਨ ਅੰਦਰ.
ਲਗਦੈ ਏ ਸਭ ਖ਼ਾਕ ਹੋ ਗਿਆ
ਖ਼ਾਕ ਹੋ ਗਿਆ ਸ਼ਮਸ਼ਾਨ ਅੰਦਰ.

ਰਿਸ਼ਤੇ ਨਾਤੇ ਮਿੱਟੀ ਹੋਕੇ
ਰੁੱਲ ਗਏ ਸਮੇਂ ਦੇ ਪੈਰਾਂ 'ਚ.
ਨੱਕੋ ਨੱਕ ਭਰ ਗਿਆ ਸਭਦੇ
ਪੈਸੇ ਵਾਲਾ ਗੁਮਾਨ ਅੰਦਰ.

ਇਕ ਦੂਜੇ ਦੀ ਮਦਦ ਕਰਨੀ
ਬੀਤੇ ਸਮੇਂ ਦੀਆਂ ਬਾਤਾਂ ਨੇ.
ਫ਼ਰਕ ਨਾਂ ਪੈਂਦਾ ਹੁਣ ਕਿਸੇ ਨੂੰ
ਕਿਸੇ ਦੇ ਨਫ਼ੇ ਨੁਕਸਾਨ ਅੰਦਰ.

ਕੰਮਾਂ-ਕਾਰਾਂ ਨੂੰ ਛੱਡ ਕੇ ਲੋਕੀਂ

ਗਲਤ ਰਾਹਾਂ ਨੂੰ ਤੁਰ ਪਏ ਨੇ.

ਕਿਉਂਕਿ ਹੁਣ ਮੋਬਾਇਲ ਵੱਧ ਗਏ

ਹਰ ਘਰ ਹਰ ਮਕਾਨ ਅੰਦਰ.

ਰੱਜਿਆ ਤਾਈਂ ਲਗਾਉਂਦੇ ਲੰਗਰ

ਭੁੱਖੇ ਤਰਸਣ ਰੋਟੀ ਨੂੰ.

ਵੇਖੋ ਕਿਵੇਂ ਵਖਾਵਾਂ ਝਲਕੇ

ਹਰ ਧਾਰਮਿਕ ਥਾਂ ਤੇ ਦਾਨ ਅੰਦਰ.

ਸੋਚ-ਸੋਚ ਕੇ ਝੁਰਦਾ 'ਗੋਸਲ'

ਸਮਾਂ ਕਿਹੋ ਜਿਹਾ ਆਗਿਆ ਏ.

ਜਾਤ ਪਾਤ ਤੇ ਨਫ਼ਰਤ ਬੜ ਗਈ

ਪਤਾ ਨਹੀਂ ਕਿਉਂ ਇਨਸਾਨ ਅੰਦਰ.

***

# ਅੱਜ-ਕੱਲ੍ਹ

ਗੁਰਦਿੱਤ ਸਿੰਘ ਸੇਖੋਂ

ਸੰਪਰਕ: 97811-72781

ਲਿਸ਼ਕਦੇ ਪਾਣੀਆਂ ’ਤੇ ਆਪਣਾ ਹੱਕ ਜਿਤਾਉਂਦਾ ਹੈ.
ਅੱਜ-ਕੱਲ੍ਹ ਪਤਵਾਰ ਵੀ ਸਮੁੰਦਰ ਨੂੰ ਅੱਖਾਂ ਵਿਖਾਉਂਦਾ ਹੈ.

ਮੈਂ ਦੱਸਾਂ ਜਦੋਂ ਵੀ ਓਸ ਨੂੰ ਖ਼ੁਦ ਦੀਆਂ ਖ਼ੁਦ ਹੀ ਖੂਬੀਆਂ
ਬੁੱਲ੍ਹਾ ’ਤੇ ਉਂਗਲ ਰੱਖੇ ਸਾਹਵੇਂ ਸ਼ੀਸ਼ਾ ਟਿਕਾਉਂਦਾ ਹੈ.

ਬਦਲਦੇ ਦੌਰ ਦਾ ਮੰਜ਼ਰ ਹੈ ਕਿ ਕੀ ਕੁਝ ਦੇਖ ਰਹੇ ਹਾਂ
ਗੋਡਣੀਏ ਰੁੜਦਾ ਬੱਚਾ ਵਿਹੜੇ ਨੂੰ ਚੱਲਣਾ ਸਿਖਾਉਂਦਾ ਹੈ.

ਤਿਲਸਮੀ ਚਿਹਰਾ ਹੈ ਕਰਾਮਾਤੀ ਮੁਹੱਬਤ ਓਸਦੀ
ਸਾਨੂੰ ਗਣਿਤ ’ਚੋਂ ਕਮਜ਼ੋਰਾਂ ਨੂੰ ਤਾਰੇ ਗਿਣਨਾ ਸਿਖਾਉਂਦਾ ਹੈ.

ਨਿਰਾਸ਼ ਕਮਰੇ, ਖੁਰਦੀਆਂ ਕੰਧਾਂ, ਬੇਬਸ ਬੇਬੇ-ਬਾਪੂ
ਜ਼ੁਲਫ਼ਾਂ ਚ ਉਲਝੇ ਨੂੰ ਘਰ ਦਾ ਖਿਆਲ ਨਾ ਆਉਂਦਾ ਹੈ.

ਕਿਸੇ ਦੇ ਸੰਗ ਸਾਥ ਨਾਲ਼ ਇਹ ਜ਼ਿੰਦਗੀ ਮੇਲਾ ਬਣ ਜਾਂਦੀ

# ਜਜ਼ਬਾਤ



ਡਾ. ਸਨੋਬਰ

Assistant Professor

Govt. College for women Parade

Jammu J&K

ਢਲਦੀ ਸ਼ਾਮ ਦੀ ਟਿੱਕੀ,
ਵਿਚਲਾ ਸੂਹਾ ਰੰਗ,
ਹਰ ਪਾਸੇ ਫੈਲਦਾ ਜਾਵੇ.
ਪੰਛੀਆਂ ਦੀ ਪਰਵਾਜ਼ ਦਾ ਮੋੜ,
ਆਪਣਿਆਂ ਆਲਣਿਆਂ ਵਲ,
ਮੱਘਦਾ ਮੱਘਦਾ ਆਵੇ.
ਵਿਛੜੀਆਂ ਰੂਹਾਂ ਦੀ ਤਪਸ਼ ਦਾ,
ਸੇਕ ਮੁੜ ਠੰਡਾ ਠੰਡਾ ਜਾਪੇ.
ਚਲਦੇ ਰਾਹੀਆਂ ਦਾ ਮੁਕਾਮ,
ਕਾਲੇ ਹਨੇਰੇ ਦੇ ਆਲਮ 'ਚ,
ਲੁਪਤ ਹੁੰਦਾ ਹੁੰਦਾ ਆਵੇ.

ਰੁੱਖਾਂ ਤੇ ਫਿਜ਼ਾ ਦੇ ਮੇਲ ਦਾ ,
ਰਾਗ ਹਰ ਪਾਸੇ ਫੈਲਦਾ ਜਾਵੇ.
ਸੰਗੀਤ ਦੀਆਂ ਧੁਨਾਂ ਦਾ,
ਅਲਾਪ ਹਰ ਪਾਸੇ ਵਹਿੰਦਾ ਆਵੇ.
ਤਾਰਿਆਂ ਦੀ ਟਿਮਟਿਮਾਹਟ ,
ਦਾ ਅਹਿਸਾਸ ਦੂਰ ਖ਼ੁਦਾ ਦੀ,
ਬੰਦਗੀ 'ਚ ਲੀਨ ਰੂਹ ਨੂੰ,
ਹੋਰ ਪਾਕੀਜ਼ ਬਣਾਵੇ.
ਚੜ੍ਹਦੀ ਸੂਰਜ ਦੀ ਲਾਲੀ ਮੁੜ,
ਜੀਣ ਦਾ ਜਜ਼ਬਾਤ ਸਿਖਾਵੇ.

***

# ਕੰਨਿਆ-ਦਾਨ

ਲਵ ਕੁਮਾਰ 'ਸਰਫਰੋਸ਼'

ਸਰਕਾਰੀ ਅਧਿਆਪਕ ਨਾਰਾਇਣਗੜ

ਅੰਬਾਲਾ, ਹਰਿਆਣਾ

ਸੰਪਰਕ: 8685827332

ਸੜਕ ਬਣਾਉਣ ਵਾਲੇ

ਕਦੇ ਵੀ ਸੜਕ 'ਤੇ ਨਹੀ ਚੱਲਦੇ

ਸੜਕ ਬਣਾਉਣ ਤੋਂ ਬਾਅਦ

ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਦਾ

ਇਕ ਹੋਰ ਨਵਾਂ ਸਫ਼ਰ ਨਵੀਂ ਸੜਕ ਬਣਾਉਣ ਦਾ.

ਉਨ੍ਹਾਂ ਲਈ ਸੜਕ ਇਕ ਬੇਟੀ ਦੀ ਤਰਾਂ ਹੁੰਦੀ ਹੈ

ਜੋ ਉਸ ਦਾ ਕੰਨਿਆ-ਦਾਨ ਕਰ ਕੇ

ਤੁਰ ਜਾਂਦੇ ਹਨ

ਕਿਸੇ ਹੋਰ ਬੇਟੀ ਵਰਗੀ ਰੂਹ ਨੂੰ ਸਿਰਜਣ ਵਾਸਤੇ.

ਕਿਸਾਨ ਦੀ ਫ਼ਸਲ ਵੀ ਕੰਨਿਆ-ਦਾਨ ਦਾ

ਉਦਾਹਰਣ ਹੈ ਇਕ

ਜੋ ਉਸਦੇ ਜਵਾਨ ਹੋਣ ਜਾਂ ਫੇਰ ਪੱਕ ਜਾਣ 'ਤੇ ਵੀ

ਇਕ ਪਿਉ ਦੀ ਤਰਾਂ ਉਸਦਾ ਹੱਕਦਾਰ ਨਹੀ ਹੋ ਸਕਦਾ

ਉਸਨੂੰ ਵੀ ਤੋਰਨਾ ਹੁੰਦਾ ਹੈ ਆਪਣੀ ਫ਼ਸਲ ਨੂੰ

ਇਕ ਜਵਾਨ ਧੀ ਦੀ ਤਰਾਂ

ਆਪਣੇ ਕਲੇਜੇ ਤੇ ਕ਼ਰਜ ਦਾ ਵੱਡਾ ਪੱਥਰ ਰੱਖ ਕੇ.

ਉੱਚੇ ਉੱਚੇ ਮਹੱਲ

ਕਿਸੇ ਮਜਦੂਰ ਦੀ ਬੇਟੀ ਦੀ ਤਰਾਂ ਹੁੰਦੇ ਨੇ

ਕਿਉਂਕਿ ਜਦ ਵੀ ਘਰ ਜਾਂ ਕੋਈ ਮਹੱਲ

ਆਪਣੀ ਜਵਾਨੀ 'ਤੇ ਪਹੁੰਚਦਾ ਹੈ ਤਾਂ ਮਜਦੂਰ ਨੂੰ ਵੀ

ਛੱਡਣਾ ਪੈਂਦਾ ਹੈ ਉਹ ਘਰ ਉਸ ਦੇ ਮਾਲਕ ਵਾਸਤੇ

ਅੱਤੇ ਹਮੇਸ਼ਾ ਲਈ ਤੁਰ ਜਾਣਾ ਹੁੰਦਾ ਹੈ

ਟੁੱਟੇ ਹੋਏ ਤਾਰੇ ਦੀ ਤਰਾਂ ਕੀਤੇ ਬਹੁਤ ਦੂਰ.

ਕੰਨਿਆ-ਦਾਨ ਕੇਵਲ ਬੇਟੀ ਦਾ ਹੀ ਨਹੀਂ ਹੁੰਦਾ

ਮਜ਼ਦੂਰ ਕਿਸਾਨ ਕਾਸਤਕਾਰ ਅਤੇ

ਸੜਕ ਬਣਾਉਣ ਵਾਲੇ

ਪਤਾ ਨਹੀ ਕਿੰਨੀ 'ਕੁ ਬਾਰ

ਆਪਣੀਆਂ ਧੀਆਂ ਦੀ ਤਰ੍ਹਾਂ

ਆਪਣੀ ਸਿਰਜੀ ਹੋਈ ਕਲਾਵਾਂ ਦਾ

ਕੰਨਿਆ-ਦਾਨ ਕਰ ਚੁੱਕੇ ਹੁੰਦੇ ਨੇ

ਇਕ ਪਿਉ ਦੀ ਤਰਾਂ.

***


ਪਰਮਿੰਦਰ ਸਿੰਘ ਸ਼ੋਕੀ ਪੰਜਾਬੀ ਯੂਨੀਵਰਸਿਟੀ ਦਾ ਖੋਜਾਰਥੀ ਹੈ. ਇਸ ਤੋਂ ਪਹਿਲਾਂ ਉਸਦੀਆਂ ਪੰਜ ਕਿਤਾਬਾਂ- ਮੌਲਾਨਾ ਰੂਮੀ, ਪੂੰਜੀਵਾਦੀ ਦ੍ਰਿਸ਼ਟੀ, ਅਰਾਜਕਤਾ, ਰਾਜ ਅਤੇ ਯੂਟੋਪੀਆ, ਰਚਨਾ-ਸੰਵਾਦ ਅਤੇ ਗੁਰਬਾਣੀ: ਦਾਰਸ਼ਨਿਕ ਪਰਿਪੇਖ ਪ੍ਰਕਾਸ਼ਿਤ ਹੋ ਚੁੱਕੀਆਂ ਹਨ. ਉਹ ਪੰਜਾਬੀ ਦੀ ਪਹਿਲੀ ਈ-ਮੈਗਜ਼ੀਨ "ਅਨਹਦ" ਦਾ ਮੁੱਖ ਸੰਪਾਦਕ ਵੀ ਹੈ।
ਯੁੱਧ ਕਲਾ ਉੱਪਰ ਲਿਖੀਆਂ ਗਈਆਂ ਹੁਣ ਤੱਕ ਦੀਆਂ ਸਭ ਤੋਂ ਵੱਧ ਮਹੱਤਵਪੂਰਨ ਰਚਨਾਵਾਂ ਵਿਚ ਸ਼ਾਮਲ ਕਿਤਾਬ "ਯੁੱਧ ਕਲਾ" ਦੇ ਲੇਖਕ ਸੁਨ ਜ਼ੂ (ਚੋਂਗ ਕਿੰਗ) ਸੰਬੰਧੀ ਮੰਨਿਆ ਜਾਂਦਾ ਹੈ ਕਿ ਉਹ 544 ਬੀ.ਸੀ. ਦੇ ਕਰੀਬ ਚੀਨ ਵਿਚ ਪੈਦਾ ਹੋਇਆ ਇੱਕ ਅਜਿਹਾ ਜਰਨੈਲ ਸੀ, ਜਿਸ ਨੇ ਨਾ ਸਿਰਫ ਲੇਖਣ-ਕਲਾ, ਬਲਕਿ ਸੈਨਿਕ-ਪ੍ਰਬੰਧਾਂ ਅਤੇ ਦਰਸ਼ਨ ਦੇ ਖੇਤਰ ਵਿਚ ਵੀ ਇੱਕ ਅਹਿਮ ਸਥਾਨ ਹਾਸਿਲ ਕੀਤਾ ਹੋਇਆ ਸੀ. ਸੁਨ ਜ਼ੂ ਇੱਕ ਪੂਰਨ ਯਥਾਰਥਵਾਦੀ ਲੇਖਕ ਹੋਣ ਕਾਰਨ ਮੰਨਦਾ ਸੀ ਕਿ ਕਿਸੇ ਵੀ ਯੁੱਧ ਨੂੰ ਬਗੈਰ ਲੜੇ ਹੀ ਜਿੱਤ ਜਾਣਾ ਹੀ ਅਸਲ ਜਿੱਤ ਹੁੰਦੀ ਹੈ. ਇਸ ਲਈ ਆਪਣੀ ਇਸ ਕਿਤਾਬ ਅੰਦਰ ਉਸ ਨੇ ਯੁੱਧ ਦੇ ਜੋ ਨਿਯਮ ਅਤੇ ਸਿਧਾਂਤ ਸਾਡੇ ਸਾਹਮਣੇ ਲਿਆਂਦੇ ਹਨ, ਉਨ੍ਹਾਂ ਨੂੰ ਵੇਖਦੇ ਹੋਏ ਸੰਸਾਰ ਪ੍ਰਸਿੱਧ ਮੈਗਜ਼ੀਨ The Times ਨੇ ਇੱਕ ਵਾਰ ਆਖਿਆ ਸੀ ਕਿ- ਚੀਨੀਆਂ ਦੀ ਯੁੱਧ ਕਲਾ ਨੂੰ ਸਪੱਸ਼ਟਤਾ ਸਹਿਤ ਬਿਆਨ ਕਰਨ ਵਾਲੀ ਇਹ ਕਿਤਾਬ ਵਾਸਤਵ ਵਿਚ ਬਹੁਤ ਪ੍ਰਾਸੰਗਿਕ ਹੈ.
-ਪਰਮਿੰਦਰ ਸਿੰਘ ਸ਼ੋਕੀ
ਯੁੱਧ ਕਲਾ
ਸੁਨ ਜ਼ੂ
ਸੰਸਾਰ ਪ੍ਰਸਿੱਧ ਚੀਨੀ ਕਿਤਾਬ
'The Art of War'
ਦਾ ਪੰਜਾਬੀ ਤਰਜਮਾ
ਯੁੱਧ
ਕਲਾ
ਸੁਨ ਜ਼ੂ
ਅਨੁਵਾਦ ਅਤੇ ਸੰਪਾਦਕ
ਪਰਮਿੰਦਰ ਸਿੰਘ ਸ਼ੋਕੀ